ਐਮ.ਏ. (ਰਾਜਨੀਤੀ ਵਿਗਿਆਨ) ਭਾਗ ਪਹਿਲਾ ਪਰਚਾ ਪਹਿਲਾ

ਸਮੈਸਟਰ ਪਹਿਲਾ (ਭਾਰਤੀ ਰਾਜਨੀਤਿਕ ਚਿੰਤਨ)

ਯੂਨਿਟ ਨੰ: 1

ਪਾਠ ਨੰ:

1.1 ਪ੍ਰਾਚੀਨ ਭਾਰਤੀ ਰਾਜਨੀਤੀ ਸ਼ਾਸਤਰ ਦਾ ਅਰਥ ਪ੍ਰਕਿਰਤੀ, ਵਿਸ਼ੇਸ਼ਤਾਵਾਂ, ਖੇਤਰ ਅਤੇ ਸ਼ਬਦਾਵਲੀ ਦੀਆਂ ਸਮੱਸਿਆਵਾਂ।

1.2 ਵੈਦਿਕ ਸਹਿਤ ਵਿਚ ਰਾਜਨੀਤਿਕ ਚਿੰਤਨ ਅਤੇ ਸੰਸਥਾਵਾਂ।

1.3 ਮਹਾਂਭਾਰਤ, ਰਾਜ ਦੀ ਉਤਪਤੀ ਅਤੇ ਕਾਰਜ, ਰਾਜੇ ਦੀ ਪੋਜ਼ੀਸ਼ਨ, ਕਾਰਜ ਅਤੇ ਉਸਦਾ ਮੰਤਰੀ ਮੰਡਲ।

1.4 ਮਨੂੰ : ਜੀਵਨ ਅਤੇ ਉਸ ਦੀ ਵਿਚਾਰਧਾਰਾ

1.5 ਰਾਜ ਦੀ ਉਤਪੱਤੀ ਅਤੇ ਨਿਆਂ ਬਾਰੇ ਮਨੂੰ ਦੇ ਵਿਚਾਰ

ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ **www.pbidde.org** ਤੋਂ ਡਾਊਨਲੋਡ ਕਰਨ।

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸਭ ਹੱਕ ਰਾਖਵੇਂ ਹਨ)

**ਐਮ.ਏ.(ਰਾਜਨੀਤੀ ਵਿਗਿਆਨ)ਭਾਗ ਪਹਿਲਾ** **ਪਰਚਾ ਪਹਿਲਾ**
**(ਸਮੈਸਟਰ ਦੂਜਾ)** **ਆਧੁਨਿਕ ਭਾਰਤੀ ਰਾਜਨੀਤਿਕ ਚਿੰਤਨ**

**ਪਾਠ ਨੰ: 1.1**

# ਪ੍ਰਾਚੀਨ ਭਾਰਤੀ ਰਾਜਨੀਤੀ ਸ਼ਾਸਤਰ ਦਾ ਅਰਥ ਪ੍ਰਕਿਰਤੀ, ਵਿਸ਼ੇਸ਼ਤਾਵਾਂ ਖੇਤਰ, ਅਤੇ ਸ਼ਬਦਾਵਲੀ ਦੀਆਂ ਸਮੱਸਿਆਵਾਂ

# (Meaning Nature, Characteristics, Scope and Problem of Terminology in Ancient Indian Polity)

ਭਾਰਤੀ ਰਾਜਨੀਤਿਕ ਚਿੰਤਨ :- ਆਧੁਨਿਕ ਭਾਰਤ ਵਿਚ, ਨਾ ਤਾਂ ਰਾਜਨੀਤਿਕ ਦਰਸ਼ਨ ਨੇ ਅਤੇ ਨਾ ਹੀ ਰਾਜਨੀਤੀ ਵਿਗਿਆਨ ਨੇ ਓਨਾ ਵਿਕਾਸ ਕੀਤਾ ਹੈ ਜਿੰਨਾ ਕਿ ਕਰਨਾ ਚਾਹੀਦਾ ਸੀ। ਅਜਿਹਾ ਇਸ ਲਈ ਹੈ ਕਿਉਂਕਿ ਨਾ ਤਾਂ ਰਾਜਨੀਤਿਕ ਟੀਚੇ ਹੀ ਸਪੱਸ਼ਟ ਤੌਰ ਤੇ ਉਚਾਰੇ ਗਏ ਸਨ ਅਤੇ ਨਾ ਹੀ ਰਾਜਨੀਤਿਕ ਖੋਜ ਕਿਸੇ ਅਹਿਮ ਹੱਦ ਤਕ ਵਿਕਸਿਤ ਹੋਈ। ਇਸੇ ਕਰਕੇ ਭਾਰਤੀ ਰਾਜਨੀਤਿਕ, ਵਿਚਾਰਧਾਰਾ ਅਤੇ ਸੰਸਥਾਵਾਂ ਦਾ ਅਧਿਐਨ ਏਨਾ ਸਰਲ ਨਹੀਂ ਜਿੰਨਾ ਕਿ ਸਮਕਾਲੀਨ ਯੂਰਪੀਅਨ ਦਰਸ਼ਨ ਅਤੇ ਸੰਸਥਾਵਾਂ ਦਾ ਹੈ। ਪਰ ਜਦੋਂ ਅਸੀਂ ਪ੍ਰਾਚੀਨ ਭਾਰਤੀ ਰਾਜਨੀਤੀ ਸ਼ਾਸਤਰ ਦੇ ਵਿਗਿਆਨ ਦੀ ਅਸਲੀਅਤ ਵੱਲ ਆਉਂਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਇਹ ਕਾਫ਼ੀ ਹੱਦ ਤਕ ਵਿਕਸਿਤ ਹੈ। ਰਾਜਨੀਤਿਕ ਵਿਚਾਰਧਾਰਾ ਦੇ ਵਿਦਿਆਰਥੀਆਂ ਵਿਚ ਇਹ ਆਮ ਧਾਰਣਾ ਹੈ ਕਿ ਰਾਜਨੀਤਿਕ ਚਿੰਤਨ ਦੇ ਸੰਸਾਰ ਵਿਚ ਪੱਥ ਪ੍ਰਦਰਸ਼ਨ ਯੂਨਾਨੀਆਂ (Greeks) ਨੇ ਕੀਤਾ ਹੈ। ਸਰ ਅਰਨੈਸਟ ਬਾਰਕਰ ਨੇ ਆਪਣੀ ਪ੍ਰਸਿੱਧ ਕਿਤਾਬ "ਯੂਨਾਨੀ ਰਾਜਨੀਤਿਕ ਸਿਧਾਂਤ ਪਲੈਟੋ ਅਤੇ ਉਸ ਦੇ ਪੂਰਵਜ" ਵਿਚ ਆਰੰਭਿਕ ਸਤਰਾਂ ਵਿਚ ਲਿਖਿਆ ਹੈ ਕਿ 'ਰਾਜਨੀਤਿਕ ਚਿੰਤਨ ਯੂਨਾਨੀਆਂ ਤੋਂ ਆਰੰਭ ਹੁੰਦਾ ਹੈ, ਇਸ ਦਾ ਭਾਵ ਇਹ ਹੈ ਕਿ ਹੋਰ ਲੋਕਾਂ ਨੇ ਆਪਣੀ ਬੁੱਧੀ ਦੀ ਵਰਤੋਂ ਇਸ ਦਿਸ਼ਾ ਵਿਚ ਨਹੀ ਕੀਤੀ ਅਤੇ ਪ੍ਰਾਚੀਨ ਯੂਨਾਨੀਆਂ ਨੇ ਹੀ ਉਸ ਰਾਜਨੀਤਿਕ ਸ਼ਬਦਾਵਲੀ ਦੀ ਖੋਜ ਕੀਤੀ ਹੈ ਜਿਸ ਨੂੰ ਰਾਜਨੀਤੀ ਵਿਗਿਆਨੀ ਅੱਜ ਤੱਕ ਵਰਤ ਰਹੇ ਹਨ। ਇਹ ਬਹੁਤ ਦੁਖ ਦੀ ਗੱਲ ਹੈ ਕਿ ਪੱਛਮ ਦੇ ਲੋਕ ਪ੍ਰਾਚੀਨ ਭਾਰਤ ਵਿਚ ਤਿਆਰ ਕੀਤੇ ਗਏ ਵਿਸ਼ਾਲ ਰਾਜਨੀਤਿਕ ਸਾਹਿਤ ਤੋਂ ਅਨਜਾਣ ਸਨ। ਉਹਨਾਂ ਨੂੰ ਸਾਡੇ ਦੇਸ਼ ਵਿਚ, ਪਲੈਟੋ ਅਤੇ ਅਰਸਤੂ ਤੋਂ ਸਦੀਆਂ ਪਹਿਲਾਂ ਪ੍ਰਫੁੱਲਤ, ਰਾਜਨੀਤਿਕ ਵਿਚਾਰਾਂ ਦੇ ਅਨੇਕਾਂ ਸਕੂਲਾਂ ਬਾਰੇ ਵੀ ਜਾਣਕਾਰੀ ਨਹੀਂ ਸੀ। ਜਿਹੜੇ ਇਸ ਤੱਥ ਤੋਂ ਵਾਕਿਫ਼ ਸਨ, ਉਹ ਬੀ.ਏ. ਸਾਲਤੋਰ ਦੇ ਵਿਚਾਰਾਂ ਨਾਲ ਸਹਿਮਤ ਹੋਣਗੇ ਜਿਸ ਨੇ ਕਿਹਾ ਹੈ ਕਿ, "ਪ੍ਰਾਚੀਨ ਭਾਰਤੀ ਰਾਜਨੀਤਿਕ ਵਿਚਾਰਧਾਰਾ ਦਾ ਇਤਿਹਾਸ ਉਹਨਾਂ ਮਹਾਨ ਮਨਾਂ (ਵਿਦਵਾਨਾਂ) ਦੀ ਕਹਾਣੀ ਹੈ, ਜਿਨ੍ਹਾਂ ਨੇ ਰਾਜਨੀਤਿਕ ਸੰਸਥਾਵਾਂ ਵਿਕਸਿਤ ਕੀਤੀਆਂ ਅਤੇ ਲਗਭਗ ਤਿੰਨ ਹਜ਼ਾਰ ਵਰ੍ਹਿਆਂ ਦੇ ਲਈ ਹਿੰਦੂ ਸਮਾਜ ਦੀ ਅਗਵਾਈ ਕੀਤੀ।" ਸਾਡੀ ਸੁਤੰਤਰ ਤੇ ਵਿਸਤਰਿਤ ਵਿਚਾਰਧਾਰਾ ਬਾਰੇ ਭਾਵਨਾਵਾਂ ਪ੍ਰਗਟ ਕਰਦੇ ਹੋਏ ਡਾਕਟਰ ਯੂ.ਐਨ. ਘੋਸ਼ਾਲ ਆਖਦੇ ਹਨ ਕਿ ਪ੍ਰਾਚੀਨ ਹਿੰਦੂ ਅਜਿਹੇ ਲੋਕਾਂ ਦੀ ਸ਼ਰੇਣੀ ਨਾਲ ਸੰਬੰਧਿਤ ਸਨ ਜਿਹਨਾਂ ਨੇ ਰਾਜਨੀਤਿਕ ਵਿਚਾਰਧਾਰਾ ਦੀਆਂ ਮੌਲਿਕ ਪ੍ਰਣਾਲੀਆਂ ਦੇ ਬਾਨੀ ਦੇ ਰੂਪ ਵਿਚ ਇਤਿਹਾਸ ਦੇ ਪੰਨਿਆਂ ਤੇ ਆਪਣੀ ਛਾਪ ਛੱਡੀ। ਪਰ ਇਸ ਦੇ ਨਾਲ ਹੀ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਸਾਡੀ ਪੁਰਾਤਨ ਹਿੰਦੂ ਵਿਚਾਰਧਾਰਾ ਨੇ ਮੌਲਿਕ ਹੋਣ ਦੇ ਬਾਵਜੂਦ ਵੀ ਸੰਸਾਰ ਦੇ ਰਾਜਨੀਤਿਕ ਚਿੰਤਨ ਅਤੇ ਪੱਛਮੀ ਰਾਜਨੀਤਿਕ ਰਵਾਇਤ ਵਿਚ ਬਹੁਤ ਹੀ ਘੱਟ ਯੋਗਦਾਨ

ਪਾਇਆ ਹੈ।

ਸਾਡੇ ਵਿਚਾਰਾਂ ਦਾ ਦਰਸ਼ਨ (ਫਲਸਫਾ) ਸਾਡੇ ਧਾਰਮਿਕ ਗਰੰਥਾਂ ਵਿਚ ਖਿਲਰਿਆ ਪਿਆ ਹੈ ਜਿਵੇਂ ਕਿ ਰਿਗ, ਯੱਜੁਰ ਅਤੇ ਸਾਮ ਵੇਦ, ਸਤਪਥ, ਐਤ੍ਰਯ ਅਤੇ ਤ੍ਰੈਤੇਯ ਬ੍ਰਾਹਮਣ, ਰਾਮਾਇਣ ਅਤੇ ਮਹਾਂਭਾਰਤ, ਮਨੂੰ ਅਤੇ ਯਜਨਵਾਕਿਯ ਦੀਆਂ ਸਿਮਰਤੀਆਂ ਅਤੇ ਹੋਰ ਕਈ ਗਰੰਥ ਸਾਨੂੰ ਹਿੰਦੂ ਰਾਜਨੀਤੀ ਸ਼ਾਸਤਰ ਦੇ ਪ੍ਰਾਚੀਨ ਵਿਗਿਆਨ ਦੀ ਜਾਣਕਾਰੀ ਦਿੰਦੇ ਹਨ। ਪਰ ਕੌਟਲਿਆ ਦੇ ਅਰਥ ਸ਼ਾਸਤਰ ਦੀ ਖੋਜ ਤੋਂ ਪਹਿਲਾਂ ਪੱਛਮੀ ਵਿਦਵਾਨਾਂ ਨੂੰ ਸਾਡੀ ਵਿਚਾਰਧਾਰਾ ਬਾਰੇ ਕੋਈ ਬਹੁਤਾ ਗਿਆਨ ਨਹੀਂ ਸੀ। ਇਸ ਗਰੰਥ ਨੇ ਉਹਨਾਂ ਪੱਛਮੀ ਆਲੋਚਕਾਂ ਨੂੰ ਹਮੇਸ਼ਾ ਲਈ ਚੁੱਪ ਕਰਵਾ ਦਿੱਤਾ ਹੈ, ਜਿਹਨਾਂ ਅਨੁਸਾਰ ਭਾਰਤੀਆਂ ਕੋਲ ਰਾਜਨੀਤੀ ਵਿਗਿਆਨ ਦੀ ਇਕ ਵੱਖਰੇ ਗਿਆਨ ਵਜੋਂ ਹੋਂਦ ਨਹੀਂ ਸੀ। ਇਸ ਕਰਕੇ ਹੀ ਡਰੈਕਮਾਇਰ ਚਾਰਲਸ ਨੇ ਆਪਣੀ ਪੁਸਤਕ "ਕਿੰਗਸ਼ਿਪ ਐਂਡ ਕਮਿਊਨਿਟੀ ਇਨ ਅਰਲੀ ਇੰਡੀਆ" ਵਿਚ ਟਿੱਪਣੀ ਦਿੱਤੀ ਹੈ ਕਿ ਧਰਮ ਦੇ ਪ੍ਰਮੁੱਖ ਪ੍ਰਭਾਵ ਦੇ ਬਾਵਜੂਦ ਪ੍ਰਾਚੀਨ ਭਾਰਤ ਦਾ ਰਾਜਨੀਤਿਕ ਸਾਹਿਤ ਦੇ ਖੇਤਰ ਵਿਚ ਵੀ ਮਹਾਨ ਯੋਗਦਾਨ ਹੈ। ਇਹਨ੍ਹਾਂ ਸਾਰੀਆਂ ਟਿੱਪਣੀਆਂ ਅਤੇ ਰਾਜਨੀਤਿਕ ਚਿੰਤਨ ਨਾਲ ਸਬੰਧਿਤ ਸਾਹਿਤ ਦੀ ਹੋਂਦ ਕਰਕੇ ਹੁਣ ਕੋਈ ਵਿਦਵਾਨ ਸੰਜੀਦਗੀ ਨਾਲ ਇਹ ਚੁਣੌਤੀ ਨਹੀਂ ਦੇ ਸਕਦਾ ਕਿ ਪ੍ਰਾਚੀਨ ਭਾਰਤੀ ਵਿਚ ਰਾਜਨੀਤੀ ਸ਼ਾਸਤਰ ਦੇ ਗਿਆਨ ਦੀ ਅਣਹੋਂਦ ਸੀ ਅਤੇ ਬਲੂਮਫੀਲਡ ਦੇ ਇਸ ਵਿਚਾਰ ਨਾਲ ਵੀ ਕੋਈ ਵੀ ਸਹਿਮਤ ਨਹੀਂ ਹੋਵੇਗਾ ਕਿ ਪ੍ਰਾਚੀਨ ਹਿੰਦੂ ਚਿੰਤਕਾਂ ਨੂੰ ਰਾਜ ਦੇ ਹਿਤਾਂ ਤੇ ਰਾਸ਼ਟਰ ਦੇ ਵਿਕਾਸ ਦੇ ਖੇਤਰ ਵਿਚ ਕੋਈ ਦਿਲਚਸਪੀ ਨਹੀਂ ਸੀ। ਸਗੋਂ ਇਹਨਾਂ ਸਾਰੀਆਂ ਰਚਨਾਵਾਂ ਉੱਤੇ ਨਜ਼ਰ ਮਾਰਨ ਉਪਰੰਤ ਇਸ ਗੱਲ ਦਾ ਨਿਸ਼ਚਾ ਹੋ ਜਾਂਦਾ ਹੈ ਕਿ ਹਿੰਦੂ ਕੌਮ ਨੇ ਪ੍ਰਾਚੀਨ ਭਾਰਤ ਵਿਚ ਅਨੇਕਾਂ ਕਿਸਮ ਦੀਆਂ ਸ਼ਾਸਨ ਪ੍ਰਣਾਲੀਆਂ ਬਾਰੇ ਤਜਰਬੇ ਕੀਤੇ।

## ਸ਼ਬਦਾਵਲੀ ਦੀ ਸਮੱਸਿਆ

ਪ੍ਰਾਚੀਨ ਭਾਰਤ ਵਿਚ ਰਾਜਨੀਤਿਕ ਵਿਚਾਰਧਾਰਾ ਦੀ ਹੋਂਦ ਸੰਬੰਧੀ ਭੁਲੇਖੇ ਦਾ ਮੁੱਖ ਕਾਰਨ ਇਹ ਹੈ ਕਿ ਸਰਕਾਰ ਦੇ ਵਿਗਿਆਨ ਨਾਲ ਸੰਬੰਧਿਤ ਗਿਆਨ ਦੀ ਸ਼ਾਖਾ ਦਾ ਉਦੋਂ ਕੋਈ ਇਕ ਅਤੇ ਨਿਸ਼ਚਿਤ ਅਰਥ ਨਹੀਂ ਸੀ ਲਿਆ ਜਾਂਦਾ ਅਤੇ ਇਸ ਦੇ ਅਣਗਿਣਤ ਨਾਮ ਵੀ ਸਨ। ਧਰਮ ਸ਼ਾਸਤਰ ਸਾਹਿਤ ਵਿਚ ਇਸ ਨੂੰ ਆਮ ਤੌਰ ਤੇ 'ਰਾਜ ਧਰਮ' ਆਖਦੇ ਹਨ। ਮਹਾਂਭਾਰਤ ਵਿਚ ਇਸ ਨੂੰ 'ਰਾਜ ਸ਼ਾਸਤਰ', 'ਦੰਡ ਨੀਤੀ' ਅਤੇ ਅਰਥ ਸ਼ਾਸਤਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕੌਟਲਿਆ ਵੀ ਇਸ ਨੂੰ ਅਰਥ ਸ਼ਾਸਤਰ ਦਾ ਨਾਮ ਦਿੰਦਾ ਹੈ। ਆਰਥਿਕ ਕਿਰਿਆਵਾਂ ਨਾਲੋਂ ਕਿਧਰੇ ਜ਼ਿਆਦਾ ਵਿਸ਼ਾਲ ਹੈ। ਕੌਟਲਿਆ ਨੇ ਇਸ ਸਿਰਲੇਖ ਜਾਂ ਨਾਮ ਨੂੰ ਯੋਗ ਠਹਿਰਾਉਣ ਦੀ ਕੋਸ਼ਿਸ਼ ਇਸ ਆਧਾਰ ਤੇ ਕੀਤੀ ਕਿ "ਅਰਥ" ਸ਼ਬਦ ਤੋਂ ਭਾਵ ਜ਼ਮੀਨ ਜਾਂ ਇਲਾਕੇ ਤੋਂ ਲਿਆ ਜਾਂਦਾ ਹੈ ਜਿੱਥੇ ਲੋਕ ਇਕੱਠੇ ਰਹਿੰਦੇ ਹਨ। ਅਰਥ ਸ਼ਾਸਤਰ ਉਹ ਵਿਗਿਆਨ ਹੈ ਜਿਸ ਦਾ ਸੰਬੰਧ ਇਲਾਕਾ ਗ੍ਰਹਿਣ ਕਰਨ, ਸੁਰੱਖਿਅਤ ਰੱਖਣ ਅਤੇ ਰਾਜ ਪ੍ਰਬੰਧ ਨਾਲ ਹੈ। ਬਾਅਦ ਵਿਚ, ਇਸ ਦਲੀਲ ਨੂੰ ਕੌਟਲਿਆ ਦੇ ਸਮਕਾਲੀਆਂ ਅਤੇ ਉੱਤਰਾਧਿਕਾਰੀਆਂ ਨੇ ਪ੍ਰਵਾਨ ਕੀਤਾ। ਪੰਚਤੰਤਰ ਦੇ ਪਹਿਲੇ ਆਰੰਭਕ ਪਦ ਵਿਚ ਇਸ ਵਿਗਿਆਨ ਨੂੰ 'ਨਰਿਪਾਸ਼ਾਸਤਰ ਕਿਹਾ ਗਿਆ ਹੈ ਪਰ ਉਸ ਦੇ ਅਗਲੇ ਹੀ ਪਦ ਵਿਚ ਗਿਆਨ (ਰਾਜਨੀਤੀ) ਦੀ ਉਸ ਸ਼ਾਖ ਲਈ, ਆਮ ਤੌਰ ਤੇ ਵਰਤੇ ਜਾਣ ਵਾਲੇ ਸ਼ਬਦ ਅਰਥ ਸ਼ਾਸਤਰ' ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਬਾਅਦ ਇਕ ਹੋਰ ਨਾਂ 'ਨੀਤੀ ਸ਼ਾਸਤਰ' ਹਰਮਨ ਪਿਆਰਾ ਹੋਇਆ। ਸ਼ੁਕਰ ਨੇ ਰਾਜਨੀਤੀ ਨਾਲ ਸੰਬੰਧਿਤ ਆਪਣੇ ਗਰੰਥ ਦਾ ਨਾਂ 'ਨੀਤੀਸਾਰ' ਰਖਿਆ। ਨੀਤੀ ਸ਼ਬਦ ਧਾਰਮਿਕ ਜਾਂ ਆਰਥਿਕ ਨੂੰ ਰਾਜਨੀਤੀ ਨਾਲੋਂ ਅੱਡ ਕਰਨ ਤੇ ਅਤੇ ਰਾਜਨੀਤੀ ਪ੍ਰਤੀ ਨੈਤਿਕ ਦ੍ਰਿਸ਼ਟੀਕੋਣ ਦੀ ਮਹੱਤਤਾ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਇਹ ਨਾਂ ਕਾਫ਼ੀ ਹੱਦ ਤਕ ਤਰਕਸ਼ੀਲ ਅਤੇ ਢੁੱਕਵਾਂ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਆਮ ਤੌਰ ਤੇ ਮੰਨ ਲਿਆ ਗਿਆ ਹੈ ਕਿ ਰਾਜ ਦਾ ਆਧਾਰ ਨੈਤਿਕ ਹੈ ਅਤੇ ਰਾਜੇ ਨੂੰ ਆਪਣਾ ਪ੍ਰਬੰਧ ਚਲਾਉਣ ਸਮੇਂ ਨੈਤਿਕ ਮੁੱਲਾਂ ਨੂੰ ਕਦੇ

ਵੀ ਅੱਖੋਂ ਉਹਲੇ ਨਹੀ ਕਰਨਾ ਚਾਹੀਦਾ ਹੈ। ਪਰ ਜਦੋਂ ਰਾਜ ਪ੍ਰਬੰਧ ਦੀ ਵਿਸ਼ੇਸ਼ਤਾ ਧਰਮ ਤੋਂ ਬਦਲ ਕੇ ਦੰਡ ਵੱਲ ਹੋ ਗਈ ਤਾਂ ਇਸ ਨੂੰ ਕਦੇ ਵੀ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ ਹੈ। ਪਰ ਜਦੋਂ ਰਾਜ ਪ੍ਰਬੰਧ ਦੀ ਵਿਸ਼ੇਸ਼ਤਾ ਧਰਮ ਤੋਂ ਬਦਲ ਕੇ ਦੰਡ ਵੱਲ ਹੋ ਗਈ ਤਾਂ ਇਸ ਨੂੰ 'ਦੰਡ ਨੀਤੀ' ਕਿਹਾ ਜਾਣ ਲਗ ਪਿਆ।

ਇਸ ਵਿਗਿਆਨ ਦਾ ਨਾਂ 'ਦੰਡਨੀਤੀ' ਹੋਣ ਦੇ ਹਵਾਲੇ ਸਾਨੂੰ ਮਹਾਂਭਾਰਤ ਅਤੇ ਕੌਟਲਿਆ ਦੇ ਅਰਥ ਸ਼ਾਸਤਰ ਵਿਚ ਵੀ ਮਿਲਦੇ ਹਨ। ਪੁਰਾਣਾਂ ਵਿਚ ਵੀ ਇਸ ਸ਼ਾਸਤਰ ਨੂੰ 'ਦੰਡ ਨੀਤੀ' ਹੀ ਕਿਹਾ ਗਿਆ ਹੈ। ਆਮ ਮੰਨੇ ਜਾਣ ਵਾਲੇ ਨਾਮ 'ਦੰਡ ਨੀਤੀ' ਤੋਂ ਇਲਾਵਾ ਇਸ ਵਿਗਿਆਨ ਦੇ ਹੋਰ ਨਾਮ ਜੋ ਕਿ ਪੁਰਾਣ ਵਿਚ ਹੀ ਮਿਲਦੇ ਹਨ ਉਹ ਹਨ-'ਰਾਜ ਧਰਮ' ਅਤੇ 'ਅਰਥ ਸ਼ਾਸਤਰ'।

ਉਪਰੋਕਤ ਤੱਥਾਂ ਨੂੰ ਘੋਖਣ ਤੋਂ ਬਾਅਦ ਇਹ ਸੰਕੇਤ ਮਿਲਦਾ ਹੈ ਕਿ ਭਾਵੇਂ ਵੱਖ ਵੱਖ ਲਿਖਤਾਂ ਵਿਚ, ਵੱਖ ਵੱਖ ਲਿਖਾਰੀਆਂ ਨੇ ਅੱਡ-ਅੱਡ ਨਾਵਾਂ ਦੀ ਵਰਤੋਂ ਕੀਤੀ ਹੈ, ਪਰ ਇਹ ਸਾਰੇ ਵਿਭਿੰਨ ਨਾਮ ਗਿਆਨ ਦੀ ਉਸ ਸ਼ਾਖ ਲਈ ਸਨ ਜਿਸ ਦਾ ਵਿਸ਼ਾ ਵਸਤੂ ਰਾਜ ਅਤੇ ਸਰਕਾਰ ਸੀ। ਸੋ ਇਸ ਨੂੰ ਇਕ ਵੱਖਰੇ ਵਿਗਿਆਨ ਵਜੋਂ ਮਾਨਤਾ ਦਿੱਤੀ ਜਾ ਸਕਦੀ ਹੈ।

## ਅਰਥ ਅਤੇ ਖੇਤਰ (Meaning and Scope)

**ਨੀਤੀ ਸ਼ਾਸਤਰ** : ਇਹ ਨਾਮ ਪ੍ਰਾਚੀਨ ਰਾਜਨੀਤੀ ਸ਼ਾਸਤਰ ਦੇ ਵਿਗਿਆਨ ਨੂੰ ਦਿੱਤੇ ਗਏ ਨਾਮਾਂ ਵਿਚੋਂ ਇਕ ਹੈ। ਗਿਆਨ ਦੀ ਇਹ ਸ਼ਾਖਾ ਉਹਨਾਂ ਨਿਯਮਾਂ ਅਤੇ ਕਾਨੂੰਨਾਂ ਨਾਲ ਸੰਬੰਧਿਤ ਹੈ, ਜਿਹਨਾਂ ਦੁਆਰਾ ਵਿਅਕਤੀ ਅਤੇ ਸਮਾਜ ਦੀ ਸਹੀ ਅਗਵਾਈ ਅਤੇ ਸੁਰੱਖਿਆ ਕਰਨ ਵਿਚ ਸਹਾਇਤਾ ਮਿਲਦੀ ਹੈ। ਭਰਥਰੀ ਨੇ ਪਹਿਲੀ ਵਾਰੀ ਇਸ ਸ਼ਬਦ ਦੀ ਵਰਤੋਂ ਕੀਤੀ। ਉਸ ਨੇ ਇਕ ਕਿਤਾਬ 'ਨੀਤੀ ਸ਼ਾਸਤਰ' ਲਿਖੀ ਜੋ ਕਿ ਚੰਗੇ ਆਚਰਣ ਦੇ ਵਿਗਿਆਨ ਨਾਲ ਸੰਬੰਧਿਤ ਸੀ। ਇਹ ਨਾਮ ਪੰਦਰਵੀਂ ਸਦੀ ਵਿਚ ਬਹੁਤ ਹਰਮਨ ਪਿਆਰਾ ਹੋਇਆ। ਰਾਜ ਸ਼ਾਸਤਰ ਅਤੇ ਰਾਜ ਧਰਮ ਆਦਿ ਨਾਮ ਤਾਂ ਬਾਅਦ ਵਿਚ ਜਾ ਕੇ ਪ੍ਰਚਲਿਤ ਹੋਏ। ਨੀਤੀ ਸ਼ਬਦ ਦਾ ਨਿਕਾਸ 'ਨੀ' ਤੋਂ ਹੋਇਆ ਹੈ ਜਿਸ ਦਾ ਭਾਵ ਹੈ ਅਗਵਾਈ ਕਰਨਾ। ਇਸ ਲਈ ਨੀਤੀ ਦਾ ਭਾਵ ਹੈ ਸਹੀ 'ਮਾਰਗ ਦਰਸ਼ਨ' ਅਤੇ ਅਗਵਾਈ ਜੋ ਕਿ ਤਾਂ ਹੀ ਸੰਭਵ ਹੋ ਸਕਦੀ ਹੈ ਜੇਕਰ ਆਚਰਣ ਦੇ ਸਦਾਚਾਰਕ ਢੰਗ ਨੂੰ ਅਪਣਾਇਆ ਜਾਵੇ। ਇਸ ਕਰਕੇ ਨੀਤੀ ਸ਼ਾਸਤਰ ਦੇ ਇਸ ਵਿਗਿਆਨ ਨੂੰ ਸਦਾਚਾਰ ਦਾ ਵਿਗਿਆਨ ਵੀ ਕਿਹਾ ਗਿਆ ਕਿਉਂਕਿ ਸਦਾਚਾਰਕ ਮਿਆਰ ਰਾਜ ਦੀ ਅੰਦਰੂਨੀ ਅਤੇ ਬਾਹਰੀ ਨੀਤੀ ਦੀ ਅਗਵਾਈ ਕਰਨ ਵਾਲੀ ਤਾਕਤ ਸਨ, ਇਸੇ ਕਰਕੇ ਇਸ ਸ਼ਬਦ ਦੀ ਵਰਤੋਂ ਸਰਕਾਰ ਦੇ ਵਿਗਿਆਨ ਵਜੋਂ ਕੀਤੀ ਜਾਣ ਲਗ ਪਈ। ਇਹੋ ਕਾਰਨ ਹੈ ਕਿ ਕਮੰਦਕ ਅਤੇ ਸ਼ੁਕਰ ਆਪਣੇ ਗ੍ਰੰਥਾਂ ਨੂੰ 'ਦੰਡ-ਨੀਤੀ' ਜਾਂ 'ਅਰਥ ਸ਼ਾਸਤਰ' ਦੀ ਬਜਾਏ 'ਨੀਤੀ ਉੱਤੇ ਗ੍ਰੰਥ' ਕਹਿਣਾ ਬਿਹਤਰ ਸਮਝਦੇ ਹਨ। ਨੀਤੀ ਸ਼ਾਸਤਰ ਦਾ ਖੇਤਰ ਉਹੀ ਹੈ ਜੋ ਕਿ ਸਰਕਾਰ ਦਾ ਖੇਤਰ ਹੈ ਭਾਵ ਸਮਾਜ ਦੀ ਖੁਸ਼ਹਾਲੀ, ਸਰਬ-ਪੱਖੀ ਉੱਨਤੀ ਅਤੇ ਸੁਧਾਰ ਕਰਨਾ ਸ਼ੁਕਰਨੀਤੀ ਵਿਚ ਸ਼ੁਕਰ ਨੇ ਇਹ ਸਪੱਸ਼ਟ ਤੌਰ ਤੇ ਦੱਸਿਆ ਹੈ ਕਿ ਸਮਾਜ ਦੀ ਹਰੇਕ ਦਿਸ਼ਾ ਵਿਚ ਪ੍ਰਗਤੀ ਅਤੇ ਸਥਿਰਤਾ ਦੇ ਲਈ ਨੀਤੀ ਕਿਵੇਂ ਜ਼ਰੂਰੀ ਹੈ ਅਤੇ ਨੀਤੀਸਾਰ ਮਨੁੱਖੀ ਜੀਵਨ ਦੇ ਚਾਰ ਉੱਦੇਸ਼ਾਂ ਭਾਵ ਧਰਮ, ਅਰਥ, ਕਾਮ ਅਤੇ ਮੋਕਸ਼ ਦੀ ਪ੍ਰਾਪਤੀ ਕਿਵੇਂ ਸੰਭਵ ਬਣਾਉਣੀ ਹੈ। ਇਸ ਲਈ ਸ਼ੁਕਰ ਨੀਤੀ ਨੂੰ ਰਾਜਨੀਤੀ ਉੱਤੇ ਸਭ ਤੋਂ ਉੱਤਮ ਹਿੰਦੂ ਗ੍ਰੰਥ ਮੰਨਣਾ ਜਾਇਜ਼ ਹੀ ਹੈ।

# ਰਾਜ ਧਰਮ

## ਧਰਮ ਸ਼ਾਸਤਰ ਵਿਚ ਰਾਜ ਧਰਮ :

ਧਰਮ ਸ਼ਾਸਤਰ ਕਾਲ ਵਿਚ ਵਿਭਿੰਨ ਵਿਦਵਾਨਾਂ ਦੁਆਰਾ ਰਾਜਨੀਤੀ ਸ਼ਾਸਤਰ ਦੇ ਵਿਗਿਆਨ ਨਾਲ ਸੰਬੰਧਿਤ ਰਚੇ ਗਏ ਸਾਹਿਤ ਨੂੰ 'ਰਾਜ ਧਰਮ' ਦਾ ਨਾਮ ਦਿੱਤਾ ਗਿਆ ਹੈ। ਪ੍ਰਾਚੀਨ ਭਾਰਤ ਵਿਚ ਰਾਜਨੀਤਿਕ ਵਿਚਾਰਧਾਰਾ ਦੀ ਨੀਂਹ ਵੈਦਿਕ ਕਾਲ ਵਿਚ ਰਖੀ ਗਈ। ਧਰਮ ਸ਼ਾਸਤਰ ਸਾਹਿਤ ਦਾ ਯੁਗ, ਜੋ ਕਿ ਇਸ ਤੋਂ ਬਾਅਦ ਦਾ ਸਮਾਂ ਹੈ ਇਸ ਦੇ ਵਿਕਾਸ ਦਾ ਸਮਾਂ ਜਾਂ ਕਾਲ ਹੈ। ਡਾਕਟਰ ਯੂ.ਐਨ. ਘੋਸ਼ਾਲ ਦੇ ਮਤ ਅਨੁਸਾਰ ਇਸ ਸਾਹਿਤ ਦਾ ਰਚਨਾ ਕਾਲ 900 ਈਸਾ ਪੂਰਵ 800 ਈਸਵੀ ਤੱਕ ਮੰਨਿਆ ਜਾ ਸਕਦਾ ਹੈ। ਇਸ ਕਾਲ ਵਿਚ ਨਾ ਸਿਰਫ 'ਧਰਮ' ਦੀ ਧਾਰਨਾ ਦਾ ਹੀ ਸਹੀ ਢੰਗ ਨਾਲ ਸੂਤਰੀ ਕਰਣ ਤੇ ਵਿਕਾਸ ਹੀ ਹੋਇਆ ਸਗੋਂ ਰਾਜਨੀਤੀ ਸ਼ਾਸਤਰ ਤੇ ਵਿਗਿਆਨ ਦੇ ਸਾਹਿਤ ਦਾ ਨਿਰਮਾਣ ਵੀ ਇਸੇ ਕਾਲ ਵਿਚ ਹੋਇਆ। ਗੌਤਮ, ਵਿਸ਼ਨੂੰ, ਵਸ਼ਿਸ਼ਟ, ਨਾਰਦ, ਯਜਨਾਵਾਕਯ ਅਤੇ ਮਨੂੰ ਮੰਨੇ ਪ੍ਰਮੰਨੇ ਧਰਮ ਸ਼ਾਸਤਰੀ ਰਾਜਨੀਤਿਕ ਵਿਚਾਰਕਾਂ ਵਿਚੋਂ ਕੁਝ ਮੁੱਖ ਹਨ। ਦੋ ਮਹਾਂ ਕਾਵਿ ਮਹਾਂਭਾਰਤ ਤੇ ਰਾਮਾਇਣ ਅਤੇ ਮਨੂੰ ਤੇ ਯਜਨਾਵਾਕਯ ਦੀਆਂ ਸਿਮਰਤੀਆਂ ਵੀ ਇਸੇ ਹੀ ਕਾਲ ਵਿਚ ਕਲਮਬਧ ਕੀਤੀਆਂ ਗਈਆਂ। ਇਹਨਾਂ ਗ੍ਰੰਥਾਂ ਤੋਂ ਸਾਨੂੰ ਉਸ ਸਮੇਂ ਦੀਆਂ ਰਾਜਨੀਤਿਕ ਅਤੇ ਨੈਤਿਕ ਸੰਸਥਾਵਾਂ ਬਾਰੇ ਕਾਫ਼ੀ ਜ਼ਿਆਦਾ ਜਾਣਕਾਰੀ ਮਿਲਦੀ ਹੈ। ਰਿਗਵੇਦ ਵਿਚ 'ਧਰਮ' ਨੂੰ 'ਕਾਨੂੰਨ' ਜਾਂ 'ਰਿਵਾਜ' ਦੇ ਅਰਥ ਵਿਚ ਵਰਤਿਆ ਗਿਆ। ਪਰ ਜਲਦੀ ਹੀ ਸ਼ਬਦ 'ਧਰਮ' ਨੇ ਵਿਸ਼ਾਲ ਅਰਥ ਧਾਰਨ ਕਰ ਲਿਆ ਮੰਨਿਆ ਜਾਣ ਲਗਾ ਕਿ ਧਰਮ 'ਸਚਾਈ' ਹੈ, ਧਰਮ 'ਨੈਤਿਕਤਾ' ਹੈ। ਦਾਨਸ਼ੀਲਤਾ, ਪਵਿੱਤਰਤਾ ਅਤੇ ਸਾਦਗੀ ਸਭ 'ਧਰਮ' ਦੇ ਗੁਣ ਜਾਂ ਲੱਛਣ ਮੰਨੇ ਜਾਣ ਲੱਗ ਪਏ ਅਤੇ ਇਹ ਵੀ ਕਿ ਸਾਰਾ ਧਾਰਮਿਕ ਕਾਰ-ਵਿਹਾਰ ਉਸ ਰਚਣਹਰ ਪ੍ਰਮਾਤਮਾ ਦੀ ਇੱਛਾ ਦਾ ਹੀ ਫਲ ਹੈ। ਧਰਮ ਹੀ ਕਾਨੂੰਨ ਹੈ, ਇਨਸਾਫ਼ ਹੈ ਅਤੇ ਉਹ ਸਿੱਧਾਂਤ ਵੀ ਜੋ ਕਿ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ। ਮਾਨਵ ਸਮਾਜ ਦੀ ਧੁਰੀ 'ਧਰਮ' ਹੀ ਹੈ। ਰਾਜਨੀਤੀ ਸਮੇਤ ਕੁਝ ਵੀ 'ਧਰਮ' ਤੋਂ ਉਪਰ ਨਹੀਂ। ਧਰਮ ਸ਼ਾਸਤਰ ਦੇ ਵਿਦਵਾਨਾਂ ਦਾ ਮੱਤ ਹੈ ਕਿ ਧਰਮ ਮਨੁਖੀ ਸਮਾਜ ਦਾ ਸਹਾਇਕ ਹੈ ਅਤੇ ਕਿਉਂਕਿ ਰਾਜਨੀਤਿਕ ਮਸ਼ੀਨਰੀ ਦੇ ਕਾਰਜਾਂ ਉੱਤੇ ਧਰਮ ਦੇ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਇਸ ਕਰਕੇ ਰਾਜਨੀਤੀ ਦੇ ਅਧਿਐਨ ਨੂੰ ਰਾਜ ਧਰਮ ਕਿਹਾ ਜਾਣ ਲਗ ਪਿਆ।

ਰਾਜ ਧਰਮ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਸੀ। ਰਾਜਨੀਤਿਕ ਮਸਲਿਆਂ ਤੋਂ ਇਲਾਵਾ ਇਸ ਵਿਚ ਲੋਕਾਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਅਤੇ ਉਹਨਾਂ ਦੀਆਂ ਪ੍ਰੰਪਰਾਵਾਂ, ਰੀਤੀ ਰਿਵਾਜਾਂ ਅਤੇ ਕਾਨੂੰਨ ਦੀ ਚਰਚਾ ਵੀ ਸ਼ਾਮਿਲ ਹੈ। ਇਹ ਖੇਤਰ ਵਿਸ਼ਾਲ ਹੋਣ ਦੇ ਨਾਲ ਨਾਲ ਵਿਆਪਕ ਵੀ ਸੀ ਅਤੇ ਪ੍ਰਭੁਸੱਤਾ ਸੰਪੰਨ ਵੀ। ਆਪਣੀ ਪਰਜਾ ਵਾਂਗ ਰਾਜਾ ਵੀ ਰਾਜ ਧਰਮ ਦੇ ਅਧੀਨ ਸੀ। ਜੇਕਰ ਉਹ ਧਰਮ ਦੇ ਆਦੇਸ਼ਾਂ ਨੂੰ ਭੰਗ ਕਰਦਾ ਸੀ ਜਾਂ ਮਨਮਾਨੇ ਤੇ ਅਤਿਆਚਾਰੀ ਢੰਗ ਨਾਲ ਕੰਮ ਕਰਦਾ ਸੀ ਤਾਂ ਲੋਕਾਂ ਨੂੰ ਉਸ ਦੇ ਵਿਰੁੱਧ ਵਿਦਰੋਹ ਕਰਨ ਦਾ ਅਧਿਕਾਰ ਸੀ। ਜਨਤਾ ਨੂੰ ਰਾਜੇ ਵਿਰੁੱਧ ਵਿਦਰੋਹ ਕਰਨ ਦਾ ਅਧਿਕਾਰ ਦੇ ਕੇ ਪ੍ਰਾਚੀਨ ਰਾਜਨੀਤਿਕ ਚਿੰਤਨ ਵਿਚ ਤਾਨਾਸ਼ਾਹੀ ਵਿਰੁੱਧ ਇਕ ਅਜਿਹਾ ਤੱਤ ਸ਼ਾਮਿਲ ਕੀਤਾ ਗਿਆ, ਜੋ ਅਗਲੇ ਹਜ਼ਾਰਾਂ ਸਾਲਾਂ ਤਕ ਰਾਜਨੀਤਿਕ ਚਿੰਤਨ ਦੇ ਵਿਕਾਸ ਨੂੰ ਨਿਯੰਤ੍ਰਿਤ ਕਰਨ ਵਾਲੇ ਤੱਤ ਵਜੋਂ ਮੋਜੂਦ ਰਿਹਾ।

## ਮਹਾਂਭਾਰਤ ਵਿਚ ਰਾਜ ਧਰਮ :

ਭੀਸ਼ਮ, ਰਾਜਾ ਯੁਧਿਸ਼ਟਰ ਦੇ ਇਸ ਕਥਨ ਦੀ ਪੂਰੀ ਤਰ੍ਹਾਂ ਪੁਸ਼ਟੀ ਕਰਦਾ ਹੈ ਕਿ ਰਾਜ ਧਰਮ ਤੇ ਕਰਤੱਵ ਰਾਜ ਵਿਚਲੇ ਸਾਰੇ ਪ੍ਰਾਣੀਆਂ ਦੀ ਸ਼ਰਨਗਾਹ ਹੈ। ਇਹ ਲੋਕਾਂ ਨੂੰ ਉਸੇ ਤਰ੍ਹਾਂ ਨਿਯੰਤ੍ਰਿਤ ਕਰਨ ਦਾ ਇਕ

ਸਾਧਨ ਹੈ, ਜਿਸ ਤਰ੍ਹਾਂ ਮਹਾਵਤ ਦੀ ਕੁੰਡੀ ਜਾਂ ਸੋਟੀ ਹਾਥੀ ਨੂੰ ਨਿਯੰਤ੍ਰਿਤ ਕਰਨ ਦਾ ਸਾਧਨ ਹੈ। ਰਾਜ ਧਰਮ ਵਿਚ ਹੀ ਦੂਜੇ ਸਾਰੇ ਧਰਮ ਜਾਂ ਕਰਤੱਵ ਸ਼ਾਮਿਲ ਹਨ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਹਾਥੀ ਦੇ ਪਦ ਚਿੰਨ੍ਹ ਬਾਕੀ ਸਾਰੇ ਛੋਟੇ ਜਾਨਵਰਾਂ ਦੇ ਪਦ ਚਿੰਨ੍ਹਾਂ ਨੂੰ ਸਮੋ ਲੈਂਦੇ ਹਨ। ਰਾਜ ਧਰਮ ਦੀ ਏਨੀ ਮਹੱਤਤਾ ਦਾ ਕਾਰਨ ਇਹ ਹੈ ਕਿ ਅੰਤਿਮ ਵਿਸ਼ਲੇਸ਼ਣ ਵਿਚ ਹਰ ਚੀਜ਼ ਰਾਜੇ ਦੁਆਰਾ ਉਸ ਦੇ ਕਰਤੱਵਾਂ ਜਾਂ ਧਰਮ ਦੀ ਸਹੀ ਪਾਲਣਾ ਉੱਤੇ ਨਿਰਭਰ ਕਰਦੀ ਹੈ। ਲੋਕ ਨੈਤਿਕ, ਈਮਾਨਦਾਰ ਅਤੇ ਆਗਿਆਕਾਰੀ ਬਣ ਜਾਂਦੇ ਹਨ। ਤਿੰਨ ਉੱਚ ਵਰਣਾਂ ਦੇ ਲੋਕ ਆਪਣੇ ਆਪ ਨੂੰ ਵਿਸ਼ੇਸ਼ ਕੰਮਾਂ ਵੱਲ ਸਮਰਪਿਤ ਕਰਦੇ ਹਨ, ਨਤੀਜੇ ਵਜੋਂ ਸਮਾਜ ਖੁਸ਼ਹਾਲ ਹੋ ਕੇ ਫੱਲਦਾ ਫੁੱਲਦਾ ਹੈ। ਸੰਖੇਪ ਵਿਚ ਸਮਾਜ ਦੀ ਹੋਂਦ ਅਤੇ ਇਸ ਦੀ ਖੁਸ਼ਹਾਲੀ ਇਸ ਗੱਲ ਨਾਲ ਬੱਝੇ ਹੋਏ ਹਨ ਕਿ ਰਾਜਾ ਆਪਣੇ ਧਰਮ ਦਾ ਪਾਲਣ ਕਿਸ ਤਰ੍ਹਾਂ ਕਰਦਾ ਹੈ। ਰਾਜ ਧਰਮ ਇਕ ਬੁਨਿਆਦੀ ਸਮਾਜਿਕ ਅਤੇ ਰਾਜਨੀਤਿਕ ਸਿੱਧਾਂਤ ਹੈ ਜੋ ਕਿ ਮਨੁੱਖੀ ਟੀਚਿਆਂ ਅਤੇ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਡਾਕਟਰ ਘੋਸ਼ਾਲ ਦੇ ਸ਼ਬਦਾਂ ਵਿਚ ਰਾਜ ਧਰਮ ਗਿਣਾਤਮਕ ਤੌਰ ਤੇ ਬਹੁਤ ਵਿਸ਼ਾਲ, ਗੁਣਾਤਮਕ ਤੌਰ ਤੇ ਬਹੁਤ ਬੁਨਿਆਦੀ ਜਾਂ ਮੌਲਿਕ ਅਤੇ ਨੈਤਿਕ ਪੱਖ ਤੋਂ ਬਹੁਤ ਹੀ ਆਦਰਸ਼ਕ ਮਨੁੱਖੀ ਕ੍ਰਿਆਵਾਂ ਦੇ ਸਮੂਹ ਦਾ ਦਰਸਾਇਕ ਹੈ। ਰਾਜ ਧਰਮ ਬਾਰੇ ਏਨੀ ਉੱਚ-ਕੋਟੀ ਦੀ ਰਾਇ ਦੇ ਦੋ ਮੁੱਖ ਕਾਰਨ ਹਨ। ਪਹਿਲਾ, ਇਹ ਵਿਅਕਤੀਗਤ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ ਅਤੇ ਦੂਜਾ ਇਹ ਸਮਾਜਿਕ ਢਾਂਚੇ ਦੀ ਸਥਿਰਤਾ ਨੂੰ ਕਾਇਮ ਰੱਖਦਾ ਹੈ। ਰਾਜਾ ਨੈਤਿਕ ਵਿਵਹਾਰ ਦਾ ਮਿਆਰ ਸੁਨਿਸ਼ਚਿਤ ਕਰਦਾ ਹੈ। ਉਹ ਚੰਗਿਆਈ ਨੂੰ ਪ੍ਰੋਤਸਾਹਿਤ ਕਰਦਾ ਹੈਅਤੇ ਬੁਰੇ ਨੂੰ ਚੰਗਾ ਬਣਨ ਲਈ ਯਤਨਸ਼ੀਲ ਹੋਣ ਲਈ ਪ੍ਰੇਰਿਤ ਕਰਦਾ ਹੈ।

ਉੱਪਰ ਦਿੱਤੇ ਕਥਨ, ਕਿ 'ਰਾਜਧਰਮ ਸਾਰੇ ਪ੍ਰਾਣੀਆਂ ਦੀ ਸ਼ਰਨਗਾਹ (refugee) ਹੈ' ਦੇ ਸਹੀ ਮਹੱਤਵ ਨੂੰ ਸਮਝਣ ਦੇ ਲਈ ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਪ੍ਰਾਚੀਨ ਭਾਰਤ ਵਿਚ ਰਾਜੇ ਦਾ ਬਹੁਤ ਜ਼ਿਆਦਾ ਸਨਮਾਨ ਸੀ, ਅਤੇ ਉਹ ਸਮੁਦਾਇ ਦੇ ਜਨ-ਜੀਵਨ ਵਿਚ ਇਕ ਕੇਂਦਰੀ ਭੂਮਿਕਾ ਨਿਭਾਉਂਦਾ ਸੀ। ਉਸ ਦੀ ਭੂਮਿਕਾ ਇਸ ਟਿੱਪਣੀ ਤੋਂ ਜ਼ਾਹਿਰ ਹੋ ਜਾਂਦੀ ਹੈ ਕਿ 'ਕਿਸੇ ਵਿਅਕਤੀ ਨੂੰ ਸੰਪਤੀ ਤੇ ਪਤਨੀ ਗ੍ਰਹਿਣ ਤੋਂ ਪਹਿਲਾਂ ਬਾਦਸ਼ਾਹ ਜਾਂ ਰਾਜਾ ਪ੍ਰਾਪਤ ਕਰਨਾ ਚਾਹੀਦਾ ਹੈ ਕਿਉਂਕਿ ਰਾਜਾ ਨਾ ਹੋਣ ਦੀ ਸੂਰਤ ਵਿਚ ਨਾ ਹੀ ਪਤਨੀ ਤੇ ਨਾ ਹੀ ਸੰਪਤੀ ਸੁਰੱਖਿਅਤ ਹਨ।' ਇਸ ਦਾ ਭਾਵ ਇਹ ਹੈ ਕਿ ਆਮ ਵਿਅਕਤੀ ਦਾ ਰੋਜ਼ਾਨਾ ਜੀਵਨ ਸੁਵਿਵਸਥਿਤ ਤੇ ਨਿਯਮਿਤ ਢੰਗ ਨਾਲ ਤਾਂ ਹੀ ਚਲ ਸਕਦਾ ਹੈ, ਜੇਕਰ ਸਮਾਜ ਵਿਚ ਰਾਜਾ ਜਾਂ ਬਾਦਸ਼ਾਹ ਮੌਜੂਦ ਹੋਵੇ। ਕਿਸੇ ਅਰਾਜਕਤਾ ਦੀ ਸਥਿਤੀ ਵਿਚ ਜਾਂ ਬਾਦਸ਼ਾਹ ਤੋਂ ਬਗੈਰ, ਸਮੁਦਾਇ ਵਿਚ ਕੋਈ ਸਭਯ ਜੀਵਨ ਸੰਭਵ ਨਹੀਂ। ਅੱਗੇ ਚਲ ਕੇ ਇਹ ਵੀ ਕਿਹਾ ਗਿਆ ਹੈ ਕਿ ਰਾਜੇ ਦਾ ਕੋਈ ਹੋਰ ਕਰਤੱਵ ਏਨਾ ਜ਼ਰੂਰੀ ਨਹੀਂ ਹੈ ਜਿੰਨਾ ਕਿ ਆਪਣੀ ਪਰਜਾ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਲੋਕਾਂ ਨੂੰ ਇਹ ਸਲਾਹ ਵੀ ਦਿੱਤੀ ਗਈ ਹੈ ਕਿ ਉਹ ਅਜਿਹੇ ਰਾਜੇ ਨੂੰ ਜੋ ਕਿ ਆਪਣੇ ਇਸ ਬੁਨਿਆਦੀ ਫਰਜ਼ ਨੂੰ ਪੂਰਾ ਕਰਨ ਵਿਚ ਅਸਫ਼ਲ ਰਹਿੰਦਾ ਹੈ ਉਸੇ ਤਰ੍ਹਾਂ ਛੱਡ ਦੇਣ ਜਿਵੇਂ ਕਿ ਸਮੁੰਦਰੀ ਯਾਤਰਾ ਦੌਰਾਨ ਅਜਿਹੀ ਬੇੜੀ (ਜਹਾਜ਼) ਨੂੰ ਛੱਡ ਦੇਈਦਾ ਹੈ, ਜਿਸ ਵਿਚ ਛੇਦ (hole) ਹੋ ਗਿਆ ਹੋਵੇ। ਇਹ ਸਾਰੀ ਚਰਚਾ ਇਸ ਗੱਲ ਦਾ ਪ੍ਰਮਾਣ ਹੈ ਕਿ ਭੀਸ਼ਮ ਨੇ ਇਕ ਚੰਗੀ ਸਰਕਾਰ ਨੂੰ ਮਹੱਤਤਾ ਦਿੱਤੀ ਹੈ।

ਇਸ ਦੇ ਨਾਲ ਹੀ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਭੀਸ਼ਮ ਰਾਜੇ ਨੂੰ ਇਕ ਸਾਧਾਰਣ ਨਾਸ਼ਵਾਨ ਜੀਵ ਮੰਨਦਾ ਸਗੋਂ ਉਸ ਨੂੰ ਦੈਵੀ ਗੁਣਾਂ ਦਾ ਧਾਰਨੀ ਅਤੇ ਦੇਵ ਲੋਕ ਦਾ ਨਿਵਾਸੀ ਮੰਨਦਾ ਹੈ। ਉਸ ਦਾ ਮੱਤ ਸੀ ਕਿ ਦੁਖੀ ਮਾਨਵਤਾ ਦੀ ਭਲਾਈ ਲਈ ਪਹਿਲਾ ਰਾਜਾ ਪ੍ਰਮਾਤਮਾ ਨੇ ਖੁਦ ਭੇਜਿਆ ਸੀ ਅਤੇ ਉਸ ਵਿਚ ਦੈਵੀ ਗੁਣ ਮੌਜੂਦ ਸਨ। ਸਾਡੇ ਕੁਝ ਧਰਮ ਸ਼ਾਸਤਰੀ ਲੇਖਕ ਜਿਵੇਂ ਮੰਨੂ ਤਾਂ ਇਹ ਵੀ ਮੰਨਦੇ ਸਨ ਕਿ ਰਾਜੇ ਵਿਚ ਵਿਭਿੰਨ ਦੇਵਤਿਆਂ ਦੇ ਸਰੀਰ ਦੇ ਕਣ ਮੌਜੂਦ ਹੁੰਦੇ ਹਨ। ਪਰ ਭੀਸ਼ਮ ਦਾ ਇਹ ਮੱਤ ਨਹੀਂ, ਉਹ ਤਾਂ ਸਿਰਫ਼ ਇਹ ਕਹਿੰਦਾ ਹੈ ਕਿ ਰਾਜਾ ਦੈਵੀ ਗੁਣਾਂ ਦਾ ਧਾਰਨੀ ਹੁੰਦਾ ਹੈ।

ਉਹ ਬ੍ਰਹਮਾ ਤੇ ਵਿਸ਼ਨੂੰ ਵਾਂਗ ਹਰ ਇਕ ਨੂੰ ਸੁਰੱਖਿਆ ਤੇ ਸੰਭਾਲ ਪ੍ਰਦਾਨ ਕਰਦਾ ਹੈ ਅਤੇ ਵੱਖ ਵੱਖ ਮੌਕਿਆਂ ਉੱਤੇ ਲੋੜ ਅਨੁਸਾਰ ਉਹ ਇੰਦਰ ਦੇਵਤਾ, ਯਮ ਦੇਵਤਾ, ਅਗਨੀ ਦੇਵਤਾ, ਸੂਰਜ ਅਤੇ ਵੈਸਰਵਨ ਦੇਵਤਿਆਂ ਵਾਂਗ ਕਾਰਜ ਕਰਦਾ ਹੈ। ਅਗਨੀ ਵਾਂਗ ਉਹ ਪਾਪੀ ਲੋਕਾਂ ਨੂੰ ਸਾੜ੍ਹ ਦਿੰਦਾ ਹੈ, ਅਦਿੱਤਆ ਜਾਂ ਸੂਰਜ ਵਾਂਗ ਉਸ ਸਭ ਲੋਕਾਂ ਨੂੰ ਕੰਮ ਜਾਂ ਕਾਰਜ ਕਰਦੇ ਦੇਖਦਾ ਰਹਿੰਦਾ ਹੈ। ਮੌਤ ਦੇ ਦੇਵਤਾ ਯਮਰਾਜ ਵਾਂਗ ਉਹ ਦੁਰਾਚਾਰੀ ਲੋਕਾਂ ਦਾ ਨਾਸ ਕਰਦਾ ਹੈ ਅਤੇ ਧਰਮ ਰਾਜ ਜਾਂ ਵੈਸਰਵਲ ਵਾਂਗ ਚੰਗੇ ਬੁਰੇ ਕੰਮਾਂ ਦਾ ਹਿਸਾਬ ਇਨਾਮ ਜਾਂ ਸਜ਼ਾ ਦੁਆਰਾ ਨਿਪਟਾਂਦਾ ਹੈ। ਇਹੀ ਕਾਰਨ ਹੈ ਕਿ ਸਾਰੇ ਲੋਕ ਰਾਜੇ ਨੂੰ ਸਨਮਾਨ ਦਿੰਦੇ ਹਨ, ਉਹ ਲੋਕ ਤੇ ਪਰਲੋਕ ਦੋਹਾਂ ਵਿਚ ਉੱਚ ਸਥਾਨ ਪ੍ਰਾਪਤ ਕਰਦੇ ਹਨ। ਇਸ ਤੋਂ ਉਲਟ ਜਿਹੜੇ ਲੋਕ ਰਾਜੇ ਬਾਰੇ ਬੁਰੀਆਂ ਖਬਰਾਂ ਫੈਲਾਉਂਦੇ ਹਨ, ਉਸ ਉੱਤੇ ਚਿੱਕੜ ਉਛਾਲਦੇ ਹਨ ਅਤੇ ਉਸ ਨੂੰ ਧਮਕੀਆਂ ਦਿੰਦੇ ਹਨ, ਉਹ ਸਦਾ ਦੁਖ ਹੀ ਪਾਂਦੇ ਹਨ। ਰਾਜਾ ਲੋਕਾਂ ਦਾ ਦਿਲ ਹੈ, ਉਹਨਾਂ ਦੀ ਆਖਰੀ ਸ਼ਰਨਗਾਹ ਤੇ ਪਨਾਹ ਹੈ, ਇਸ ਲਈ ਸਭ ਤੋਂ ਯੋਗ ਇਹੀ ਹੈ ਕਿ ਉਸ ਨੂੰ ਆਦਰ ਦਿੱਤਾ ਜਾਵੇ ਅਤੇ ਉਸ ਦੀ ਆਗਿਆ ਦਾ ਪਾਲਣ ਕੀਤਾ ਜਾਵੇ। ਰਾਜੇ ਦੀ ਰਾਜ ਪ੍ਰਬੰਧ ਵਿਚ ਮਹਾਨ ਭੂਮਿਕਾ ਜਾਂ ਯੋਗਦਾਨ ਦਾ ਅਨੁਮਾਨ ਇਸ ਤੱਥ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਬਹੁਤ ਸਾਰੇ ਧਰਮ ਸ਼ਾਸਤਰੀ ਲੇਖਕਾਂ ਨੇ ਉਸ ਨੂੰ 'ਯੁਗ ਨਿਰਮਾਤਾ' ਕਿਹਾ ਹੈ। ਭਾਵ ਕਿਸੇ ਯੁਗ ਦੇ ਕੀ ਲੱਛਣ ਹਨ ਇਹ ਇਸ ਤੱਥ ਤੇ ਨਿਰਭਰ ਕਰਦਾ ਹੈ ਕਿ ਰਾਜਾ ਆਪਣੇ ਧਰਮ ਨੂੰ ਨਿਭਾਉਣ ਤੇ ਦੰਡ ਨੀਤੀ ਲਾਗੂ ਕਰਨ ਵਿਚ ਕਿਸ ਹੱਦ ਤਕ ਸਫਲ ਰਿਹਾ ਹੈ ? ਜੇਕਰ ਰਾਜਾ ਰਾਜ ਧਰਮ ਦੀ ਪੂਰੀ ਤਰ੍ਹਾਂ ਪਾਲਣਾ ਕਰਦਾ ਤੇ ਕਰਵਾਉਂਦਾ ਹੈ ਤਾਂ ਯੁਗ 'ਕਰੇਤਾ' ਜਾਂ ਸਤਯੁਗ ਅਖਵਾਏਗਾ। ਜੇਕਰ ਰਾਜ ਧਰਮ ਦੀ ਪਾਲਣਾ ਤਿੰਨ ਚੌਥਾਈ ਹੈ ਤਾਂ ਇਹ 'ਤਰੇਤਾ' ਕਿਹਾ ਜਾਏਗਾ। 'ਦਵਾਪਰ ਯੁਗ' ਉਹ ਕਾਲ ਹੈ ਕਿ ਜਿਸ ਵਿਚ ਰਾਜ ਧਰਮ ਦੀ ਪਾਲਣਾ ਸਿਰਫ ਅੱਧੀ ਹੀ ਕੀਤੀ ਜਾਂਦੀ ਹੈ ਜਦਕਿ 'ਕਲਯੁਗ' ਵਿਚ ਰਾਜ ਧਰਮ ਬਿਲਕੁਲ ਹੀ ਅਲੋਪ ਹੋ ਚੁਕਿਆ ਹੁੰਦਾ ਹੈ। ਏਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਭੀਸ਼ਮ ਰਾਜੇ ਵਿਚ ਉਸ ਪ੍ਰਕਾਰ ਦੇ ਦੈਵੀ ਗੁਣਾਂ (divinity) ਦਾ ਸਮਰਥਕ ਨਹੀਂ ਹੈ, ਜਿਸ ਤਰ੍ਹਾਂ ਦੀ ਮੰਨੂ ਨੇ ਰਾਜੇ ਨੂੰ ਪ੍ਰਦਾਨ ਕੀਤੀ ਹੈ, ਭਾਵ ਮੰਨੂ ਵਾਂਗ ਰਾਜੇ ਵਿਚ ਦੇਵਤਿਆਂ ਦੇ ਸਰੀਰ ਦੇ ਕਣ ਹੋਣੇ ਉਹ ਜ਼ਰੂਰੀ ਨਹੀਂ ਮੰਨਦਾ ਸਗੋਂ ਉਹ ਇਸ ਵਿਚਾਰ ਦਾ ਸਮਰਥਕ ਹੈ ਕਿ ਰਾਜੇ ਵਿਚ ਦੇਵਤਿਆਂ ਵਾਲੇ ਗੁਣ ਹੋਣੇ ਚਾਹੀਦੇ ਹਨ।

ਸਾਨੂੰ ਪੱਛਮ ਦੇ ਰਾਜਨੀਤਿਕ ਸਾਹਿਤ ਵਿਚ ਅਜਿਹੇ ਵਿਚਾਰਾਂ ਦਾ ਕੋਈ ਹਵਾਲਾ ਨਹੀਂ ਮਿਲਦਾ। ਰਾਜ ਧਰਮ ਦੀ ਧਾਰਣਾ, ਸਾਰੇ ਧਰਮਾਂ ਦੇ ਭੰਡਾਰ ਅਤੇ ਉਹਨਾਂ ਦੀ ਸੰਭਾਲ ਕਰਨ ਵਾਲੇ ਵਜੋਂ ਰਾਜੇ ਦਾ ਕਰਤੱਵ, ਪ੍ਰਾਚੀਨ ਹਿੰਦੂਆਂ ਦੀ ਰਾਜਨੀਤਿਕ ਸਿੱਧਾਂਤ ਨੂੰ ਦੇਣ ਹੈ। ਇਹ ਗੱਲ ਵਰਣਨਯੋਗ ਹੈ ਕਿ ਇਹ ਧਾਰਣਾ ਰਾਜੇ ਨੂੰ ਧਰਮ ਦੇ ਪਰਦੇ ਪਿਛੇ ਨਹੀਂ ਲਿਜਾਂਦੀ ਬਲਕਿ ਉਸ ਨੂੰ ਸਖਤੀ ਨਾਲ ਇਸ ਦੇ ਅਧੀਨ ਬਣਾਉਂਦੀ ਹੈ। ਇਹ ਇਸ ਧਾਰਣਾ ਵਿਚ ਨਿਹਿਤ ਹੈ ਕਿ ਰਾਜੇ ਦਾ ਸਰਵਪ੍ਰਥਮ ਕਰਤੱਵ ਪਰਜਾ ਦੇ ਰਕਸ਼ਕ ਵਜੋਂ ਕੰਮ ਕਰਨਾ ਹੈ ਅਤੇ ਸਮੁਦਾਇ ਦੀ ਭਲਾਈ ਆਪਣੇ ਨਿਜੀ ਹਿਤਾਂ ਨੂੰ ਨਿਛਾਵਰ ਕਰਨਾ ਹੈ।

140ਵੇਂ ਅਧਿਆਇ ਵਿਚ, ਭੀਸ਼ਮ ਆਖਦਾ ਹੈ ਕਿ ਰਾਜੇ ਨੂੰ ਦੰਡ ਦੇਣ ਵਾਲੀ ਛੜੀ ਆਪਣੇ ਹੱਥ ਵਿਚ ਰੱਖਣੀ ਚਾਹੀਦੀ ਹੈ ਅਤੇ ਇਸ ਤੋਂ ਪਹਿਲਾਂ ਇਕ ਅਧਿਆਇ (121) ਵਿਚ ਉਹੁ ਦੰਡ ਦੇਣ ਦੀ ਪ੍ਰਕ੍ਰਿਤੀ, ਉਤਪੱਤੀ ਅਤੇ ਤਰੀਕਿਆਂ ਦਾ ਵਰਨਣ ਕਰਦਾ ਹੈ। ਇਸ ਧਾਰਣਾ ਦੀ ਉਤਪੱਤੀ ਦੇ ਫਲਸਰੂਪ ਹੀ ਰਾਜਨੀਤੀ ਸ਼ਾਸਤਰ ਦੇ ਵਿਗਿਆਨ ਨੂੰ ਰਾਜ ਧਰਮ ਦੀ ਬਜਾਏ ਦੰਡ ਨੀਤੀ ਦਾ ਨਾਂ ਦਿੱਤਾ ਗਿਆ ਹੈ।

# ਦੰਡ ਨੀਤੀ

## ਮਹਾਂਭਾਰਤ ਵਿਚ ਦੰਡ ਨੀਤੀ

ਡਾਕਟਰ ਬੇਨੀ ਪ੍ਰਸਾਦ ਨੇ ਸ਼ਬਦਾਂ ਵਿਚ, ਮਹਾਂਭਾਰਤ ਵਿਚ ਵਰਤੇ ਜਾਣ ਵਾਲੇ ਸ਼ਬਦ ਦੰਡ ਨੀਤੀ ਤੋਂ ਭਾਵ ਕੁਝ ਵਿਦਵਾਨਾਂ ਨੇ ਰਾਜਨੀਤਿਕ ਚਿੰਤਨ ਤੋਂ ਲਿਆ ਹੈ। ਸ਼ਾਬਦਿਕ ਤੌਰ ਤੇ ਇਸ ਦਾ ਭਾਵ 'ਦਮਨ ਕਰਨ ਦਾ ਵਿਗਿਆਨ' ਦੰਡ ਜਾਂ ਸਜ਼ਾ ਦੀ ਨੀਤੀ ਨਿਰਧਾਰਿਤ ਕਰਨ ਵਾਲਾ ਵਿਗਿਆਨ ਨਿਕਲਦਾ ਹੈ। ਪਰ ਜਦੋਂ ਗਿਆਨ ਦੀ ਇਸ ਸ਼ਾਖਾ ਅਧੀਨ ਲਏ ਗਏ ਵਿਸ਼ਿਆਂ ਤੇ ਅਸੀਂ ਨਜ਼ਰ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਸ ਨੂੰ ਸਰਕਾਰ ਦੇ ਵਿਗਿਆਨ ਵਜੋਂ ਪ੍ਰਗਟਾਇਆ ਗਿਆ ਹੈ। ਭੀਸ਼ਮ ਯੁਧਿਸ਼ਟਰ ਨੂੰ ਦੱਸਦਾ ਹੈ ਕਿ ਜਿਹੜਾ ਵਿਅਕਤੀ ਦੰਡ ਦੇਣ ਵਾਲੀ ਛੜੀ ਦੀ ਵਰਤੋਂ ਬਿਨਾਂ ਕਿਸੇ ਭੇਦ ਭਾਵ ਦੇ ਕਰਕੇ ਸਾਰੇ ਜੀਵਾਂ ਦੀ ਰੱਖਿਆ ਕਰਦਾ ਹੈ ਉਹ ਸਚਿਆਈ ਦਾ ਪ੍ਰਤੱਖ ਰੂਪ ਹੈ। ਉਹ ਦੰਡ ਦੇਣ ਵਾਲੇ ਦੀ ਤੁਲਨਾ ਇਕੇ ਦੇਵਤੇ ਨਾਲ ਕਰਦਾ ਹੈ ਜੋ ਕਦੇ ਤਲਵਾਰ ਦੀ, ਕਦੇ ਕਮਾਨਾਂ ਦੀ ਅਤੇ ਫਿਰ ਤ੍ਰਿਸ਼ੂਲ ਤੇ ਤੀਰ ਆਦਿ ਦੀ ਪ੍ਰਚੰਡ ਸ਼ਕਲ ਧਾਰਣ ਕਰਦਾ ਹੈ। ਉਸੇ ਅਧਿਆਇ (69) ਵਿਚ ਉਹ ਇਹ ਵੀ ਕਹਿੰਦਾ ਹੈ ਕਿ ਦੰਡ ਦੇਣ ਦਾ ਵਿਗਿਆਨ ਸਾਰੇ ਲੋਕਾਂ ਨੂੰ ਆਪਣੇ ਵਰਗਾਂ ਦੇ ਨਿਰਧਾਰਿਤ ਫਰਜ਼ਾਂ ਦੀ ਪਾਲਣਾ ਕਰਨ ਲਈ ਮਜ਼ਬੂਰ ਕਰਦਾ ਹੈ। ਜਦੋਂ ਚਾਰੇ ਵਰਗ ਆਪਣੇ ਆਪਣੇ ਵਰਗ ਨਾਲ ਸੰਬੰਧਿਤ ਕਰਤੱਵਾਂ ਨੂੰ ਪੂਰਾ ਕਰਦੇ ਹਨ, ਜਦੋਂ ਹਰ ਵਰਗ ਤੇ ਲਗੀਆਂ ਸਾਰੀਆਂ ਬੰਦਸ਼ਾਂ ਨੂੰ ਲਾਗੂ ਕੀਤਾ ਜਾਂਦਾ ਹੈ, ਜਦੋਂ ਸ਼ਾਂਤੀ ਅਤੇ ਖੁਸ਼ੀ ਦੰਡ ਦੇਣ ਦੇ ਵਿਗਿਆਨ ਵਿਚੋਂ ਨਿਕਲਦੀ ਹੈ, ਤੇ ਲੋਕ ਹਰੇਕ ਪ੍ਰਕਾਰ ਦੇ ਡਰ ਤੋਂ ਮੁਕਤ ਹੋ ਜਾਂਦੇ ਹਨ ਅਤੇ ਤਿੰਨੇ ਉੱਚ ਵਰਗ ਇਕਸੁਰਤਾ ਤੇ ਸ਼ਾਂਤੀ ਦਾ ਮਾਹੌਲ ਸਥਾਪਿਤ ਕਰਨ ਦਾ ਯਤਨ ਕਰਦੇ ਹਨ ਤਾਂ ਸਮਝ ਲਓ ਕਿ ਅਜਿਹਾ ਮਾਹੌਲ ਮੌਜੂਦ ਹੈ ਜਿਸ ਵਿਚ ਮਨੁੱਖ ਸਹੀ ਅਰਥਾਂ ਵਿਚ ਖੁਸ਼ੀ ਪ੍ਰਾਪਤ ਕਰ ਸਕਦਾ ਹੈ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਹਿੰਦੂ ਰਾਜਨੀਤਿਕ ਵਿਚਾਰਧਾਰਾ ਦੇ ਅਨੁਸਾਰ ਦੰਡ ਦੇਣਾ ਰਾਜ ਸ਼ਾਸਨ ਕਲਾ ਵਿਚ ਦੋਹਰੀ ਭੂਮਿਕਾ ਨਿਭਾਉਂਦਾ ਹੈ। ਇਕ ਪਾਸੇ ਇਹ ਲੋਕਾਂ ਦੇ ਲਈ ਆਤੰਕ ਹੈ ਅਤੇ ਇਸ ਦਾ ਕੰਮ ਸਮਾਜਿਕ ਬੁਰਾਈਆਂ ਨੂੰ ਠੀਕ ਕਰਨਾ ਅਤੇ ਦੂਰ ਕਰਨਾ ਹੈ। ਦੂਜੇ ਪਾਸੇ, ਇਹ ਨੈਤਿਕ ਸ਼ੁਧੀਕਰਣ ਤੇ ਸਭਯ ਸਮਾਜ ਕਾਇਮ ਕਰਨ ਵਾਲੀ ਏਜੰਸੀ ਹੈ। ਇਹ ਸਿਰਫ ਲੋਕਾਂ ਨੂੰ 'ਮੱਛਲੀ ਦੀ ਦਲੀਲ' ਜਾਂ 'ਮਤਸਨਿਆਂ' ਤੋਂ ਹੀ ਨਹੀਂ ਬਚਾਉਂਦੀ (ਜਿਸ ਅਧੀਨ ਤਾਕਤਵਰ ਕਮਜ਼ੋਰ ਉੱਤੇ ਆਪਣੀ ਇੱਛਾ ਠੋਸਦੇ ਹਨ ਅਤੇ ਉਹਨ੍ਹਾਂ ਨੂੰ ਆਪਣੇ ਨਿੱਜੀ ਭਲੇ ਲਈ ਵਰਤਦੇ ਹਨ), ਬਲਕਿ ਉਹਨਾਂ ਨੂੰ ਦਰੁਸਤ ਵੀ ਕਰਦੀ ਹੈ। ਸ਼ੁਕਰਨੀਤੀ ਦੇ ਅਨੁਸਾਰ ਲੋਕ ਦੰਡ ਦੇ ਡਰ ਕਰਕੇ ਹੀ ਨੇਕ ਬਣਦੇ ਹਨ। ਦੰਡ ਨੂੰ ਸਾਰੇ ਸਦਾਚਾਰਾਂ ਦਾ ਮੁੱਖ ਸਰੋਤ ਮੰਨਿਆ ਗਿਆ ਕਿਉਂਕਿ ਦੰਡ ਦੀ ਯੋਗ ਤੇ ਸਹੀ ਮਾਤਰਾ ਵਿਚ ਵਰਤੋਂ ਕੀਤੇ ਬਗੈਰ ਰਾਜ-ਸ਼ਾਸਨ ਪ੍ਰਬੰਧ ਦੇ ਸਾਰੇ ਤੌਰ ਤਰੀਕੇ ਬੇਕਾਰ ਹੋ ਜਾਂਦੇ ਹਨ। ਪੱਛਮੀ ਚਿੰਤਨ ਵਿਚ ਪ੍ਰਚਲਿਤ ਦੰਡ ਦਾ ਸੁਧਾਰਮਈ ਸਿੱਧਾਂਤ ਭਾਰਤੀ ਵਿਚਾਰਾਂ ਦੇ ਬਹੁਤ ਨਜ਼ਦੀਕ ਹੈ, ਪਰ ਉਸ ਵਿਚ ਉਹ ਗਹਿਰਾਈ ਅਤੇ ਸੂਖਮਤਾ ਨਹੀਂ ਜੋ ਭਾਰਤੀ ਸਿੱਧਾਂਤ ਵਿਚ ਹੈ।

ਭੀਸ਼ਮ ਦੁਆਰਾ ਰਚਿਤ ਦੰਡ-ਨੀਤੀ ਦੀ ਧਾਰਾਣਾ ਦੇ ਵਿਕਾਸ ਦਾ ਇਕ ਵਿਸ਼ੇਸ਼ ਲੱਛਣ ਇਹ ਹੈ ਕਿ ਜਿਥੋਂ ਅਰਥ ਸ਼ਾਸਤਰ ਵਿਚਾਰਧਾਰਾ ਦੇ ਸਮਰਥਕ ਦੰਡ-ਨੀਤੀ ਦੇ ਵਿਗਿਆਨ ਨੂੰ ਮਨੁੱਖੀ ਅਧਿਆਪਕਾਂ ਦਾ ਕੰਮ ਮੰਨਦੇ ਹਨ ਉਥੇ ਕੁਰੂ ਰਿਸ਼ੀ ਇਸ ਨੂੰ ਦੈਵੀ ਜਾਂ ਅਲੌਕਿਕ ਸਰੋਤ ਦੀ ਦੇਣ ਮੰਨਦੇ ਹਨ। ਸ਼ਾਹੀ ਸੱਤਾ ਸਭ ਤੋਂ ਪਹਿਲਾਂ ਕਦੋਂ ਹੋਂਦ ਵਿਚ ਆਈ, ਇਸ ਦੀ ਚਰਚਾ ਕਰਦੇ ਹੋਏ ਭੀਸ਼ਮ ਕਹਿੰਦਾ ਹੈ ਕਿ ਪਹਿਲਾਂ ਨਾ ਕੋਈ ਰਾਜਾ ਸੀ ਅਤੇ ਨਾ ਹੀ ਕੋਈ ਦੰਡ ਅਤੇ ਪ੍ਰਭੂਸੱਤਾ। ਲੋਕ ਦਿਆਨਤਦਾਰੀ ਨਾਲ ਰਹਿੰਦੇ ਸਨ ਅਤੇ ਇਕ ਦੂਜੇ ਨੂੰ ਸੁਰੱਖਿਆ ਪ੍ਰਦਾਨ ਕਰਦੇ ਸਨ। ਪਰ ਕੁਝ ਦੇਰ ਬਾਅਦ ਮਨੁੱਖਾਂ ਵਿਚ ਲਾਲਚ ਅਤੇ ਚੀਜ਼ਾਂ ਪ੍ਰਾਪਤ ਕਰਨ ਦੀ ਇੱਛਾ ਪ੍ਰਬਲ ਹੋ ਗਈ ਤਾਂ ਵੇਦ ਤੇ ਈਮਾਨਦਾਰੀ ਪੂਰਣ ਜੀਵਨ ਅਲੋਪ

ਹੋ ਗਏ ਤਾਂ ਦੇਵਤੇ ਡਰ ਨਾਲ ਘਬਰਾ ਉਠੇ ਅਤੇ ਉਹਨਾਂ ਇਸ ਸੰਸਾਰ ਦੇ ਰਚਣਹਾਰੇ ਬ੍ਰਹਮਾ ਕੋਲੋਂ ਸੁਰੱਖਿਆ ਦੀ ਮੰਗ ਕੀਤੀ। ਉਹਨਾਂ ਨੇ ਇਹ ਸ਼ਿਕਾਇਤ ਕੀਤੀ ਕਿ ਉਹ ਬਹੁਤ ਦੁਖੀ ਹਨ ਕਿਉਂਕਿ ਧਰਤੀ ਉੱਤੇ ਮਨੁੱਖੀ ਜੀਵਾਂ ਨੇ ਨੇਕ ਕੰਮ ਕਰਨੇ ਅਤੇ ਉਹਨਾਂ ਨੂੰ ਨਮਸਕਾਰ ਕਰਨਾ ਛੱਡ ਦਿੱਤਾ ਹੈ। ਉਹਨਾਂ ਨੇ ਇਹ ਵੀ ਪ੍ਰਾਰਥਨਾ ਕੀਤੀ ਕਿ ਉਹ ਉਹਨਾਂ ਦੇ ਜੀਵਨ ਨੂੰ ਚੰਗੇਰੇ ਬਨਾਉਣ ਦੇ ਲਈ ਜੋ ਕੁਝ ਵੀ ਜ਼ਰੂਰੀ ਹੈ, ਕੀਤਾ ਜਾਏ। ਇਸ ਬੇਨਤੀ ਤੇ ਸ੍ਰੇਸ਼ਠ ਬ੍ਰਹਮਾ ਨੇ ਆਪਣੀ ਬੁੱਧੀਮਤਾ ਰਾਹੀਂ ਇਕ ਅਜਿਹੇ ਗ੍ਰੰਥ ਦੀ ਰਚਨਾ ਕੀਤੀ ਜਿਸ ਵਿਚ ਇਕ ਲੱਖ ਪਦ ਸਨ। ਇਹਨ੍ਹਾਂ ਵਿਚ ਇਕ ਚੰਗੇ ਅਤੇ ਖੁਸ਼ਹਾਲ ਜੀਵਨ ਲਈ ਲੋੜੀਂਦੇ ਗਿਆਨ ਨਾਲ ਸੰਬੰਧਿਤ ਹਰੇਕ ਵਿਸ਼ੇ ਉੱਤੇ ਚਰਚਾ ਸੀ। ਇਹ ਰਾਜਨੀਤੀ ਸ਼ਾਸਤਰ ਉੱਤੇ ਗ੍ਰੰਥ ਸੀ ਅਤੇ ਇਸ ਵਿਚ ਸਰਕਾਰ ਦੇ ਸਹੀ ਸੰਗਠਨ, ਹਥਿਆਰਬੰਦ ਫੌਜਾਂ, ਲੜਾਈ ਕਰਨ ਅਤੇ ਪਿਛਾਂਹ ਹੱਟਣ ਦੇ ਢੰਗ, ਹਥਿਆਰ ਦਾ ਗਿਆਨ ਅਤੇ ਉਨ੍ਹਾਂ ਦੀ ਸਹੀ ਢੰਗ ਨਾਲ ਸੰਭਾਲ, ਸੈਨਾ ਨੂੰ ਹੁਕਮ ਦੇਣ, ਫੌਜ ਨੂੰ ਪ੍ਰੋਤਸਾਹਿਤ ਕਰਨ ਦੇ ਤਰੀਕੇ, ਦੂਜੀਆਂ ਸ਼ਕਤੀਆਂ, ਦੁਸ਼ਮਣਾਂ, ਮਿੱਤਰਾ ਅਤੇ ਨਿਰਲੇਪ ਸ਼ਕਤੀਆਂ ਨਾਲ ਗਠਜੋੜ ਕਰਨ ਆਦਿ ਦਾ ਵੀ ਵਰਣਨ ਸੀ। ਇਸ ਵਿਚ ਉਹਨਾਂ ਗੁਣਾਂ ਦਾ ਵੀ ਵਰਣਨ ਸੀ ਜੋ ਕਿ ਰਾਜ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਜ਼ਰੂਰੀ ਹਨ ਅਤੇ ਉਹਨਾਂ ਬੁਰਾਈਆਂ ਦਾ ਵੀ ਜਿਸ ਕਰਕੇ ਰਾਜ ਦਾ ਪਤਨ ਹੁੰਦਾ ਹੈ। ਇਸ ਤਰ੍ਹਾਂ ਇਹ ਇਕ ਵਿਸਤ੍ਰਿਤ ਗ੍ਰੰਥ ਸੀ।

ਇਸ ਦੀ ਰਚਨਾ ਕਰਨ ਉਪਰੰਤ ਪਰਮਾਤਮਾ ਨੇ ਦੇਵਤਿਆਂ ਨੂੰ ਸੰਬੋਧਨ ਕਰਦੇ ਹੋਏ ਇਸ ਗ੍ਰੰਥ ਦੀ ਰਚਨਾ ਦਾ ਮਨੋਰਥ ਦੱਸਦੇ ਹੋਏ ਕਿਹਾ ਕਿ ਸੰਸਾਰ ਦੀ ਭਲਾਈ ਲਈ ਅਤੇ ਧਰਮ, ਅਰਥ ਅਤੇ ਕਾਮ ਦੀ ਸਹੀ ਮਾਤਰਾ ਵਿਚ ਸਥਾਪਨਾ ਦੇ ਲਈ ਉਸ ਨੇ ਇਸ ਵਿਗਿਆਨ ਦੀ ਰਚਨਾ ਕੀਤੀ ਹੈ। ਦੰਡ ਦੀ ਮਦਦ ਨਾਲ ਇਹ ਵਿਗਿਆਨ ਸੰਸਾਰ ਦੀ ਸੁਰੱਖਿਆ ਕਰਨ ਵਿਚ ਸਹਾਈ ਹੋਵੇਗਾ। ਇਨਾਮ ਅਤੇ ਦੰਡ ਦੀ ਵਿਵਸਥਾ ਰਾਹੀਂ ਇਹ ਵਿਗਿਆਨ ਮਨੁੱਖਾਂ ਉੱਤੇ ਲਾਗੂ ਕੀਤਾ ਜਾਵੇਗਾ ਅਤੇ ਇਸ ਨੂੰ ਦੰਡ ਨੀਤੀ ਦੇ ਨਾਂ ਨਾਲ ਜਾਣਿਆ ਜਾਵੇਗਾ। ਲਾਰਡ ਸ਼ਿਵ ਨੇ ਇਸ ਵਿਗਿਆਨ ਦਾ ਅਧਿਐਨ ਕਰਕੇ ਇਸ ਵਿਚ ਮਹਾਰਤ ਹਾਸਿਲ ਕੀਤੀ। ਇਹ ਮਹਿਸੂਸ ਕਰਦੇ ਹੋਏ ਕਿ ਇਸ ਸਮੁੱਚੇ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਮਨੁੱਖੀ ਜੀਵਨ ਦਾ ਕਾਲ ਬਹੁਤ ਘੱਟ ਹੈ, ਉਸ ਨੇ ਇਸ ਗਿਆਨ ਨੂੰ 10 ਹਜ਼ਾਰ ਪਦਾਂ ਵਿਚ ਸੰਖੇਪ ਕਰ ਦਿੱਤਾ। ਇੰਦਰ ਦੇਵਤੇ ਨੇ ਬਾਅਦ ਵਿਚ ਇਸ ਨੂੰ ਹੋਰ ਸੰਖੇਪ ਕਰਕੇ 3000 ਪਦਾਂ ਵਿਚ ਤਿਆਰ ਕੀਤਾ। ਅੰਤ ਵਿਚ ਕਾਵੀ ਨੇ ਇਸ ਨੂੰ ਇਕ ਹਜ਼ਾਰ ਪਦਾਂ ਵਿਚ ਸੰਖਿਪਤ ਕਰ ਦਿੱਤਾ। ਇਸ ਤਰ੍ਹਾਂ ਭੀਸ਼ਮ ਨੇ ਵਿਗਿਆਨ ਨੂੰ ਇਕ ਦੈਵੀ ਉਤਪੱਤੀ ਦੱਸਿਆ। ਸ਼ਿਵ, ਇੰਦਰ ਤੇ ਕਾਵੀ ਇਸ ਵਿਗਿਆਨ ਦੇ ਕੁਝ ਹੋਰ ਮੁੱਖ ਚਿੰਤਕ ਹਨ।

ਦੰਡ-ਨੀਤੀ ਦੇ ਅਰਥ ਦੇ ਵਿਕਾਸ ਵਿਚ ਭੀਸ਼ਮ ਦੀ ਦੇਣ ਬਹੁਤ ਮਹੱਤਵਪੂਰਣ ਹੈ। ਉਸ ਨੇ ਦੰਡ ਨੀਤੀ ਦਾ ਇਸ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ ਕਿ ਇਹ ਲਗਭਗ 'ਰਾਜ ਧਰਮ' ਦੇ ਸਮਰੂਪ ਹੀ ਜਾਪਣ ਲਗ ਪਈ ਹੈ। ਉਹ ਆਖਦਾ ਹੈ ਕਿ ਜਦੋਂ ਦੰਡ-ਨੀਤੀ ਗੁਆਚ ਜਾਂਦੀ ਹੇ ਤਾਂ ਰਾਜ ਧਰਮ ਵੀ ਅਲੋਪ ਹੋ ਜਾਂਦਾ ਹੈ ਅਤੇ ਸਾਰੇ ਲੋਕ ਪੀੜਿਤ ਹੋ ਜਾਂਦੇ ਹਨ ਕਿਉਂਕਿ ਅਜਿਹੀ ਸੂਰਤ ਵਿਚ ਰਾਜੇ ਦੁਰਾਚਾਰੀ ਹੋ ਜਾਂਦੇ ਹਨ। ਦੂਜੇ ਪਾਸੇ ਜਦੋਂ ਰਾਜਾ ਦੰਡ-ਨੀਤੀ ਦੀ ਵਰਤੋਂ ਸਹੀ ਢੰਗ ਨਾਲ ਕਰਦਾ ਹੈ ਤਾਂ ਚਾਰੇ ਵਰਣ ਆਪਣੇ ਵਸ਼ਿਸ਼ਟ ਕਰਤੱਵ ਦੀ ਪਾਲਣਾ ਕਰਦੇ ਹਨ, ਆਪਣੀਆ ਹੱਦਾਂ ਵਿਚ ਰਹਿੰਦੇ ਹਨ ਅਤੇ ਧਰਮ ਦੇ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ। ਰਾਜ ਧਰਮ ਦੀ ਤਰ੍ਹਾਂ ਦੰਡ-ਨੀਤੀ ਦੀ ਸਹੀ ਵਰਤੋਂ ਵੀ ਲੋਕਾਂ ਦੀ ਭਲਾਈ ਅਤੇ ਸੁਰੱਖਿਆ ਯਕੀਨੀ ਬਣਾਉਂਦੀ ਹੈ ਅਤੇ ਉਹਨ੍ਹਾਂ ਨੂੰ ਵਿਅਕਤੀਗਤ ਰੂਪ ਵਿਚ ਆਪਣੇ ਕਰਤੱਵਾਂ ਦਾ ਪਾਲਣ ਕਰਨ ਵਿਚ ਮਦਦ ਕਰਦੀ ਹੈ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਦੰਡ-ਨੀਤੀ ਨੂੰ ਰਾਜ ਧਰਮ ਨਾਲ ਜੋੜ ਕੇ ਭੀਸ਼ਮ ਇਹ ਦਾਅਵਾ ਕਰਦਾ ਹੈ ਕਿ ਇਸ ਦੇ ਦੋ ਮੁੱਖ ਕੰਮ ਹਨ-ਵਿਅਕਤੀਗਤ ਸੁਰੱਖਿਆ ਅਤੇ ਸਮਾਜ ਦੇ ਨਿਯਮਾਂ ਦੀ ਸਥਿਰਤਾ ਨੂੰ ਯਕੀਨੀ

ਬਣਾਉਣਾ। ਉਸ ਦਾ ਇਹ ਭੀ ਆਖਣਾ ਹੈ ਕਿ ਰਾਜ ਧਰਮ ਅਤੇ ਦੰਡ-ਨੀਤੀ ਦੀ ਸਹੀ ਵਰਤੋਂ ਕਰਕੇ ਰਾਜਾ ਉਸ ਯੁੱਗ ਦਾ ਨਿਰਮਾਤਾ ਬਣ ਜਾਂਦਾ ਹੈ। ਜਦੋਂ ਰਾਜਾ ਦੰਡ-ਨੀਤੀ ਨੂੰ ਪੂਰਨ ਤੌਰ ਤੇ ਲਾਗੂ ਕਰਦਾ ਹੈ ਤਾਂ ਯੁਗ 'ਸਤਯੁਗ ਜਾਂ ਕਰੇਤਾ' ਅਖਵਾਉਂਦਾ ਹੈ, ਜਦੋਂ ਤਿੰਨ ਚੌਥਾਈ ਤਾਂ 'ਤਰੇਤਾ'। ਜੇ ਰਾਜਾ ਦੰਡ-ਨੀਤੀ ਨੂੰ ਅੱਧੀ ਲਾਗੂ ਕਰਨ ਵਿਚ ਸਫ਼ਲ ਰਹਿੰਦਾ ਹੈ ਤਾਂ ਯੁਗ ਨੂੰ' ਦਵਾਪਰ' ਕਿਹਾ ਜਾਂਦਾ ਹੈ ਜਦਕਿ 'ਕਲਯੁਗ' ਉਹ ਯੁਗ ਹੈ ਜਿਸ ਵਿਚ ਦੰਡ-ਨੀਤੀ ਬਿਲਕੁਲ ਅਲੋਪ ਹੋ ਜਾਂਦੀ ਹੈ।

ਇਹ ਗੱਲ ਵਰਣਨਯੋਗ ਹੈ ਕਿ ਭੀਸ਼ਮ ਨੇ ਨਾ ਕੇਵਲ ਦੰਡ-ਨੀਤੀ ਦੇ ਵਿਗਿਆਨ ਨੂੰ ਦੈਵੀ ਉਤਪਤੀ ਦੱਸਿਆ ਹੈ ਸਗੋਂ ਦੰਡ ਦੀ ਸੰਸਥਾ ਨੂੰ ਵੀ ਉਸ ਨੇ ਦੈਵੀ ਕਿਹਾ ਹੈ।ਸ਼ਾਂਤੀ ਪਰਵ ਦੇ 138ਵੇਂ ਅਧਿਆਇ ਵਿਚ ਉਹ ਆਖਦਾ ਹੈ ਕਿ ਰਾਜੇ ਦੇ ਭਲੇ ਦੇ ਲਈ ਪਰਮਾਤਮਾ ਦੇ ਦੰਡ ਦਾ ਫ਼ੁਰਮਾਨ ਜਾਰੀ ਕੀਤਾ ਹੈ। ਦੰਡ ਵਿਅਕਤੀਗਤ ਸੁਰੱਖਿਆ ਅਤੇ ਸਮਾਜ ਦੀ ਸਥਿਰਤਾ ਨੂੰ ਯਕੀਨੀ ਬਣਾਉਂਦਾ ਹੈ। ਦੰਡ ਦੇ ਡਰ ਕਾਰਨ ਹੀ ਵਿਅਕਤੀ ਕਾਨੂੰਨਾਂ ਦੀ ਪਾਲਣਾ ਕਰਦਾ ਹੈ। ਜੇਕਰ ਦੰਡ ਅਲੋਪ ਹੋ ਜਾਵੇ ਤਾਂ ਸਹੀ ਅਤੇ ਗਲਤ ਵਿਚ, ਕਾਨੂੰਨੀ ਅਤੇ ਗੈਰ ਕਾਨੂੰਨੀ ਅਤੇ ਆਪਣੀ ਤੇ ਦੂਜਿਆਂ ਦੀ ਜਾਇਦਾਦ ਵਿਚ ਅੰਤਰ ਖਤਮ ਹੋ ਜਾਂਦਾ ਹੈ ਅਤੇ ਸਾਰੇ ਪਾਸੇ ਅਰਾਜਕਤਾ ਫੈਲ ਜਾਂਦੀ ਹੈ।

## ਅਰਥ ਸ਼ਾਸਤਰ ਵਿਚ ਦੰਡ-ਨੀਤੀ

ਪ੍ਰਾਚੀਨ ਹਿੰਦੂ ਰਾਜਨੀਤੀ ਵਿਗਿਆਨ ਬਾਰੇ ਸਭ ਤੋਂ ਉੱਤਮ ਗ੍ਰੰਥ ਅਰਥ ਸ਼ਾਸਤਰ ਹੈ ਜੋ ਕੌਟਲਿਆ ਦੀ ਦੇਣ ਹੈ। ਇਹ ਇਸ ਵਿਸ਼ੇ ਉੱਤੇ ਸਭ ਤੋਂ ਵਿਸ਼ਾਲ ਖੋਜ ਗ੍ਰੰਥ ਹੈ ਅਤੇ ਇਸ ਨੂੰ ਸਮੁੱਚੇ ਹਿੰਦੂ ਕਾਲ ਅਤੇ ਕਾਫ਼ੀ ਸਮਾਂ ਬਾਅਦ ਤਕ ਰਾਜਨੀਤੀ ਉੱਤੇ ਇਕ ਪ੍ਰਮਾਣਿਕ ਗ੍ਰੰਥ ਮੰਨਿਆ ਜਾਂਦਾ ਰਿਹਾ ਹੈ। ਕੌਟਲਿਆ ਨੇ ਆਪਣੇ ਅਰਥ ਸ਼ਾਸਤਰ ਵਿਚ ਰਾਜਨੀਤੀ ਦੇ ਵਿਗਿਆਨ ਨੂੰ ਇਕ ਸੁਤੰਤਰ ਵਿਗਿਆਨ ਦਾ ਦਰਜਾ ਦਿੱਤਾ। ਉਸ ਨੇ ਜ਼ੋਰ ਦਿੱਤਾ ਹੈ ਕਿ, "ਰਾਜਨੀਤੀ ਸ਼ਾਸਤਰ ਨੂੰ ਇਕ ਵੱਖਰਾ ਵਿਗਿਆਨ ਮੰਨਣਾ ਚਾਹੀਦਾ ਹੈ।" ਕੌਟਲਿਆ ਨੇ ਸਾਰੇ ਮਾਨਵ ਗਿਆਨ ਨੂੰ ਚਾਰ ਭਾਗਾਂ ਵਿਚ ਵੰਡਿਆ। ਪਹਿਲਾਂ ਅਨਵਿਖਸ਼ਕੀ ਜਾਂ ਦਰਸ਼ਨ ਜਿਸ ਨਾਲ ਸੂਝ ਬੂਝ ਵੱਧਦੀ ਹੈ, ਦਿਲ, ਦਿਮਾਗ ਖੁਲ੍ਹਦਾ ਹੈ ਅਤੇ ਸਾਰੇ ਗੁਣਾਂ ਅਤੇ ਗਿਆਨ ਦਰਵਾਜ਼ੇ ਖੁਲ੍ਹਦੇ ਹਨ। ਦੂਜਾ, ਤਰਾਈ ਜਾਂ ਤਿੰਨ ਵੇਦ, ਰਿਗ, ਸਮ ਅਤੇ ਯਜੁੱਰ ਹੈ। ਤੀਜਾ, ਵਰਤਾ ਜਾਂ ਅਰਥ ਸ਼ਾਸਤਰ। ਅੰਤਿਮ ਦੰਡ-ਨੀਤੀ ਜਾਂ ਰਾਜਨੀਤੀ ਸ਼ਾਸਤਰ ਜਿਸ ਨੂੰ ਉਸ ਨੇ ਇਕ ਵਿਗਿਆਨ ਅਤੇ ਸਰਵੋਤਮ ਕਲਾ ਮੰਨਿਆ। ਇਹੋ ਸਾਰੇ ਗਿਆਨ ਦੀ ਜੜ੍ਹ ਹੈ। ਸਾਰੇ ਵਿਗਿਆਨਾਂ ਦੀ ਭਲਾਈ ਰਾਜਨੀਤੀ ਸ਼ਾਸਤਰ ਦੀ ਭਲਾਈ ਉੱਤੇ ਨਿਰਭਰ ਕਰਦੀ ਸੀ। ਲਾਭ ਦੀ ਪ੍ਰਾਪਤੀ ਵਿਚ ਇਸ ਦੀ ਬਹੁਤ ਜ਼ਿਆਦਾ ਕਦਰ ਤੇ ਕੀਮਤ ਹੈ। ਦੰਡ ਦਾ ਸ਼ਾਬਦਿਕ ਅਰਥ ਹੈ ਛੜੀ। ਪਹਿਲੇ ਚਰਾਗਾਹੀ ਯੁਗ ਵਿਚ ਸ਼ਾਇਦ ਇਹ ਛੜੀ ਚਰਵਾਹੇ ਦੀ ਉਹੁ ਸੋਟੀ ਸੀ ਜਿਸ ਨਾਲ ਉਹ ਜਾਨਵਰਾਂ ਨੂੰ ਹਾਕਦਾਂ ਸੀ। ਇਸ ਵਿਚ ਕੋਈ ਸ਼ਕ ਨਹੀਂ ਕਿ ਇਤਿਹਾਸ ਜਾਂ ਰਾਜਨੀਤੀ ਸਿੱਧਾਂਤ ਦੇ ਪ੍ਰਸ਼ਨ ਦੇ ਉੱਤਰ ਸ਼ਬਦ-ਬੋਧ ਦੇ ਦ੍ਰਿਸ਼ਟੀਕੋਣ ਤੋਂ ਦਿੱਤੇ ਜਾ ਸਕਣੇ ਸੰਭਵ ਨਹੀਂ ਪਰ ਅਜਿਹੇ ਸ਼ਾਬਦਿਕ ਅਰਥ ਨਾਲ ਅਸੀਂ ਇਕ ਆਰੰਭਿਕ ਧਾਰਣਾ ਅਵਸ਼ ਬਣਾ ਸਕਦੇ ਹਾ, ਜਿਸ ਨੂੰ ਹੋਰ ਪ੍ਰਮਾਣਾਂ ਦੀ ਸਹਾਇਤਾ ਨਾਲ ਪਰਖਿਆ ਜਾ ਸਕਦਾ ਹੈ। ਧਾਰਣਾ ਇਹ ਹੈ ਕਿ ਰਾਜੇ ਦੀ ਸ਼ਕਤੀ, ਜਿਵੇਂ ਕਿ ਅਸੀਂ 'ਦੰਡ' ਤੋਂ ਅਰਥ ਲੈਂਦੇ ਹਾਂ, ਨੂੰ ਚਰਵਾਹੇ ਦੀ ਛੜੀ ਵਾਂਗ ਹੀ ਮੰਨਿਆ ਗਿਆ ਹੈ ਜੋ ਕਿ ਜਾਨਵਰ ਨੂੰ ਮਜ਼ਬੂਰ ਨਹੀਂ ਕਰਦੀ ਬਲਕਿ ਉਹ ਰਸਤਾ ਦਰਸਾਂਦੀ ਹੈ ਜਿਸ ਉੱਤੇ ਉਸ ਨੂੰ ਜਾਣਾ ਚਾਹੀਦਾ ਹੈ। ਛੜੀ ਦੇ ਇਸ਼ਾਰੇ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ, ਕਿਉਂਕਿ ਚਰਵਾਹੇ ਦੀ ਸੱਤਾ ਕਬੂਲੀ ਹੋਈ ਹੈ। ਇਥੇ ਇਕ ਸੁਝਾਅ ਹੈ ਕਿ ਦੰਡ ਮੁੱਖ ਤੌਰ ਤੇ ਪਿਤਰੀ ਕਿਸਮ ਦੀ ਨੈਤਿਕ ਸੱਤਾ ਅਤੇ ਘੱਟੋ ਘੱਟ ਸਰੀਰਕ ਤਾਕਤ ਨੂੰ ਜ਼ਾਹਿਰ ਕਰਦਾ ਹੈ।

ਗੌਤਮ ਦੰਡ ਦਾ ਨਿਕਾਸ 'ਦਮ' ਸ਼ਬਦ ਤੋਂ ਲੈਂਦਾ ਹੈ 'ਦਮ' ਦਾ ਭਾਵ ਉਸ ਅਨੁਸਾਰ ਨਿਯੰਤਰਣ ਕਰਨਾ ਹੈ। ਇਸ ਲਈ ਉਹ ਦੰਡ ਨੂੰ ਅਜਿਹੇ ਯੰਤਰ ਵਜੋਂ ਦੇਖਦਾ ਹੈ, ਜੋ ਕਿ ਧਰਮ ਦੀ ਉਲੰਘਣਾ ਕਰਨ ਵਾਲੇ ਨੂੰ ਦਬਾਉਂਦਾ ਹੈ ਅਤੇ ਦੰਡਿਤ ਕਰਦਾ ਹੈ। ਦੰਡ ਨੂੰ ਧਰਮ ਨਾਲ ਸੰਬੰਧਿਤ ਕਰਨ ਦੀ ਪਰਿਭਾਸ਼ਾ ਹੋਰ ਵੀ ਕਈ ਥਾਵਾਂ ਤੇ ਮਿਲਦੀ ਹੈ। ਮਨੂ ਸਿਮਰਤੀ ਵਿਚ ਦੰਡ ਨੂੰ ਇਕ ਅਜਿਹਾ ਯੰਤਰ ਕਿਹਾ ਗਿਆ ਹੈ ਜਿਸ ਨੂੰ ਦੇਵਤਿਆਂ ਅਤੇ ਦੁਸ਼ਟਾਂ ਨੂੰ ਸਹੀ ਰਸਤੇ ਉਪਰ ਰੱਖਣ ਲਈ ਵਰਤਿਆ ਜਾਂਦਾ ਹੈ।

ਇਸ ਤਰ੍ਹਾਂ ਜਿਵੇਂ ਕਿ ਅਸੀਂ ਦੇਖਿਆ ਹੀ ਹੈ, ਦੰਡ ਨੀਤੀ ਨੂੰ ਅਰਥ ਸ਼ਾਸਤਰ ਦੇ ਬਰਾਬਰ ਦਾ ਹੀ ਗਿਆਨ ਮੰਨਿਆ ਗਿਆ ਹੈ, ਇਸ ਲਈ ਰਾਜਨੀਤੀ ਵਿਗਿਆਨ ਤੇ ਲਿਖੇ ਗਏ ਕਈ ਸਾਰੇ ਗ੍ਰੰਥਾਂ ਵਿਚ ਦੰਡ ਨੀਤੀ ਦੀ ਉਸਤਤੀ ਕੀਤੀ ਗਈ ਹੈ। ਮਹਾਂਭਾਰਤ ਵਿਚ ਕਿਹਾ ਗਿਆ ਹੈ ਕਿ ਜੇਕਰ 'ਦੰਡ' 'ਏਥੇ ਭਾਵ ਕਾਨੂੰਨ ਜਾਂ ਰਾਜ ਦੇ ਨਿਯਮਾਂ ਤੋਂ ਹੈ) ਲਾਗੂ ਕਰਨ ਲਈ ਕੋਈ ਰਾਜਾ ਨਹੀਂ ਤਾਂ ਪਤਨੀ ਤੇ ਸੰਪਤੀ ਭਾਵ ਪਰਿਵਾਰਿਕ ਜੀਵਨ ਤੇ ਜਾਇਦਾਦ ਦੋਵੇਂ ਹੀ ਨਸ਼ਟ ਹੋ ਜਾਣਗੇ, ਕਿਉਂਕਿ ਰਾਜੇ ਦੀ ਅਨਉਪਸਥਿਤੀ ਵਿਚ ਦੰਡ ਲਾਗੂ ਕਰਨ ਵਾਲੀ ਕੋਈ ਸ਼ਕਤੀ ਨਹੀਂ ਹੋਵੇਗੀ। ਮਨੁੱਖਾਂ ਵਿਚ ਕਾਰ ਵਿਹਾਰ ਅਤੇ ਸਤਿਕਾਰ ਦੀਆਂ ਕੜ੍ਹੀਆਂ ਜਿਹਨਾਂ ਦਾ ਆਧਾਰ ਸਮਾਜ ਵਿਚ ਮੌਜੂਦ ਸੰਸਥਾਵਾਂ ਹਨ, ਢਿੱਲੀਆਂ ਪੈ ਜਾਣਗੀਆਂ। ਏਥੇ 'ਦੰਡ' ਨੂੰ ਰਾਜੇ ਦੇ 'ਸੁਰੱਖਿਆ' ਪ੍ਰਦਾਨ ਕਰਨ ਦੇ ਕਾਰਜ ਨਾਲ ਬਹੁਤ ਗੂੜ੍ਹੀ ਤਰ੍ਹਾਂ ਜੁੜਿਆ ਹੋਇਆ ਮੰਨਿਆ ਗਿਆ ਹੈ। ਏਸੇ ਤਰ੍ਹਾਂ ਸਿਮਰਤੀਆ ਅਤੇ ਸ਼ਾਸਤਰਾਂ ਵਿਚ ਵੀ ਰਾਜੇ ਦੇ ਜਨਤਾ ਨੂੰ ਸੁਰੱਖਿਆ ਤੇ ਸੰਭਾਲ ਪ੍ਰਦਾਨ ਕਰਨ ਦੇ ਕਾਰਜ ਦਾ ਵਿਚਾਰ ਅੰਕਿਤ ਹੈ। ਇਹ ਵਿਚਾਰ 'ਸੁਨਹਿਰੀ ਯੁਗ' ਦੀ ਮਿਥਿਆ ਨਾਲ ਜੁੜ੍ਹਿਆ ਹੋਇਆ ਹੈ ਜਿਸ ਦਾ ਅੰਤ ਮਨੁੱਖ ਦੇ ਪਤਨ ਕਾਰਨ ਹੋ ਗਿਆ। ਅਜਿਹੀ ਸਥਿਤੀ ਵਿਚ ਧਰਮ ਤੇ ਨੈਤਿਕ ਫਰਜ਼ਾਂ ਨੂੰ ਲਾਗੂ ਕਰਨ ਦੇ ਲਈ ਇਕ ਸੱਤਾ ਦੀ ਜ਼ਰੂਰਤ ਹੈ ਤਾਂ ਕਿ ਮਨੁੱਖਾਂ ਨੂੰ ਠੀਕ ਤੇ ਯੋਗ ਰਾਹ ਤੇ ਰੱਖਿਆ ਜਾ ਸਕੇ ਅਤੇ ਉਹਨਾਂ ਦੀ ਆਪਣੇ ਹੀ ਸੁਭਾਅ ਜਾਂ ਪ੍ਰਕ੍ਰਿਤੀ ਤੋਂ (ਜੋ ਕਿ ਮੂਲ ਰੂਪ ਵਿਚ ਸਵਾਰਥੀ ਹੈ) ਰੱਖਿਆ ਕੀਤੀ ਜਾ ਸਕੇ। ਸੋ ਦੰਡ ਤੋਂ ਭਾਵ ਕਿਸੇ ਅਜਿਹੇ ਸ਼ਾਸਨ ਜਾਂ ਸੱਤਾ ਤੋਂ ਨਹੀਂ ਜੋ ਕਿ ਸਿੱਧਾਂਤਕ ਤੌਰ ਤੇ ਪੁਲਿਸ ਆਤਕ ਜਾਂ ਫ਼ੌਜੀ ਰਾਜ ਦਾ ਰੂਪ ਧਾਰਨ ਕਰ ਸਕੇ, ਕਿਉਂਕਿ ਅਜਿਹੀ ਸਥਿਤੀ ਤਾਂ ਰਾਜੇ ਦੇ ਧਰਮ ਵਿਰੁੱਧ ਹੋਵੇਗੀ। ਦੰਡ ਤਾਂ ਇਨਸਾਫ ਦਾ ਉੱਦੇਸ਼ ਪ੍ਰਾਪਤ ਕਰਨ ਲਈ ਧਰਮ ਦੀ ਵਿਆਖਿਆ ਹੈ। ਮਨੁੱਖੀ ਸੁਭਾਅ ਦੀਆਂ ਕਮੀਆਂ ਕਾਰਨ ਸਮਾਜ ਵਿਚ ਸਮਤੋਲ ਕਾਇਮ ਰੱਖਣ ਲਈ ਇਸ ਕਾਰਜ (ਦੰਡ) ਨੂੰ ਜ਼ਰੂਰੀ ਮੰਨਿਆ ਗਿਆ ਹੈ।

ਸ਼ਾਂਤੀ ਪੂਰਵ ਵਿਚ ਦੰਡ ਦੀ ਉਸਤਤੀ ਕੀਤੀ ਗਈ ਹੈ ਅਤੇ ਦਾਅਵਾ ਕੀਤਾ ਗਿਆ ਹੈ ਕਿ ਇਸ ਕਾਰਜ ਨੂੰ ਨਿਭਾ ਕੇ ਰਾਜਾ ਲੋਕ ਅਤੇ ਪਰਲੋਕ ਦੋਹਾਂ ਵਿਚ ਯਕੀਨੀ ਤੌਰ ਤੇ ਇਨਾਮ ਦਾ ਹੱਕਦਾਰ ਬਣਦਾ ਹੈ। 'ਦੰਡ' ਕੇਵਲ 'ਕਸ਼ਤਰੀਆਂ' ਦਾ ਫਰਜ਼ ਹੈ। ਇਸ ਦੁਆਰਾ ਰਾਜਾ ਸਭ ਤੇ ਸ਼ਾਸਨ ਕਰਦਾ ਹੈ ਅਤੇ ਸਭ ਦੀ ਰੱਖਿਆ ਕਰਦਾ ਹੈ। ਇਹ (ਦੰਡ) ਸਜਗ ਅਤੇ ਜਾਗਰੂਕ ਹੈ। ਇਹ ਧਰਮ ਦੇ ਬਰਾਬਰ ਹੈ ਅਤੇ ਮਨੁੱਖੀ ਜੀਵਨ ਦੇ ਤਿੰਨ ਉੱਦੇਸ਼ਾਂ ਭਾਵ ਧਰਮ,ਅਰਥ ਅਤੇ ਕਾਮ ਦੀ ਪ੍ਰਾਪਤੀ ਯਕੀਨੀ ਬਣਾਉਂਦਾ ਹੈ। ਦੰਡ ਨੂੰ ਸਥਾਪਿਤ ਕਰਨ ਦਾ ਮੰਤਵ ਲੋਕਾਂ ਨੂੰ ਅਰਾਜਕਤਾ ਦੀ ਸਥਿਤੀ ਤੋਂ ਉਭਾਰਵਾ, ਉਹਨਾਂ ਦੀ ਜਾਇਦਾਦ ਨੂੰ ਸੁਰੱਖਿਅਤ ਕਰਨਾ ਅਤੇ ਚਾਰੇ ਵਰਣਾਂ ਨੂੰ ਅਵਿਵਸਥਾ ਦੀ ਸਥਿਤੀ ਤੋਂ ਬਚਾਉਂਣਾ ਹੈ। ਦੰਡ ਦੀ ਸੁਰੱਖਿਆ ਤੋਂ ਬਿਨਾਂ ਲੋਕ ਘੋਰ ਅੰਧਕਾਰ ਵਿਚ ਡੁੱਬ ਜਾਣਗੇ, ਬਲਵਾਨ ਕਮਜ਼ੋਰਾਂ ਨੂੰ ਖਤਮ ਕਰ ਦੇਣਗੇ, ਕੋਈ ਵਿਦਿਆਰਥੀ ਵੇਦ ਨਹੀਂ ਪੜ੍ਹੇਗਾ, ਕਿਸੇ ਗਾਂ ਦਾ ਦੁੱਧ ਨਹੀਂ ਚੋਇਆ ਜਾ ਸਕੇਗਾ, ਮੇਰੇ ਤੇਰੇ ਦੀ ਭਾਵਨਾ ਖਤਮ ਹੋ ਜਾਵੇਗੀ ਅਤੇ ਸਿਰਫ ਉਹਨਾਂ ਦੇਵਤਿਆਂ ਨੂੰ ਪੂਜਿਆ ਜਾਵੇਗਾ ਜੋ ਦੂਜਿਆਂ ਦਾ ਕਤਲ ਕਰਕੇ ਖਾਂਦੇ ਹਨ। ਗੱਲ ਕੀ, ਇਕ ਦਾ ਲਾਭ ਦੂਜਿਆਂ ਦੀ ਤਬਾਹੀ ਦੁਆਰਾ ਹੀ ਸੰਭਵ ਹੋ ਸਕੇਗਾ। ਇਸ ਸਭ ਉਦਾਹਰਣਾਂ ਦੁਆਰਾ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਮਨੁੱਖ ਦੇ ਪਤਨ ਤੋਂ ਬਾਅਦ ਇਸ ਕਲਯੁਗ ਦੀ ਸਥਿਤੀ ਵਿਚ ਦੰਡ ਹੀ ਧਰਮ ਦੀਆਂ ਜ਼ਿੰਮੇਵਾਰੀਆਂ

ਨੂੰ ਨਿਭਾ ਸਕਣ ਵਿਚ ਸਹਾਇਕ ਹੋ ਸਕਦਾ ਹੈ ਤੇ ਦੰਡ ਦੀ ਅਣਹੋਂਦ ਵਿਚ ਅਰਾਜਕਤਾ ਦੀ ਅਜਿਹੀ ਸਥਿਤੀ ਹੋਂਦ ਵਿਚ ਆ ਜਾਏਗੀ ਜਿਸ ਵਿਚ ਕੋਈ ਆਪਣੇ ਕਾਰਜ ਠੀਕ ਤਰ੍ਹਾਂ ਨਹੀਂ ਨਿਭਾਏਗਾ।

## Books Suggested :


1. J.P. Suda : Ancient Indian Political Thought and Institutions.
2. A.S. Altekar : State & Government in Ancient India 1972.
3. Beni Prasad : Theory of Government in Ancient India 1968.
4. K.P. Jayaswal : Hindu Polity 1967.
5. Evenstein William : Modern Political Thought.
6. Roueek Joseph : Twentieth Century Political Thought.

---

**ਪਾਠ ਨੰਬਰ** : 1.2 **ਲੇਖਕ : ਡਾ. ਲਖਵਿੰਦਰ ਸਿੰਘ ਸਿੱਧੂ**

---

# ਵੈਦਿਕ ਸਾਹਿਤ ਵਿੱਚ ਰਾਜਨੀਤਿਕ ਚਿੰਤਨ ਅਤੇ ਸੰਸਥਾਵਾਂ- ਰਾਜ ਦੀ ਉਤਪੱਤੀ ਤੇ ਸਰੂਪ, ਰਾਜਾਸ਼ਾਹੀ - ਰਾਜੇ ਦੀ ਤਾਜ਼ਪੋਸ਼ੀ, ਉਸਦੀ ਨਿਯੁਕਤੀ ਦੇ ਸਿਧਾਂਤ ਅਤੇ ਉਸਦੀ ਸਥਿਤੀ; ਸਭਾ, ਸਮਿਤੀ, ਗਣ, ਅਤੇ ਵਿਧਾਤਾ

ਵੇਦਾਂ ਨੂੰ (Vedas) ਸੰਸਾਰ ਦਾ ਸਭ ਤੋਂ ਪੁਰਾਤਨ ਸਾਹਿਤ ਮੰਨਿਆ ਜਾਂਦਾ ਹੈ।ਵੈਦਿਕ ਸਾਹਿਤ ਵਿੱਚ ਚਾਰ ਵੇਦ - ਰਿਗਵੇਦ, ਅਥਰਵਵੇਦ, ਸਾਮਵੇਦ ਅਤੇ ਯਜੁਰਵੇਦ ਅਤੇ ਬ੍ਰਹਮਾ-ਐਤਰਿਆ (Aitareya), ਤੈਤਰਿਆ ਅਤੇ ਸੱਤਆਪਾਠ (Satapatha) ਅਤੇ ਪ੍ਰਮੁੱਖ ਉਪਨਿਸ਼ਦ (Upanishads) ਸ਼ਮਿਲ ਹਨ। ਇਹਨਾਂ ਵਿੱਚੋਂ ਰਿਗਵੇਦ (Rigveda) ਸਭ ਤੋਂ ਪੁਰਾਣਾ ਹੈ। ਡਾ. ਗੋਸ਼ਾਲ (Ghoshal) ਅਨੁਸਾਰ ਵੈਦਿਕ ਕਾਲ ਦਾ ਸਮਾਂ ਆਮ ਤੌਰ ਤੇ 1500 ਤੋਂ 600 ਈਸਾ ਪੂਰਵ (B.C.) ਮੰਨਿਆ ਜਾਂਦਾ ਹੈ।ਇਸ ਸਮੇਂ ਦੌਰਾਨ ਰਾਜਨੀਤੀ-ਸ਼ਾਸਤਰ ਸੰਬੰਧੀ ਕੋਈ ਵਿਧੀਵਤ ਸਾਹਿਤ ਦੀ ਰਚਨਾ ਨਹੀਂ ਹੋਈ।ਪਰੰਤੂ, ਵੈਦਿਕ ਸਾਹਿਤ ਵਿੱਚ ਇੱਧਰ-ਉੱਧਰ ਮਿਲਦੇ ਵਿਵਰਣ ਵੈਦਿਕ ਕਾਲ ਵਿੱਚ ਸਰਕਾਰ ਦੇ ਸਿਧਾਂਤ ਅਤੇ ਵਿਵਹਾਰ ਉੱਪਰ ਜ਼ਿਕਰਯੋਗ ਰੌਸ਼ਨੀ ਪਾਉਂਦੇ ਹਨ। ਰਿਗਵੇਦ ਵਿੱਚ ਇਸ ਸੰਬੰਧੀ ਥੋੜ੍ਹਾ ਜ਼ਿਕਰ ਮਿਲਦਾ ਹੈ, ਪਰੰਤੂ ਅਥਰਵਵੇਦ ਵਿੱਚ ਕਾਫੀ ਰਾਜਨੀਤਿਕ ਵਿਚਾਰ-ਚਰਚਾ ਮਿਲਦੀ ਹੈ।ਹਾਲਾਂਕਿ ਇਸ ਵਿੱਚ ਜ਼ਿਆਦਾਤਰ ਰਾਜ਼ਾਸ਼ਾਹੀ ਜਾਂ ਰਾਜਤੰਤਰ (Kingship) ਦਾ ਹੀ ਜ਼ਿਕਰ ਹੈ। ਯਜੁਰਵੇਦ ਦੇ ਵੱਖ-ਵੱਖ ਸਮਹਿਤਾ (Samhitas) ਵਿਚ ਅਤੇ ਬ੍ਰਹਮਣਾਂ (Brahmnas) ਸਾਹਿਤ ਵਿੱਚ ਰਾਜੇ ਦੀ ਤਾਜ਼ਪੋਸ਼ੀ ਦੀ ਰਸਮ ਦਾ ਅਨੇਕਾਂ ਵਾਰ ਵਰਣਨ ਮਿਲਦਾ ਹੈ ਅਤੇ ਉਸ ਸਮੇਂ ਰਾਜੇ ਦੁਆਰਾ ਕੁਝ ਮੌਕਿਆਂ ਤੇ ਦਿੱਤੇ ਜਾਂਦੇ ਬਲੀਦਾਨਾਂ ਦਾ ਵੀ ਜ਼ਿਕਰ ਆਉਂਦਾ ਹੈ।ਡਾ. ਅਲਟੇਕਰ (Altekar) ਵੀ ਵੈਦਿਕ ਕਾਲ ਦੋਰਾਨ ਰਾਜੇ ਦੀ ਸਥਿਤੀ, ਉਸਦੀ ਸ਼ਾਹੀ ਠਾਠ-ਬਾਠ, ਉਸ ਦੁਆਰਾ ਲਗਾਏ ਜਾਂਦੇ ਕਰਾਂ, ਰਾਜੇ ਸੰਬੰਧਿਤ ਹੋਰ ਕੰਮਾਂ ਬਾਰੇ ਉਪਰੋਕਤ ਸਾਹਿਤ ਕਾਫੀ ਰੌਸ਼ਨੀ ਪਾਉਂਦਾ ਹੈ।ਡਾ. ਬੇਨੀ ਪ੍ਰਸ਼ਾਦ ਅਨੁਸਾਰ ਭਾਰਤੀ ਸਮਾਜਿਕ ਅਤੇ ਧਾਰਮਿਕ ਚਿੰਤਨ ਦੀ ਸ਼ੁਰੂਆਤ ਵੈਦਿਕ ਸਾਹਿਤ ਤੋਂ ਹੋਈ ਹੈ।ਹਾਲਾਂਕਿ ਵੇਦਾਂ ਦਾ ਸਰੂਪ ਪ੍ਰਮੁੱਖ ਰੂਪ ਵਿਚ ਧਾਰਮਿਕ ਅਤੇ ਭਗਤੀਸ਼ਾਲੀ ਸੀ, ਪਰੰਤੂ ਫਿਰ ਵੀ ਇਹਨਾਂ ਵਿੱਚ ਉਸ ਸਮੇਂ ਦੇ ਸਮੁੱਚੇ ਜੀਵਨ ਅਤੇ ਆਰੰਭਿਕ ਭਾਰਤੀ ਆਰੀਅਨਾਂ ਦੀਆਂ ਰਾਜਨੀਤਿਕ ਸੰਸਥਾਵਾਂ ਅਤੇ ਵਿਚਾਰਾਂ ਦੀ ਵੀ ਝਲਕ ਮਿਲਦੀ ਹੈ। ਵੈਦਿਕ ਸਾਹਿਤ ਵਿੱਚ ਹੀ ਵਰਣ ਵਿਵਸਥਾ (Varna System) ਦਾ ਸਭ ਤੋਂ ਪਹਿਲਾ ਜ਼ਿਕਰ ਮਿਲਦਾ ਹੈ।ਵਰਣ-ਵਿਵਸਥਾ ਕੁਝ ਸਮੇਂ ਬਾਅਦ ਸਖਤ ਹੋ ਗਈ। ਜ਼ਾਤ-ਵਰਗੀਕਰਣ ਦੇ ਰੂਪ ਵਿੱਚ ਵਿਕਸਿਤ ਪ੍ਰਾਚੀਨ ਸਮਾਜਿਕ ਵਿਵਸਥਾ ਪ੍ਰਾਚੀਨ ਭਾਰਤ ਦੇ ਰਾਜਨੀਤਿਕ ਚਿੰਤਨ ਨੂੰ ਸਮਝਣ ਲਈ ਬਹੁਤ ਮਹੱਤਵ ਰੱਖਦੀ ਹੈ।

## ਰਾਜ ਦੀ ਉਤਪਤੀ ਤੇ ਸਰੂਪ (Origin and Nature of State)

ਅਲਟੇਕਰ (Altekar) ਅਨੁਸਾਰ ਆਰੰਭਿਕ ਵੈਦਿਕ ਕਾਲ ਵਿਚ ਰਾਜ ਦਾ ਅਕਾਰ ਪ੍ਰਾਚੀਨ ਯੂਨਾਨ ਦੇ ਨਗਰ-ਰਾਜਾਂ ਵਾਂਗ ਛੋਟਾ ਹੀ ਸੀ। ਪ੍ਰਚੀਨ ਭਾਰਤੀ ਰਾਜਨੀਤਿਕ ਵਿਚਾਰਧਾਰਾ ਵਿੱਚ ਸਾਨੂੰ ਅਕਸਰ ਰਾਜ ਦੀ ਰਾਜਤੰਤਰ (Monarchy) ਵਿਵਸਥਾ ਦਾ ਜ਼ਿਕਰ ਮਿਲਦਾ ਹੈ ਅਤੇ ਬਹੁਤ ਘੱਟ ਥਾਵਾਂ ਉੱਪਰ ਸੰਘੀ (Republican) ਰਾਜ ਦੀ ਚਰਚਾ ਹੁੰਦੀ ਹੈ। ਇਹ ਜ਼ਿਕਰਯੋਗ ਹੈ ਕਿ ਲੰਬੇ ਸਮੇਂ ਤੱਕ ਰਾਜ ਇੱਕ ਕਬੀਲੇ (Tribal) ਦੀ ਤਰ੍ਹਾਂ ਸੀ।ਉਸ ਸਮੇਂ ਰਾਜ ਅਤੇ ਸਮਾਜ ਵਿੱਚ ਕੋਈ ਫਰਕ ਨਹੀਂ ਸੀ। ਆਰੰਭਿਕ ਵੈਦਿਕ ਕਾਲ ਵਿਚ ਸਮਾਜ ਦਾ ਸੰਗਠਨ ਕਬੀਲਾਈ ਸੀ ਜੋ ਕਿ ਪਿਤਾ-ਪੁਰਖੀ ਸਿਧਾਂਤ 'ਤੇ ਆਧਾਰਿਤ ਸੀ। ਪਰਿਵਾਰ ਦਾ ਸਭ ਤੋਂ ਵੱਡਾ ਪੁਰਸ਼ ਮੈਬਰ ਇਸਦਾ ਮੁਖੀ ਹੁੰਦਾ ਸੀ ਅਤੇ ਕਬੀਲੇ ਦਾ ਸਭ ਤੋਂ ਵੱਡੀ ਉਮਰ ਦਾ ਮੈਂਬਰ ਇਸਦਾ ਆਗੂ ਹੁੰਦਾ ਸੀ। ਹਰੇਕ ਕਬੀਲਾ ਕਿਸੇ ਖਾਸ ਖੇਤਰ ਵਿੱਚ ਵਸਦਾ ਹੁੰਦਾ ਸੀ ਜਿਸ ਨੂੰ ਕਿ ਉਹ ਆਪਣੀ ਮਲਕੀਅਤ ਸਮਝਦਾ ਸੀ। ਸਮਾਂ ਪਾ ਕੇ ਇਸ ਨੇ ਸਰਕਾਰ ਜਾਂ ਰਾਜੇ ਦੀ ਸੰਸਥਾ ਦਾ ਨਿਰਮਾਣ ਵੀ ਕੀਤਾ। ਜਿਸਦੇ ਮੁਖੀ ਨੂੰ ਰਾਜਨ ਕਿਹਾ ਜਾਂਦਾ ਸੀ।ਆਕਾਰ ਪੱਖੋਂ ਇਹ ਛੋਟੇ ਰਾਜ ਸਨ। ਇਹਨਾਂ ਦੇ ਲੋਕ ਆਪਣੇ ਆਪ ਨੂੰ ਯਾਦੂ (Yadu), ਪੁਰੂ (Puru) ਜਾਂ ਤਰਵਸੂ (Turvasu), ਆਦਿ ਵਰਗੇ ਮਸ਼ਹੂਰ ਪਰੰਪਰਾਗਤ ਪੁਰਖਿਆਂ ਦੀ ਸੰਤਾਨ ਸਮਝਦੇ ਸਨ। ਰਿਗਵੇਦ ਵਿੱਚ ਵਿਸਪਤੀਆਂ (Tribal Chiefs) ਅਤੇ ਗਣਪਤੀਆਂ ਦੇ ਵਾਰ-ਵਾਰ ਜ਼ਿਕਰ ਤੋਂ ਇਲਾਵਾ ਯਾਦੂ, ਪੁਰੂ, ਅਨੂਸ, ਅਤੇ ਤੁਰਵਸੀ, ਆਦਿ ਵਿਸ਼ੇਸ਼ ਕਬੀਲਿਆਂ ਦਾ ਵੀ ਅਕਸਰ ਜ਼ਿਕਰ ਮਿਲਦਾ ਹੈ।

ਆਰੀਅਨ ਸਮਾਜ ਵਿੱਚ ਰਾਜਾਸ਼ਾਹੀ ਦੀ ਉਤਪਤੀ ਸਾਂਝੇ ਪਰਿਵਾਰ ਦੀ ਸੰਸਥਾ ਤੋਂ ਹੋਈ ਅਤੇ ਪਰਿਵਾਰ ਦੇ ਮੁਖੀ ਦੀ ਤਰ੍ਹਾਂ ਰਾਜਾਸ਼ਾਹੀ ਵੀ ਆਮ ਤੌਰ ਤੇ ਵਿਰਸੇ ‘ਤੇ ਆਧਾਰਿਤ (Hereditary) ਸੀ। ਅਲਟੇਕਰ ਅਨੁਸਾਰ ਰਾਜੇ ਦੀ ਚੋਣ ਕਰਨ ਦੀਆਂ ਵੀ ਕੁਝ ਉਦਹਾਰਣਾਂ ਮਿਲਦੀਆਂ ਹਨ। ਰਿਗਵੇਦ ਵਿੱਚ ਇੱਕ ਥਾਂ ਉੱਪਰ ਕਬੀਲੇ ਦੁਆਰਾ ਰਾਜੇ ਦੀ ਚੋਣ ਕਰਨ ਦਾ ਜ਼ਿਕਰ ਮਿਲਦਾ ਹੈ। ਬੇਨੀ ਪ੍ਰਸ਼ਾਦ ਇਹ ਦਾਅਵਾ ਕਰਦਾ ਹੈ ਕਿ ਰਾਜਤੰਤਰ (Monarchy) ਤੋਂ ਪਹਿਲਾ ਭਾਰਤ ਵਿੱਚ ਰਾਜਕੀ ਪ੍ਰਣਾਲੀ (Polity) ਦੀ ਹੋਂਦ ਸੀ।ਉਸਦੇ ਆਪਣੇ ਸ਼ਬਦਾ ਵਿੱਚ, "ਇਹ ਯਾਦ ਰੱਖਣ ਯੋਗ ਹੈ ਕਿ ਆਰੰਭਿਕ ਭਾਰਤੀ ਆਰੀਅਨ ਕਬੀਲਾਈ ਰਾਜਕੀ ਪ੍ਰਣਾਲੀ ਇੱਕ ਆਮ ਜਨਤਕ ਸਭਾ ਵਾਂਗ ਹੋਇਆ ਕਰਦੀ ਸੀ। ਪਰੰਤੂ ਖੇਤਰੀ ਰਾਜਾਂ ਦੇ ਆਕਾਰ ਵਿੱਚ ਵਾਧਾ ਹੋ ਜਾਣ ਕਾਰਣ ਅਤੇ ਇਹਨਾਂ ਵਿਚਕਾਰ ਅਕਸਰ ਹੁੰਦੇ ਯੁੱਧਾਂ ਕਾਰਣ ਰਾਜਨੀਤਿਕ ਸ਼ਕਤੀ ਰਾਜੇ ਦੇ ਹੱਥਾਂ ਵਿੱਚ ਕੇਂਦਰਿਤ ਹੋ ਗਈ।ਰਿਗਵੇਦ ਵਿੱਚ ਰਾਜਾਸ਼ਾਹੀ ਧਰਮ ਨਿਰਲੇਪੀ ਹੈ। ਇਹ ਜ਼ਿਕਰਯੋਗ ਹੈ ਕਿ ਰਿਗਵੇਦ ਰਾਜੇ ਨਾਲ ਕੋਈ ਦੈਵੀ (Divine) ਪੱਖ ਨਹੀਂ ਜੋੜਦਾ ਅਤੇ ਨਾ ਹੀ ਇਸ ਵਿਚ ਰਾਜੇ ਦੁਆਰਾ ਸਮੂਹ ਰਾਜ ਲਈ ਕੀਤੇ ਕਿਸੇ ਜਨਤਕ ਬਲੀਦਾਨ ਦਾ ਹੀ ਜ਼ਿਕਰ ਮਿਲਦਾ ਹੈ। ਅਲਟੇਕਰ ਅਨੁਸਾਰ ਪ੍ਰਾਚੀਨ ਭਾਰਤ ਵਿੱਚ ਰਾਜਾਸ਼ਾਹੀ ਦੀ ਉਤਪਤੀ ਸੰਬੰਧੀ ਵੈਦਿਕ ਸਿਧਾਂਤ ਐਤਰਿਆ ਬ੍ਰਹਮਾ ਵਿੱਚ ਮਿਲਦਾ ਹੈ, ਜਿਸਦੇ ਅਨੁਸਾਰ ਇਸ ਦੀ ਉਤਪਤੀ ਯੁੱਧ ਵਿੱਚ ਹੋਈ ।ਇਹ ਦਾਅਵਾ ਕਰਦਾ ਹੈ ਕਿ ਆਰੰਭ ਵਿੱਚ ਦੇਵਾਂ ਭਾਵ ਕਿ ਉਨ੍ਹਾਂ ਦੇ ਉਪਾਸ਼ਕਾਂ, ਹਿੰਦੂਆਂ, ਦਾ ਕੋਈ ਰਾਜਾ ਨਹੀਂ ਹੁੰਦਾ ਸੀ।ਅਸੁਰਾਂ (Asuras) ਦੇ ਵਿੱਰੁਧ ਸੰਘਰਸ਼ ਦੌਰਾਨ ਜਦੋਂ ਦੇਵਾਂ ਨੇ ਮਹਿਸੂਸ ਕੀਤਾ ਕਿ ਉਹ ਲਗਾਤਾਰ ਹਾਰ ਰਹੇ ਸਨ ਅਤੇ ਜਿਸਦਾ ਕਾਰਨ ਇਹ ਸੀ ਕਿ ਅਸੂਰਾਂ ਕੋਲ ਉਹਨਾਂ ਦੀ ਅਗਵਾਈ ਕਰਨ ਲਈ ਇੱਕ ਰਾਜਾ ਸੀ। ਜਿਸ ਕਾਰਣ ਉਹ ਸਫਲ ਹੁੰਦੇ

ਸਨ। ਇਸ ਲਈ ਦੇਵ ਰਾਜੇ ਦੀ ਚੋਣ ਕਰਣ ਲਈ ਸਹਿਮਤ ਹੋ ਗਏ। ਜੈਸਵਾਲ ਨੇ ਅੰਤਰਿਆ ਬ੍ਰਹਮਾ ਵਿੱਚੋ ਇਸ ਸੰਬੰਧੀ ਮੌਲਿਕ ਲਿਖਤ ਦਾ ਅੰਗਰੇਜ਼ੀ ਅਨੁਵਾਦ ਇਸ ਪ੍ਰਕਾਰ ਕੀਤਾ: "The Devas and Asuras were fighting….. the Asuras defeated the Devas……The Devas said,'it is on account of our having no king that the Asuras defeat us. Let us elect a king' All concented." ਜੈਸਵਾਲ ਅਨੁਸਾਰ ਜੇਕਰ ਇਹ ਇਤਿਹਾਸਿਕ ਜ਼ਿਕਰ ਹੈ ਤਾਂ ਇਹ ਭਾਰਤ ਵਿੱਚ ਆਰੀਅਨਾਂ ਦੀ ਕਬੀਲਾਈ ਅਵਸਥਾ ਦਾ ਜ਼ਿਕਰ ਹੈ ਅਤੇ ਇਸ ਤੋ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਆਰੀਅਨਾਂ ਨੇ ਰਾਜਾਸ਼ਾਹੀ ਦ੍ਰਾਵਿੜੀਆਂ (Dravidians) ਤੋਂ ਗ੍ਰਹਿਣ ਕੀਤੀ। ਉਹ ਅੱਗੇ ਆਖਦਾ ਹੈ ਕਿ ਇਸ ਸਿਧਾਂਤ ਦੀ ਇਤਿਹਾਸਿਕ ਸੱਚਾਈ ਕੁਝ ਵੀ ਹੋਵੇ ਪ੍ਰੰਤੂ ਮਹੱਤਵਪੂਰਨ ਨੁਕਤਾ ਇਹ ਹੈ ਕਿ ਰਾਜਸ਼ਾਹੀ ਦੀ ਉਤਪਤੀ ਦਾ ਅਧਾਰ ਰਾਜੇ ਦਾ ਚੁਣਿਆ ਜਾਣਾ ਸੀ। ਰਾਜੇ ਦੀ ਚੋਣ ਥੋੜੇ ਜਿਹੇ ਵਿਅਕਤੀਆਂ ਦੁਆਰਾ ਕੀਤੀ ਜਾਂਦੀ ਸੀ। ਜਿਹਨਾਂ ਨੂੰ ਰਾਜ-ਚੋਣਕਾਰ (King Electors) ਜਾਂ ਰਾਜਾਕ੍ਰਿਤ ਕਿਹਾ ਜਾਦਾਂ ਸੀ। ਇਹ ਜਾਪਦਾ ਹੈ ਕਿ ਰਾਜੇ ਦੀ ਚੋਣ ਵਿੱਚ ਕੇਵਲ ਕੁਝ ਚੁਣੀਂਦਾ ਪਰਿਵਾਰ ਹੀ ਭਾਗ ਲੈਂਦੇ ਸਨ ਹਾਲਾਂਕਿ ਰਾਜੇ ਦੇ ਵਾਰਿਸ ਉਸੇ ਪਰਿਵਾਰ ਵਿੱਚੋ ਹੀ ਹੁੰਦਾ ਸੀ। ਪ੍ਰੰਤੂ ਆਰੰਭਿਕ ਕਾਲ ਵਿੱਚ ਪਿਤਾ ਤੋਂ ਵੱਡੇ ਪੁੱਤਰ ਨੂੰ ਵਿਰਸੇ ਅਧਿਕਾਰ ਦਾ ਨਿਯਮ ਅਜੇ ਆਮ ਨਿਯਮ ਨਹੀਂ ਬਣਿਆ ਸੀ। ਉਨ੍ਹਾਂ ਦਿਨਾਂ ਵਿੱਚ ਰਾਜਾਸ਼ਾਹੀ ਦਾ ਮੁਕੰਮਲ ਤੌਰ ਤੇ ਵਿਰਾਸਤੀ ਹੋਣ ਦੇ ਰਾਹ ਵਿੱਚ ਦੋ ਰੁਕਾਵਟਾਂ ਸਨ। ਪਹਿਲੀ, ਰਾਜਕ੍ਰਿਤਾਂ ਕੋਲ ਬੇਅੰਤ ਸ਼ਕਤੀ ਦਾ ਹੋਣਾ ਅਤੇ ਦੂਸਰਾ ਰਾਜੇ ਦੇ ਤਾਜ਼ ਲਈ ਬਹੁਤ ਸਾਰੇ ਦਾਅਵੇਦਾਰਾਂ ਵਿਚਕਾਰ ਸ਼ਰੀਕੇਬਾਜ਼ੀ ਦਾ ਹੋਣਾ ਪ੍ਰੰਤੂ ਅਲਟੇਕਰ ਅਨੁਸਾਰ ਵੈਦਿਕ ਰਾਜਾ ਵਿਸਪਤੀਆਂ (Vispatis) ਦੀ ਸਭਾ ਦਾ ਵਿਰਸੇ ਤੇ ਆਧਾਰਿਤ ਮੁਖੀ ਹੁੰਦਾ ਸੀ ਹਾਲਾਂਕਿ ਉਹ ਆਰੰਭਿਕ ਵਿੱਚ ਆਪਣੇ ਸਰਵ-ਉੱਤਮ ਸੈਨਾ ਨਾਇਕ ਹੋਣ ਦੇ ਗੁਣਾਂ ਕਾਰਣ ਰਾਜਾ ਚੁਣਿਆਂ ਗਿਆ ਸੀ। ਅਲਟੇਕਰ ਅੱਗੇ ਜ਼ਿਕਰ ਕਰਦਾ ਹੈ ਕਿ ਗੈਰ-ਆਰੀਅਨਾਂ ਨਾਲ ਅਕਸਰ ਯੁੱਧ ਹੋਇਆ ਕਰਦੇ ਸਨ ਅਤੇ ਨਾ ਹੀ ਆਰੀਅਨ ਰਾਜ ਆਪ ਲਗਾਤਾਰ ਸ਼ਾਤਮਈ ਰਹਿ ਸਕੇ। ਉਸਦੇ ਸੈਨਿਕ ਆਗੂ ਅਪਣੇ ਕਬੀਲੇ ਦੀ ਅਗਵਾਈ ਲਈ ਇੱਕ ਵਿਸਪਤੀ ਨੂੰ ਆਗੂ ਜਾਂ ਰਾਜੇ ਵਜੋਂ ਚੁਣਦੇ ਸਨ ਅਤੇ ਸਮਾਂ ਪਾ ਕੇ ਇਹ ਅਹੁਦਾ ਵਿਰਸੇ ਤੇ ਅਧਾਰਿਤ (Heredity) ਹੋ ਜਾਦਾਂ ਸੀ।

ਯਥਾਰਥ ਵਿੱਚ ਰਾਜ ਵੈਦਿਕ ਕਾਲ ਦੌਰਾਨ ਵੀ ਧਰਮਤਾਂਤਰਿਕ (Theocratic) ਨਹੀਂ ਸੀ। ਇਹ ਮੰਨਣਾ ਗਲਤ ਹੈ ਕਿ ਰਾਜਾ ਬ੍ਰਹਮਣ ਦੇ ਇਸ਼ਾਰਿਆਂ ਤੇ ਚਲਦਾ ਸੀ। ਅਲਟੇਕਰ ਅਨੁਸਾਰ ਆਮ ਤੌਰ ਤੇ ਪ੍ਰੋਹਿਤ ਨੂੰ ਬਹੁਤ ਸਨਮਾਨ ਦਿੱਤਾ ਜਾਦਾਂ ਸੀ ਕਿਉਂਕਿ ਉਹ ਰਸਮਾਂ ਅਤੇ ਬਲੀਦਾਨ ਆਦਿ ਨਿਭਾਇਆ ਕਰਦਾ ਸੀ। ਪ੍ਰੰਤੂ ਰਾਜਾ ਕਿਸੇ ਵੀ ਪੱਖੋਂ ਪ੍ਰੋਹਿਤ ਦੀ ਕਠਪੁਤਲੀ ਨਹੀਂ ਸੀ। ਇਸਦੇ ਉਲਟ ਰਾਜਾ ਪ੍ਰੋਹਿਤ ਦੀ ਸਥਿਤੀ ਨਿਸ਼ਚਿਤ ਕਰਦਾ ਸੀ ਅਤੇ ਜੇਕਰ ਉਹ ਅਤਿ-ਅਭਿਮਾਨੀ ਹੋ ਜਾਵੇ ਤਾਂ ਉਸ ਨੂੰ ਰਾਜ ਤੋਂ ਬੇਦਖਲ ਵੀ ਕਰ ਸਕਦਾ ਸੀ। ਉਪਰੋਕਤ ਤੋਂ ਹੁਣ ਤੱਕ ਇਹ ਸਪੱਸ਼ਟ ਹੈ ਕਿ ਰਾਜਾ ਆਰੰਭ ਵਿੱਚ ਆਪਣੇ ਸਮਾਨ ਵਿਅਕਤੀਆਂ ਜਾਂ ਪੁਰਖਿਆਂ ਦੀ ਸਭਾ ਦਾ ਪ੍ਰਧਾਨ ਹੁੰਦਾ ਸੀ। ਅਰਥਾਤ ਉਸਦੀਆਂ ਸ਼ਕਤੀਆਂ ਵਿਆਪਕ ਨਹੀਂ ਸਨ। ਰਿਗਵੇਦਿਕ ਕਾਲ ਵਿੱਚ ਦੋ ਮਹੱਤਵਪੂਰਣ ਸੰਸਥਾਵਾਂ ਸਭਾ ਅਤੇ ਸਮਿਤੀ ਹੁੰਦੀਆਂ ਸਨ ਜਿਹਨਾਂ ਦਾ ਰਾਜੇ ਉਪਰ ਕਾਫੀ ਨਿਯੰਤਰਣ ਹੁੰਦਾ ਸੀ। ਇਹ ਯਾਦ ਰੱਖਣਯੋਗ ਹੈ ਕਿ ਰਿਗਵੈਦਿਕ ਕਾਲ ਵਿੱਚ ਬਹੁਤ ਥੋੜੇ ਰਾਜ ਗਣਰਾਜ ਹੋਇਆ ਕਰਦੇ ਸਨ।

**ਰਾਜੇ ਦੀਆਂ ਸ਼ਕਤੀਆਂ ਵਿੱਚ ਵਾਧਾ:-** ਆਖਰੀ ਸਮਹਿਤਾ (Samhitas) ਅਤੇ ਬ੍ਰਹਮਾਂਸ (Brahmanas) ਦੇ ਕਾਲ ਵਿੱਚ ਰਾਜ ਦੇ ਖੇਤਰ ਵਿੱਚ ਕਾਫੀ ਵਾਧਾ ਹੋ ਗਿਆ। ਕਬੀਲਿਆਂ ਨੇ

ਇੱਕਜੁੱਟ ਹੋਣਾ ਸ਼ੁਰੂ ਕਰ ਦਿੱਤਾ। ਇਹ ਦੱਸਣ ਵਿੱਚ ਆਉਂਦਾ ਹੈ ਕਿ ਕੁਰੂ (Kurus) ਅਤੇ ਪੰਚਾਲਸ (Panchalas) ਕਬੀਲਿਆਂ ਨੇ ਸੰਘ ਬਣਾ ਲਿਆ। ਸੰਭਵ ਹੈ ਕਿ ਕੁਝ ਹੋਰ ਕਬੀਲਿਆਂ ਨੇ ਵੀ ਇਸ ਪ੍ਰਕਾਰ ਹੀ ਕੀਤਾ ਹੋਵੇ। ਇਸ ਕਾਲ ਦੇ ਕੁਝ ਰਾਜਿਆਂ ਨੂੰ ਮਹਾਰਾਜੇ ਜਾਂ ਸਮਰਾਟ ਆਖਿਆ ਗਿਆ। ਇਹ ਆਖਣਾ ਬੇਲੋੜਾ ਜਾਪਦਾ ਹੈ ਕਿ ਰਾਜ ਹੁਣ ਕਬਾਇਲੀ ਨਹੀਂ ਸੀ ਰਿਹਾ, ਇਸਦਾ ਸਰੂਪ ਹਰ ਕਿਤੇ ਪ੍ਰਾਂਤਕ ਸੀ। ਅੰਤਲੇ ਵੈਦਿਕ ਕਾਲ ਦੋਰਾਨ ਰਾਜੇ ਦੀਆਂ ਸ਼ਕਤੀਆਂ ਵਿੱਚ ਅਸਾਧਾਰਨ ਵਾਧਾ ਹੋਇਆ। ਇਸ ਸੰਬੰਧ ਵਿੱਚ ਆਲਟੇਕਰ ਆਖਦਾ ਹੈ ਕਿ ਰਾਜੇ ਦੀ ਵਧਦੀ ਸ਼ਕਤੀ ਦਾ ਪਤਾ ਉਸ ਨਾਲ ਦੈਵੀਤਵ (Divinity) ਦੇ ਲੱਛਣ ਨੂੰ ਜੋੜਨ ਦੇ ਰੁਝਾਨ ਤੋਂ ਲਗਦਾ ਹੈ। ਅਥਰਵਵੇਦ ਵਿੱਚ ਪ੍ਰੀਕਸ਼ਤ (Prikshit) ਰਾਜੇ ਦਾ ਵਰਣਨ ਮਨੁੱਖਾਂ ਵਿਚਕਾਰ ਦੇਵਤੇ ਦੇ ਰੂਪ ਵਿੱਚ ਕੀਤਾ ਗਿਆ। ਸਤਪਾਠ ਬ੍ਰਹਮਾ ਵਿੱਚ ਰਾਜੇ ਦਾ ਜ਼ਿਕਰ ਦੇਵਤੇ ਦੇ ਸਾਕਾਰ ਚਿੰਨ੍ਹ ਵਜੋਂ ਕੀਤਾ ਮਿਲਦਾ ਹੈ। ਰਾਜੇ ਦੀ ਤੁਲਨਾ ਖੁਦ ਪਰਜਾਪਤੀ ਨਾਲ ਕੀਤੀ ਗਈ। ਤਾਜ਼ਪੋਸ਼ੀ ਦੀ ਰਸਮ ਸਮੇਂ ਪ੍ਰੋਹਿਤ ਰਾਜੇ ਨੂੰ ਅਦੰਡ (Adandya) ਭਾਵ ਆਮ ਸਜ਼ਾ ਦਾ ਭਾਗੀਦਾਰ ਹੋਣ ਤੋਂ ਉੱਪਰ ਬਣਾ ਦਿੰਦਾ ਸੀ। ਅਲਟੇਕਰ ਅੱਗੇ ਆਖਦਾ ਹੈ ਕਿ ਰਾਜੇ ਦੀ ਵਧਦੀ ਸ਼ਕਤੀ ਦਾ ਪਤਾ ਇਸ ਜ਼ਿਕਰ ਤੋਂ ਵੀ ਚਲਦਾ ਹੈ ਕਿ ਰਾਜਾ ਆਪਣੀ ਮਰਜ਼ੀ ਮੁਤਾਬਿਕ ਵੈਸ਼ ਅਤੇ ਬ੍ਰਹਮਣ ਨੂੰ ਦੇਸ ਨਿਕਾਲੇ ਦਾ ਹੁਕਮ ਦੇ ਸਕਦਾ ਸੀ। ਇਹ ਸੰਭਵ ਹੈ ਕਿ ਰਾਜ ਦੀ ਸਾਰੀ ਭੂਮੀ ਉਸਦੇ ਨਿਯੰਤਰਣ ਅਧੀਨ ਸੀ ਅਤੇ ਉਸਦੇ ਸ਼ਾਹੀ ਰਾਜਾਂ ਦਾ ਕਾਫੀ ਵਿਸਥਾਰ ਹੋ ਗਿਆ ਸੀ। ਉਹ ਆਪਣੇ ਪ੍ਰਸ਼ਾਸਨ ਦਾ ਸੰਚਲਣ ਕਰਨ ਲਈ ਲਗਾਤਾਰ ਅਦਾ ਕੀਤੇ ਜਾਣ ਵਾਲੇ ਕਰਾਂ ਉੱਪਰ ਨਿਰਭਰ ਕਰ ਸਕਦਾ ਸੀ ਅਤੇ ਉਹ ਲੋੜ ਸਮੇਂ ਜਬਰੀ ਉਗਰਾਹੀ ਵੀ ਕਰ ਸਕਦਾ ਸੀ। ਇਸ ਤੋਂ ਇਲਾਵਾ ਖਾਸ ਤੌਰ ਤੇ ਅਪਰਾਧੀ ਕੇਸਾਂ ਨਾਲ ਸਬੰਧਿਤ ਉਸਦੀਆਂ ਨਿਆਂਇਕ ਸ਼ਕਤੀਆਂ ਵਿੱਚ ਵੀ ਕਾਫੀ ਵਾਧਾ ਹੋ ਗਿਆ ਸੀ।ਅਲਟੇਕਰ ਇਹ ਵੀ ਜ਼ਿਕਰ ਕਰਦਾ ਹੈ ਕਿ ਸਭਾ ਤੇ ਸੰਮਤੀ ਅਲੋਪ ਹੋ ਜਾਣ ਕਾਰਨ ਸ਼ਾਹੀ ਸ਼ਕਤੀ ਦੇ ਉੱਪਰ ਇੱਕ ਮਹੱਤਵਪੂਰਣ ਰੋਕ ਦੂਰ ਹੋ ਗਈ ਸੀ।

ਰਾਜ ਦਾ ਪ੍ਰਸ਼ਾਸ਼ਨ ਵਧੇਰੇ ਤੋਂ ਵਧੇਰੇ ਜ਼ਟਿਲ ਹੁੰਦਾ ਜਾ ਰਿਹਾ ਸੀ। ਇਸ ਗੱਲ ਦਾ ਪਤਾ ਇਸ ਕਾਲ ਦੋਰਾਨ ਅਧਿਕਾਰੀਆਂ ਦੀ ਵੱਡੀ ਗਿਣਤੀ ਦੇ ਜ਼ਿਕਰ ਤੋਂ ਚਲਦਾ ਹੈ। ਰਾਜੇ ਦੀ ਸਹਾਇਤਾ ਲਈ ਇੱਕ ਰਤਨਾਂ (Ratnins) ਦਾ ਪ੍ਰੀਸ਼ਦ ਹੋਇਆ ਕਰਦੀ ਸੀ। ਜਿਸ ਵਿੱਚ ਉਸਦੇ ਰਿਸ਼ਤੇਦਾਰ, ਉਸਦੇ ਦਰਬਾਰੀ (Courtiers) ਅਤੇ ਪ੍ਰਸ਼ਾਸਕੀ ਵਿਭਾਗਾਂ ਦੇ ਮੁਖੀ ਮੈਂਬਰ ਹੁੰਦੇ ਸਨ।ਇਸ ਕਾਲ ਦੋਰਾਨ ਮੁੱਖ ਅਫਸਰਾਂ ਵਿੱਚ ਸ਼ਾਮਿਲ ਸਨ: ਸੈਨਾਪਤੀ, ਕਰ-ਵਸੂਲੀ ਅਧਿਕਾਰੀ, ਕੋਸ਼ਾਕਾਰ, ਰਾਜੇ ਦਾ ਨਿੱਜੀ ਅਧਿਕਾਰੀ (Chamberlain) ਪਿੰਡ ਦਾ ਮੁਖੀਆ (Gramani),ਆਦਿ। ਅਲਟੇਕਰ ਅਨੁਸਾਰ ਸੰਭਵ ਤੌਰ ਤੇ ਗ੍ਰਾਮ ਪ੍ਰਸ਼ਾਸਨ ਗ੍ਰਾਮਣੀ ਦੇ ਹੱਥਾਂ ਵਿੱਚ ਸੀ ਅਤੇ ਉਹ ਨਾਗਰਿਕ ਅਤੇ ਸੈਨਿਕ ਦੋਵੇ ਕਾਰਜ਼ ਨਿਭਾਉਂਦਾ ਸੀ। ਉਸਦਾ ਅਹੁਦਾ ਕਾਫੀ ਸਨਮਾਨ ਵਾਲਾ ਸੀ ਅਤੇ ਹਰੇਕ ਵੈਸ਼ ਇਸ ਅਹੁੱਦੇ ਨੂੰ ਹਾਸਿਲ ਕਰਨਾ ਚਾਹੁੰਦਾ ਸੀ।

**ਪਰਜਾ ਪ੍ਰਤੀ ਰਾਜੇ ਦੇ ਕਰਤੱਵ:-** ਜਿਵੇਂ ਕਿ ਅਕਸਰ ਜ਼ਿਕਰ ਮਿਲਦਾ ਹੈ ਕਿ ਤਾਜ਼ਪੋਸ਼ੀ ਸਮੇਂ ਰਾਜਾ ਇਹ ਸਗੁੰਧ ਚੁੱਕਦਾ ਸੀ ਕਿ ਜੇਕਰ ਉਹ ਲੋਕਾਂ ਵਿਰੁੱਧ ਕਾਰਜ ਕਰੇ ਤਾਂ ਜੀਵਨ ਵਿੱਚ ਉਸਨੇ ਜੋ ਕੁੱਝ ਵੀ ਖੱਟਿਆ ਹੈ ਉਹ ਉਸ ਤੋਂ ਵਾਂਝਾ ਹੋ ਜਾਵੇਗਾ। ਇਹ ਮੰਨਿਆ ਜਾਂਦਾ ਸੀ ਕਿ ਰਾਜੇ ਦੀ ਤਾਕਤ ਲੋਕਾਂ ਵਿੱਚ ਹੀ ਸਮਾਈ ਹੋਈ ਹੈ। ਇਸ ਪ੍ਰਕਾਰ ਰਾਜੇ ਦਾ ਮੁੱਢਲਾ ਕਰੱਤਵ ਲੋਕਾਂ ਦੀ ਸੁਰੱਖਿਆ ਕਰਨਾ ਸੀ। ਰਿਗਵੇਦ ਵਿੱਚ ਰਾਜੇ ਨੂੰ 'ਲੋਕਾਂ ਦਾ ਰੱਖਿਅਕ' ਐਲਾਨਿਆ ਗਿਆ ਹੈ। ਰਾਜੇ ਜਾਂ ਸਰਕਾਰ

ਦੁਆਰਾ ਆਪਣੀ ਪਰਜ਼ਾ ਦੀ ਸੁਰੱਖਿਆ ਦਾ ਵਿਚਾਰ ਸਮੁੱਚੇ ਭਾਰਤੀ ਰਾਜਨੀਤਿਕ ਚਿੰਤਨ ਵਿੱਚ ਮਿਲਦਾ ਹੈ। ਇਸ ਦੇ ਨਾਲ ਹੀ ਰਾਜੇ ਦੇ ਹੁਕਮਾਂ ਦੀ ਪਾਲਣਾ ਕਰਨਾ ਵੀ ਜਰੂਰੀ ਸੀ। ਸ਼ਾਸ਼ਕ ਅਤੇ ਸ਼ਾਸ਼ਿਤ ਵਿਚਕਾਰ ਇਸੇ ਪ੍ਰਕਾਰ ਦਾ ਸੰਬੰਧ ਸੀ। ਅਲਟੇਕਰ ਆਖਦਾ ਹੈ ਕਿ ਵੈਦਿਕ ਸਾਹਿਤ ਵਿੱਚ ਰਾਜ ਦੇ ਉਦੇਸ਼ਾਂ ਜਾਂ ਆਦਰਸ਼ਾਂ ਬਾਰੇ ਕੋਈ ਨਿਸ਼ਚਿਤ ਵਿਚਾਰ-ਚਰਚਾ ਨਹੀਂ ਮਿਲਦੀ। ਪ੍ਰੰਤੂ ਇਧਰ-ਉਧਰ ਕੀਤੇ ਜ਼ਿਕਰ ਇਹ ਦਰਸਾਉਂਦੇ ਹਨ ਕਿ ਸ਼ਾਂਤੀ ਵਿਵਸਥਾ, ਸੁਰੱਖਿਆ ਅਤੇ ਨਿਆਂ ਰਾਜ ਦੇ ਮੁੱਢਲੇ ਉਦੇਸ਼ ਸਮਝੇ ਜਾਂਦੇ ਸਨ। ਰਾਜਾ ਜਾਂ ਰਾਜ ਦੇ ਮੁਖੀ ਦੀ ਤੁਲਨਾ ਵਰਣ (Varan) ਦੇਵਤੇ ਨਾਲ ਕੀਤੀ ਜਾਂਦੀ ਸੀ। ਜਿਸਨੂੰ ਕਿ ਅਮਨ ਤੇ ਕਾਨੂੰਨ (Dhrita-Varta) ਦਾ ਰਖਵਾਲਾ ਆਖਿਆ ਜਾਂਦਾ ਸੀ। ਰਾਜੇ ਦਾ ਕਰਤੱਵ ਸਮਾਜ ਵਿਰੋਧੀ ਅਨਸਰਾਂ ਨੂੰ ਸਜ਼ਾ ਦੇਣਾ ਅਤੇ ਸਦਗੁਣੀ ਵਿਅਕਤੀਆਂ ਦੀ ਮਦੱਦ ਕਰਨਾ ਸੀ। ਰਾਜੇ ਦਾ ਕਰਤੱਵ ਧਰਮ ਅਤੇ ਨੈਤਿਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਵਿੱਦਿਆ ਦੇ ਪ੍ਰਸਾਰ ਵਿੱਚ ਸਹਾਇਤਾ ਕਰਨਾ ਸੀ।ਰਾਜ ਦਾ ਕਰਤੱਵ ਨਾ ਕੇਵਲ ਆਪਣੇ ਨਾਗਰਿਕਾਂ ਦੀ ਨੈਤਿਕ ਭਲਾਈ ਕਰਨਾ ਸੀ ਬਲਕਿ ਉਨ੍ਹਾਂ ਦੀ ਭੌਤਿਕ ਭਲਾਈ ਵੀ ਉਸਦਾ ਕਰਤੱਵ ਸੀ। ਵੈਦਿਕ ਕਾਲ ਅਤੇ 600 ਈਸਾ ਪੂਰਵ (B.C) ਤੱਕ ਦੇ ਉਪਨਿਸ਼ਦਾਂ ਦੇ ਕਾਲ ਦੌਰਾਨ ਜਨਤਾ ਦੀ ਸਰਵਵਿਆਪੀ ਭਲਾਈ ਰਾਜ ਦਾ ਮੁੱਖ ਕੰਮ ਸਮਝਿਆ ਜਾਂਦਾ ਸੀ।

## ਰਾਜੇ ਦੀ ਤਾਜ਼ਪੋਸ਼ੀ (Coronation of the King)

ਬਹੁਤ ਆਰੰਭਿਕ ਕਾਲ ਤੋਂ ਰਾਜੇ ਦੁਆਰਾ ਸੱਤਾ ਗ੍ਰਹਿਣ ਕਰਨ ਸਮੇਂ ਤਾਜ਼ਪੋਸ਼ੀ ਦੀ ਰਸਮ ਨਿਭਾਈ ਜਾਦੀਂ ਸੀ। ਇਸਦਾ ਰਸਮੀ ਅਤੇ ਸੰਵਿਧਾਨਿਕ ਦੋਹਾਂ ਪੱਖਾਂ ਤੋਂ ਮਹੱਤਵ ਸੀ। ਤਾਜ਼ਪੋਸ਼ੀ ਦੀ ਰਸਮ ਨੂੰ ਰਾਜਯਾਭਿਸ਼ੇਕ ਜਾਂ ਰਾਜਾਸੂਆ (Rajasuya) ਵਜੋਂ ਜਾਣਿਆ ਜਾਂਦਾ ਸੀ। ਇਸਦਾ ਵਿਸਥਾਰ ਪੂਰਵਕ ਵਰਣਨ ਬ੍ਰਹਮਾ ਸਾਹਿਤ ਵਿੱਚ ਮਿਲਦਾ ਹੈ। ਤਾਜ਼ਪੋਸ਼ੀ ਦੀ ਇਹ ਰਸਮ ਲੰਬਾ ਸਮਾਂ ਚਲਦੀ ਰਹੀ। ਇਸਦੀਆਂ ਆਰੰਭਿਕ ਰਸਮਾਂ ਵਿੱਚ ਰਾਜੇ ਦੁਆਰਾ ਹੀਰੇ ਜਵਾਹਰਾਤ (Ratni oblations) ਭੇਟਾ ਕਰਨਾ ਸੀ। ਅਜਿਹਾ ਉਹ ਆਪਣੇ ਵੱਖ-ਵੱਖ ਰਤਨਾਂ (Ratani) ਜਾਂ ਮੰਤਰੀਆਂ ਅਤੇ ਉੱਚ ਅਧਿਕਾਰੀਆਂ ਦੇ ਗ੍ਰਹਿ ਪਹੁੰਚ ਕੇ ਕਰਦਾ ਸੀ। ਇਸ ਮਕਸਦ ਲਈ ਰਾਜੇ ਦੁਆਰਾ ਇਹਨਾਂ ਪ੍ਰਤਿਸ਼ਠਾਵਾਨ ਵਿਆਕਤੀਆਂ ਦੇ ਘਰਾਂ ਵਿੱਚ ਜਾਣਾ ਇਹ ਦਰਸਾਉਂਦਾ ਹੈ ਕਿ ਪ੍ਰਾਚੀਨ ਕਾਲ ਵਿੱਚ ਰਾਜਕੀ ਸ਼੍ਰੇਣੀ ਅਤੇ ਇਸਦੇ ਪ੍ਰਤੀਨਿਧਾਂ ਦੁਆਰਾ ਰਾਜੇ ਦੁਆਰਾ ਸੱਤ੍ਹਾ ਗ੍ਰਹਿਣ ਕਰਨ ਨੂੰ ਮਨਜ਼ੂਰੀ ਦੇਣਾ ਜ਼ਰੂਰੀ ਸੀ। ਇਹਨਾਂ ਵਿਸ਼ੇਸ਼ ਵਿਆਕਤੀਆਂ ਦੇ ਘਰਾਂ ਵਿੱਚ ਜਾ ਕੇ ਅਜਿਹੀ ਰਸਮ ਕਰਨ ਨਾਲ ਉਹਨਾਂ ਦੇ ਮਨਾਂ ਵਿੱਚ ਨਵੇਂ ਰਾਜੇ ਪ੍ਰਤੀ ਲਗਾਉ ਅਤੇ ਵਫਾਦਾਰੀ ਦੀ ਭਾਵਨਾ ਵੀ ਪੈਦਾ ਹੁੰਦੀ ਸੀ।

ਇਹ ਰਸਮ ਰਾਜੇ ਦੀ ਤਾਜ਼ਪੋਸ਼ੀ ਕਰਨ ਤੋਂ ਇੱਕ ਦਿਨ ਪਹਿਲਾਂ ਅਦਾ ਕੀਤੀ ਜਾਂਦੀ ਸੀ। ਰਾਜੇ ਨੂੰ ਇਸ਼ਨਾਨ ਕਰਵਾਇਆ ਜਾਦਾਂ ਸੀ ਅਤੇ ਫਿਰ ਉਸਨੂੰ ਚੀਤੇ ਦੀ ਖੱਲ ਨਾਲ ਸਜ਼ੇ ਤਖਤ ਉੱਪਰ ਬੈਠਾਇਆ ਜਾਂਦਾ ਸੀ ਅਤੇ ਪਵਿੱਤਰ ਨਦੀਆਂ ਅਤੇ ਸਾਗਰਾਂ ਤੋਂ ਲਿਆਂਦੇ ਪਵਿੱਤਰ ਜਲ ਦਾ ਛਿੜਕਾਉ ਕੀਤਾ ਜਾਂਦਾ ਸੀ। ਪ੍ਰੋਹਿਤ ਪਹਿਲਾਂ ਵੈਦਿਕ ਮੰਤਰਾਂ ਨਾਲ ਇਹ ਰਸਮ ਅਦਾ ਕਰਦਾ ਸੀ। ਇਹਨਾਂ ਮੰਤਰਾਂ ਵਿੱਚ ਇਹ ਪ੍ਰਾਥਨਾ ਕੀਤੀ ਜਾਂਦੀ ਸੀ ਕਿ ਸਵਿਤਰੀ ਦੇਵੀ ਰਾਜੇ ਨੂੰ ਸ਼ਕਤੀ ਬਖਸ਼ੇ; ਇੰਦਰ ਉਸ ਨੂੰ ਰਾਜ ਕਰਨ ਦੀ ਸਮਰੱਥਾ ਬਖਸ਼ੇ; ਬ੍ਰਿਹਿਸਪਤੀ ਉਸ ਨੂੰ ਭਾਸ਼ਣ ਕਲਾ ਬਖਸ਼ੇ; ਮਿਤਰਾ ਉਸ ਨੂੰ ਸੱਚਾਈ ਪ੍ਰਦਾਨ ਕਰੇ ਅਤੇ ਵਰੁਣ ਉਸ ਨੂੰ ਕਾਨੂੰਨ ਦੀ ਸੁਰੱਖਿਆ ਕਰਨ ਦਾ ਬਲ ਬਖਸ਼ੇ। ਇਹ

ਪਵਿੱਤਰ ਸੂਤਰ ਇਸ ਗੱਲ ਉਪਰ ਜ਼ੋਰ ਦਿੰਦੇ ਸਨ ਕਿ ਰਾਜੇ ਦਾ ਸਭ ਤੋਂ ਪਵਿੱਤਰ ਕਰਤੱਵ ਕਾਨੂੰਨ ਦੀ ਰੱਖਿਆ ਕਰਨਾ ਸੀ।

ਅਲਟੇਕਰ ਇਹ ਜ਼ਿਕਰ ਕਰਦਾ ਹੈ ਕਿ ਬਾਅਦ ਵਿੱਚ ਰਾਜੇ ਦੇ ਇਸ਼ਨਾਨ ਵਿੱਚ ਇੱਕ ਰਾਜਨਆ ਜਾਂਣੀ ਕਸ਼ੱਤਰੀ ਅਤੇ ਇੱਕ ਵੈਸ਼ ਵੀ ਭਾਗ ਲੈਂਦੇ ਸਨ। ਪ੍ਰੋਹਿਤ,ਰਾਜਨਆ ਅਤੇ ਵੈਸ਼ ਸੰਭਵ ਤੌਰ ਤੇ ਉਹਨਾਂ ਤਿੰਨ ਮੁੱਖ ਸ੍ਰੇਣੀਆਂ ਦੀ ਪ੍ਰਤੀਨਿਧਤਾ ਕਰਦੇ ਸਨ ਜਿਨ੍ਹਾਂ ਵਿੱਚ ਉਸ ਸਮੇਂ ਆਰੀਆ ਸਮਾਜ ਵੰਡਿਆ ਹੋਇਆ ਸੀ। ਅਲਟੇਕਰ ਇਹ ਜ਼ਿਕਰ ਕਰਦਾ ਹੈ ਕਿ ਇਹਨਾਂ ਸਾਰਿਆਂ ਦਾ ਰਸਮ ਨਾਲ ਜੁੜੇ ਹੋਣ ਦਾ ਉਦੇਸ਼ ਇਹ ਦਰਸਾਉਣਾ ਸੀ ਕਿ ਨਵੇਂ ਰਾਜੇ ਨੂੰ ਸਾਰੇ ਭਾਈਚਾਰੇ ਦੀ ਆਮ ਸਹਿਮਤੀ ਹਾਸਿਲ ਹੈ।ਇਹ ਵੀ ਜ਼ਿਕਰਯੋਗ ਹੈ ਕਿ ਮਹਾਂਭਾਰਤ ਵਿੱਚ ਯੁਧਿਸ਼ਟਰ ਦੀ ਤਾਜ਼ਪੋਸ਼ੀ ਸਮੇਂ ਸ਼ੂਦਰ ਅਤੇਂ ਹੋਰ ਨਿਮਨ ਸ੍ਰੇਣੀਆਂ ਦੇ ਪ੍ਰਤੀਨਿਧ ਵੀ ਹਾਜ਼ਰ ਸਨ।

ਪਵਿੱਤਰ ਗ੍ਰੰਥਾਂ ਅਨੁਸਾਰ ਤਾਜ਼ਪੋਸ਼ੀ ਤੋਂ ਪਹਿਲਾਂ ਰਾਜੇ ਦੁਆਰਾ ਸਹੁੰ ਚੁੱਕਣਾ ਜ਼ਰੂਰੀ ਸੀ। ਸਰਵ-ਸਹਿਮਤੀ ਨਾਲ ਇਹ ਸਮਝਿਆ ਜਾਂਦਾ ਸੀ ਕਿ ਤਖਤ ਉੱਪਰ ਬੈਠਣ ਤੋਂ ਪਹਿਲਾਂ ਰਾਜਾ ਸਹੁੰ (Dhritavrata) ਚੁੱਕਣ ਦੀ ਰਸਮ ਅਦਾ ਕਰਦਾ ਸੀ। ਐਤਰਿਆ ਬ੍ਰਹਮਾ ਵਿੱਚ ਰਾਜ ਗ੍ਰਹਿਣ ਕਰਣ ਤੋਂ ਪਹਿਲਾਂ ਚੁਣੇ ਗਏ ਰਾਜੇ (King-Elect) ਦੁਆਰਾ ਚੁੱਕੀ ਜਾਂਦੀ ਤਾਜ਼ਪੋਸ਼ੀ ਦੀ ਰਸਮ ਇਹਨਾਂ ਸ਼ਬਦਾਂ ਵਿੱਚ ਹੋਇਆ ਕਰਦੀ ਸੀ। “ਰਾਤ ਵਿੱਚ ਮੇਰਾ ਜਨਮ ਹੋਇਆ ਹੈ ਅਤੇ ਰਾਤ ਨੂੰ ਹੀ ਮੈਂ ਮਰਾਂ, ਜ਼ੇਕਰ ਮੈ ਤਹਾਨੂੰ ਦੁਖੀ ਕਰਾਂ ‘ ਮੈ ਆਪਣੇ ਸਾਰੇ ਸ਼ੁੱਭ ਕਰਮਾਂ, ਆਪਣੇ ਸਵਰਗ ਜੀਵਨ ਅਤੇ ਵੰਸ਼ ਤੋਂ ਵੰਚਿਤ ਹੋ ਜਾਵਾਂ”। ਸਹੁੰ ਦੇ ਸਮਝੌਤਾਵਾਦੀ ਸਰੂਪ ਦਾ ਜ਼ਿਕਰ ਕਰਦਿਆਂ ਜੈਸਵਾਲ ਕਹਿੰਦਾ ਹੈ ਕਿ ਇਸ ਸਹੁੰ ਵਿੱਚ ਕਿਸੇ ਦੈਵੀ ਏਜੰਸੀ ਦਾ ਕੋਈ ਜ਼ਿਕਰ ਨਹੀਂ।ਇਹ ਪੂਰੀ ਤਰਾਂ ਮਨੁੱਖੀ ਮਰਿਯਾਦਾ ਅਨੁਸਾਰ ਸੀ। ਸਹੁੰ ਦੁਆਰਾ ਵਾਅਦਾ ਸਮੁੱਚੇ ਸਮਾਜ ਦੇ ਪ੍ਰਤੀਨਿਧ ਦੇ ਤੌਰ ਤੇ ਰਸਮ ਨਿਭਾ ਰਹੇ ਪ੍ਰੋਹਿਤ ਨਾਲ ਕੀਤਾ ਜਾਂਦਾ ਸੀ। ਪ੍ਰੰਤੂ ਅਲਟੇਕਰ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਪ੍ਰੋਹਿਤ ਸਮੁੱਚੇ ਸਮਾਜ ਦੇ ਪ੍ਰਤੀਨਿਧ ਵਜ਼ੋ ਕਾਰਜ਼ ਕਰਦਾ ਸੀ। ਉਹ ਆਖਦਾ ਹੈ ਕਿ ਸਹੁੰ ਦੇ ਸ਼ਬਦ ਅਤੇ ਪ੍ਰਸੰਗ ਇਹ ਸਾਫ ਦਰਸਾਉਦੇ ਹਨ ਕਿ ਸਹੁੰ ਦੁਆਰਾ ਰਾਜਾ ਪ੍ਰੋਹਿਤ ਨੂੰ ਨੁਕਸਾਨ ਨਾ ਪਹੁੰਚਾਣ ਦਾ ਵਚਨ ਦਿੰਦਾ ਹੈ ਕਿਉਂਕਿ ਪ੍ਰੋਹਿਤ ਰਾਜੇ ਦੀ ਖੁਸ਼ਹਾਲੀ ਅਤੇ ਸੁਰੱਖਿਆ ਲਈ ਤਾਜ਼ਪੋਸ਼ੀ ਦੇ ਸਮੇਂ ਉਸਨੂੰ ਪਵਿੱਤਰ ਸ਼ਕਤੀਆਂ ਦਿੰਦਾ ਹੈ। ਉਹ ਵਿਸ਼ੇਸ਼ ਤੌਰ ਤੇ ਆਖਦਾ ਹੈ ਕਿ ਸਹੁੰ ਦੇ ਸ਼ਬਦਾਂ ਅਤੇ ਸੰਦਰਭ ਵਿੱਚ ਅਜਿਹਾ ਕੁਝ ਵੀ ਨਹੀਂ ਜਿਸ ਤੋਂ ਇਹ ਦਰਸਾਇਆ ਜਾ ਸਕੇ ਕੀ ਰਸਮਾਂ ਨਿਭਾ ਰਿਹਾ ਪ੍ਰੋਹਿਤ ਸਮਾਜ ਦੀ ਪ੍ਰਤੀਨਿਧਤਾ ਕਰਦਾ ਸੀ। ਪਰ ਫਿਰ ਵੀ ਅਲਟੇਕਰ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਬਾਅਦ ਦੇ ਸਮਿਆਂ ਵਿੱਚ ਰਾਜੇ ਲਈ ਰਸਮੀਂ ਤੌਰ ਤੇ ਇਹ ਸਹੁੰ ਚੁੱਕਣਾ ਜਰੂਰੀ ਸੀ ਕਿ ਉਹ ਧਰਮ (Dharma) ਦੀ ਕਦੇ ਵੀ ਉਲੰਘਣਾਂ ਨਹੀਂ ਕਰੇਗਾ।

ਤਾਜ਼ਪੋਸ਼ੀ ਦੀ ਰਸਮ ਤੋ ਬਾਅਦ ਰਾਜਾ ਇੱਕ ਰੱਥ ਜਾਂ ਹਾਥੀ 'ਤੇ ਸਵਾਰ ਹੋਕੇ ਸਾਰੇ ਰਾਜ ਦਾ ਦੌਰਾ ਕਰਨ ਨਿਕਲ ਜਾਂਦਾ ਸੀ। ਉਸ ਦੀ ਵਾਪਸੀ ਤੇ ਇਕ ਦਰਬਾਰ ਸੱਦਿਆ ਜਾਂਦਾ ਸੀ ਜਿਥੇ ਸਾਰੀਆ ਸ਼੍ਰੇਣੀਆਂ ਦੇ ਪ੍ਰਤੀਨਿਧ ਆਉਂਦੇ ਅਤੇ ਰਾਜੇ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਸਨ। ਇਸ ਤੋਂ ਬਾਅਦ ਵੈਦਿਕ ਕਾਲ ਵਿੱਚ ਚੌਸਰ (Dice) ਦੀ ਖੇਡ ਅਤੇ ਰਥਾਂ ਦੀ ਦੌੜ ਹੋਇਆ ਕਰਦੀ ਸੀ ਅਤੇ ਵੈਦਿਕ ਕਾਲ ਦੇ ਬਾਅਦ ਦੇ ਸਮਿਆਂ ਵਿੱਚ ਹੋਰ ਢੁਕਵੇਂ ਤਿਉਹਾਰ ਮਨਾਏ ਜਾਂਦੇ ਸਨ। 8ਵੀਂ ਸਦੀ (A.D) ਤੋਂ ਬਾਅਦ ਤਾਜ਼ਪੋਸ਼ੀ ਦੀ ਰਸਮ ਵਿੱਚ ਬਹੁਤ ਸਾਰੇ ਪਰਿਵਰਤਨ ਆ ਗਏ।ਵੈਦਿਕ

ਸੱਭਿਆਚਾਰ ਦੇ ਅਲੋਪ ਹੋ ਜਾਣ ਦੇ ਕੁਦਰਤੀ ਸਿੱਟੇ ਵਜ਼ੋ ਇਸ ਰਸਮ ਤੋਂ ਬਲੀਦਾਨ (Vajapeya), ਰਥਾਂ ਦੀ ਦੌੜ ਅਤੇ ਰਤਨਾਂ ਦੇ ਘਰਾਂ ਵਿਖੇ ਦਾਨ ਦੇਨਾ ਚੁਪ-ਚਾਪ ਤਿਆਗ ਦਿਤੇ ਗਏ। ਸੰਵਿਧਾਨਿਕ ਪੱਖੋ ਇਹ ਮਹੱਤਵਪੂਰਣ ਹੈ ਕਿ ਲੋਕਾਂ ਤੇ ਪੁਰੋਹਿਤ ਪ੍ਰਤੀ ਰਾਜੇ ਦੇ ਕਰਤੱਵ ਸੰਬੰਧੀ ਚੁੱਕੀ ਜਾਂਦੀ ਸਹੁੰ ਹੁਣ ਤਾਜਪੋਸ਼ੀ ਦੀ ਰਸਮ ਦਾ ਹਿੱਸਾ ਨਹੀਂ ਸੀ। ਰਾਜੇ ਦੀ ਸਥਿਤੀ ਬਹੁਤ ਜ਼ਿਆਦਾ ਮਜ਼ਬੂਤ ਹੋ ਚੁੱਕੀ ਸੀ ਅਤੇ ਇਸ ਕਰਕੇ ਰਾਜੇ ਦੁਆਰਾ ਸਹੁੰ ਚੁੱਕਣ ਦੀ ਰਸਮ ਨੂੰ ਉਸਦੀ ਸ਼ਾਨ ਦੇ ਖਿਲਾਫ ਸਮਝਿਆ ਜਾਂਦਾ ਸੀ।

## ਰਾਜੇ ਦੀ ਨਿਯੁਕਤੀ ਦੇ ਸਿਧਾਂਤ (Principles of Appointment of King)

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਰਾਜਤੰਤਰ (Monarchy) ਵੈਦਿਕ ਕਾਲ ਤੋਂ ਹੀ ਸਰਕਾਰ ਦਾ ਪ੍ਰੱਚਲਿਤ ਰੂਪ ਸੀ। ਰਾਜੇ ਦੀ ਨਿਯੁਕਤੀ ਸੰਬੰਧੀ ਸਮਾਂ ਪਾ ਕੇ ਕੁੱਝ ਨਿਯਮ ਅਤੇ ਸਿਧਾਂਤ ਵਿਕਸਿਤ ਹੋ ਗਏ। ਰਾਜੇ ਦੀ ਨਿਯੁਕਤੀ ਵਿੱਚ ਵਿਰਾਸਤ ਦਾ ਸਿਧਾਂਤ ਅਪਣਾ ਲਿਆ ਗਿਆ ਜਿਸ ਨੂੰ 'ਸ਼ਾਹੀ ਵਿਰਾਸਤ ਦੇ ਸਿਧਾਂਤ (The Principle of Royal Succession)' ਵਜੋਂ ਜਾਣਿਆ ਜਾਂਦਾ ਸੀ।ਸਾਧਾਰਨ ਪਰਿਵਾਰਾਂ ਦੇ ਮਾਮਲੇ ਵਿੱਚ ਸੰਪਤੀ ਦਾ ਬਟਵਾਰਾ ਹਿੰਦੂ ਕਾਨੂੰਨ ਅਨੁਸਾਰ ਹੁੰਦਾ ਸੀ। ਪ੍ਰੰਤੂ ਰਾਜਤੰਤਰ ਦੇ ਮਾਮਲੇ ਵਿੱਚ ਕੇਵਲ ਵੱਡੇ ਪੁੱਤਰ ਨੂੰ ਹੀ ਰਾਜ-ਭਾਗ ਸੌਂਪੇ ਜਾਣ ਦਾ ਨਿਯਮ ਪ੍ਰੱਚਲਿਤ ਸੀ। ਇਹ ਮਹਿਸੂਸ ਕੀਤਾ ਜਾਂਦਾ ਸੀ ਕਿ ਵੱਖ-2 ਭਰਾਵਾਂ ਵਿਚਕਾਰ ਰਿਆਸਤ (Kingdom) ਦੀ ਵੰਡ ਇਸ ਨੂੰ ਕਮਜ਼ੋਰ ਬਣਾ ਦੇਵੇਗੀ ਅਤੇ ਜਿਸਦਾ ਆਖਰੀ ਸਿੱਟਾ ਇਸ ਦੀ ਤਬਾਹੀ ਹੋਵੇਗਾ। ਇਸ ਲਈ ਤਾਜ਼ ਆਮ ਤੌਰ ਤੇ ਸਭ ਤੋਂ ਵੱਡੇ ਪੁੱਤਰ ਨੂੰ ਸੌਪਿਆ ਜਾਂਦਾ ਸੀ, ਫਿਰ ਵੀ ਉਸ ਦੇ ਭਰਾਵਾਂ ਨੂੰ ਉਪ-ਰਿਆਸਤਾਂ ਦੀ ਵਾਗਡੋਰ ਸੰਭਾਲਣ ਲਈ ਸਰਕਾਰ ਦੇ ਜ਼ਿੰਮੇਵਾਰ ਆਹੁਦਿਆਂ ਤੇ ਨਿਯੁਕਤ ਕੀਤਾ ਜਾਂਦਾ ਸੀ। ਜੇਕਰ ਸਭ ਤੋਂ ਵੱਡਾ ਪੁੱਤਰ ਅੰਨਾ-ਬੋਲਾ, ਆਦਿ ਹੋਣ ਕਰਕੇ ਰਾਜ ਕਰਨ ਦੇ ਯੋਗ ਨਹੀਂ ਹੁੰਦਾ ਸੀ ਤਾਂ ਉਸ ਨੂੰ ਰਾਜਾ ਬਣਨ ਦਾ ਅਧਿਕਾਰ ਨਹੀਂ ਦਿੱਤਾ ਸੀ। ਮਹਾਂਭਾਰਤ ਦੇ ਕਾਲ ਦੌਰਾਨ ਧਰਿਤਰਾਸ਼ਟਰ ਤੇ ਦੇਵਕੀ ਨੂੰ ਇਸੇ ਅਧਾਰ ਤੇ ਰਾਜ ਨਹੀਂ ਸੀ ਸੌਂਪਿਆ ਗਿਆ। ਅਲਟੇਕਰ ਜ਼ਿਕਰ ਹੈ ਕਿ ਰਾਜਾ ਬਣਨ ਦੀ ਸ਼ਾਨੋ-ਸ਼ੌਕਤ ਅਤੇ ਸ਼ਕਤੀ ਪ੍ਰਤੀ ਖਿੱਚ ਏਨੀ ਜਿਆਦਾ ਹੁੰਦੀ ਸੀ ਕਿ ਕਈ ਵਾਰੀ ਛੋਟੇ ਭਰਾ ਤਾਜ਼ ਹਾਸਲ ਕਰਨ ਲਈ ਘਰੇਲੂ ਜ਼ੰਗ ਸ਼ੁਰੂ ਕਰ ਦਿੰਦੇ ਸੀ। ਅਜਿਹੇ ਗ੍ਰਹਿ ਯੁੱਧ ਇੱਕ ਨਿਯਮ ਦੀ ਬਜਾਏ ਮਹਿਜ਼ ਛੋਟਾਂ ਸਨ।

ਪ੍ਰਾਚੀਨ ਭਾਰਤੀ ਰਾਜਨੀਤਿਕ ਚਿੰਤਨ ਦੇ ਬਹੁਤ ਸਾਰੇ ਟਿੱਪਣੀਕਾਰਾਂ ਦਾ ਇਹ ਵਿਚਾਰ ਹੈ ਕਿ ਵੈਦਿਕ ਕਾਲ ਵਿੱਚ ਰਾਜੇ ਦੀ ਚੋਣ ਹੋਇਆ ਕਰਦੀ ਸੀ। ਜੇ.ਪੀ ਸੁਧਾ ਅਨੁਸਾਰ ਰਿਗਵੇਦ ਵਿਚ ਅਨੇਕਾਂ ਪੰਨਿਆਂ ਉਪਰ ਇਸਦਾ ਜ਼ਿਕਰ ਮਿਲਦਾ ਹੈ। ਜਿਹਨਾਂ ਵਿਚ ਇਹ ਦਰਸਾਇਆ ਗਿਆ ਹੈ ਕਿ ਰਾਜੇ ਲਈ ਲੋਕਾਂ ਦੁਆਰਾ ਚੁਣਿਆ ਜਾਣਾ ਅਤੇ ਉਹਨਾਂ ਦਾ ਸਮਰਥਨ ਬਹੁਤ ਜਰੂਰੀ ਸੀ।ਇਹਨਾਂ ਵਿੱਚੋ ਦੋ ਦਾ ਜ਼ਿਕਰ ਇਸ ਪ੍ਰਕਾਰ ਹੈ: ਰਿਗਵੇਦ ਵਿੱਚ ਇੱਕ ਉਪਮਾ ਰਾਜੇ ਨੂੰ ਚੁਣਿਆਂ ਦਰਸਾਉਂਦੀ ਹੈ ਅਤੇ ਰਿਗਵੇਦ ਦਾ ਤਾਜ਼ਪੋਸ਼ੀ ਦਾ ਭਜਨ ਵਿਸਾਹ (Visah), ਭਾਵ ਕਬੀਲੇ, ਦੁਆਰਾ ਰਾਜੇ ਨੂੰ ਪ੍ਰਵਾਨ ਕਰਨ ਦੀ ਗੱਲ ਕਰਦਾ ਹੈ।ਕੁਝ ਤਬਦੀਲੀਆਂ ਸਹਿਤ ਅਥਰਵਵੇਦ ਵਿੱਚ ਵੀ ਇਸ ਤਰਾਂ ਦਾ ਜ਼ਿਕਰ ਮਿਲਦਾ ਹੈ ਕਿ ਪ੍ਰੋਹਿਤ ਚੁਣੇ ਹੋਏ ਰਾਜੇ ਨੂੰ ਸੰਬੋਧਿਤ ਹੋ ਕੇ ਕਹਿੰਦਾ ਹੈ: "ਸਾਡੇ ਵਿਚਕਾਰ ਆਓ, ਸੋ ਦ੍ਰਿੜ ਰਹੋ, ਆਪਣੇ ਰਾਜ ਤੇ ਕਾਇਮ ਰਹੋ, ਲੋਕ ਤਹਾਨੂੰ ਪ੍ਰਵਾਨ ਕਰਨ ਅਤੇ ਜੀ ਆਇਆਂ ਆਖਣ ਅਤੇ

ਤੁਸੀਂ ਆਪਣੇ ਅਹੁੱਦੇ ਦੀ ਮਰਿਆਦਾ ਤੋਂ ਨਾ ਡਿੱਗੋ।" ਇਹ ਆਖਿਆ ਜਾ ਸਕਦਾ ਹੈ ਕਿ ਸਭਾ ਅਤੇ ਸਮਿਤੀ ਲੋਕਾਂ ਦੀ ਇੱਛਾ ਦੇ ਪ੍ਰਗਟਾਵੇ ਦੇ ਸਾਧਨ ਸਨ।

ਅਲਟੇਕਰ ਇਸ ਵਿਚਾਰ ਨੂੰ ਮੰਨਣ ਲਈ ਪੂਰੀ ਤਰਾਂ ਤਿਆਰ ਨਹੀਂ ਕਿ ਪ੍ਰਚੀਨ ਭਾਰਤ ਵਿੱਚ ਰਾਜੇ ਦੀ ਚੋਣ ਹੋਇਆ ਕਰਦੀ ਸੀ। ਉਹ ਆਖਦਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵੈਦਿਕ ਕਾਲ ਵਿੱਚ ਕੁਝ ਰਾਜਾਂ ਵਿੱਚ ਰਾਜਾ ਚੁਣਿਆਂ ਜਾਂਦਾ ਸੀ। ਉਹ ਰਿਗਵੇਦ ਵਿੱਚੋਂ ਇੱਕ ਪਹਿਰੇ ਦਾ ਹਵਾਲਾ ਵੀ ਦਿੰਦਾ ਹੈ ਜਿਸ ਵਿੱਚ ਲੋਕ ਰਾਜੇ ਦੀ ਚੋਣ ਕਰਦੇ ਦੱਸੇ ਗਏ ਹਨ ਅਤੇ ਅਰਥਸ਼ਾਸ਼ਤਰ ਵਿੱਚ ਵੀ ਇਹ ਉਮੀਦ ਦਰਸਾਈ ਗਈ ਹੈ ਕਿ ਤਾਜ਼ਪੋਸ਼ੀ ਤੋ ਪਹਿਲਾਂ ਰਾਜੇ ਦੀ ਚੋਣ ਵੀ ਹੋ ਸਕਦੀ ਸੀ। ਆਖਰੀ ਵੈਦਿਕ ਸਾਹਿਤ ਵਿੱਚ ਇੱਕ ਪਹਿਰਾ ਇਹ ਦੱਸਦਾ ਹੈ ਕਿ ਕੇਵਲ ਉਹੀ ਵਿਅਕਤੀ ਰਾਜਾ ਬਣ ਸਕਦਾ ਸੀ ਜਿਸ ਦੀ ਅਗਵਾਈ ਦੂਸਰੇ ਰਾਜਿਆਂ ਨੂੰ ਪ੍ਰਵਾਨ ਹੋਵੇ। ਤਾਜ਼ਪੋਸ਼ੀ ਸਮੇਂ ਇੱਕ ਪ੍ਰਰਾਥਨਾ ਵਿੱਚ ਇਹ ਅਰਜੋਈ ਕੀਤੀ ਗਈ ਹੈ ਕਿ ਰਾਜਾ ਆਪਣੇ ਸਮਾਨ ਰਾਜਿਆਂ ਵਿੱਚੋ ਪ੍ਰਮੁੱਖ ਹੋਵੇਗਾ। ਇਸ ਲਈ ਉਹ ਆਖਦਾ ਹੈ ਕਿ ਵਧੇਰੇ ਸੰਭਵਨਾ ਇਹ ਹੈ ਕਿ ਰਾਜੇ ਦੀ ਚੋਣ ਵਿੱਚ ਸਮੁੱਚੀ ਜਨਤਾ ਹਿੱਸਾ ਨਹੀਂ ਸੀ ਲੈਂਦੀ ਬਲਕਿ ਕੁਲਪਤੀ ਅਤੇ ਵਿਸਪਤੀ ਵਰਗੇ ਪਰਜ਼ਾ ਦੇ ਆਗੂ ਹੀ ਰਾਜੇ ਦੀ ਚੋਣ ਵਿੱਚ ਭਾਗ ਲੈਂਦੇ ਸਨ। ਰਾਜੇ ਦੀ ਚੋਣ ਇੱਕ ਨਿਯਮ ਨਹੀਂ ਸੀ ਬਲਕਿ ਇਹ ਇੱਕ ਛੋਟ ਸੀ। ਆਮ ਰੁਝਾਨ ਵਿੱਚ ਉਸ ਪਰਿਵਾਰ ਦੇ ਮੁੱਖ ਮੈਂਬਰ ਨੂੰ ਰਾਜਾ ਚੁਨਣ ਦਾ ਅਧਿਕਾਰ ਸੀ ਜੋ ਕਿ ਉਸ ਸਮੇਂ ਦਾ ਮੁੱਖ ਪਰਿਵਾਰ ਹੁੰਦਾ ਸੀ।ਉਹ ਅੱਗੇ ਆਖਦਾ ਹੈ ਕਿ ਕੁਲਪਤੀਆਂ ਅਤੇ ਵਿਸਪਤੀਆਂ ਦੁਆਰਾ ਰਾਜੇ ਦੀ ਇਹ ਰਸਮੀ ਚੋਣ ਇਥੋਂ ਤੱਕ ਕਿ ਆਰੰਭਿਕ ਵੈਦਿਕ ਕਾਲ ਵਿੱਚ ਵੀ ਬੀਤੇ ਦੀ ਗੱਲ ਬਣਦੀ ਜਾ ਰਹੀ ਸੀ। ਇਥੋਂ ਤੱਕ ਕਿ ਰਿਗਵੇਦ ਵਿੱਚ ਵੀ ਬਹੁਤੀ ਥਾਈਂ ਰਾਜਾਸ਼ਾਹੀ ਵਿਰਸੇ 'ਤੇ ਅਧਾਰਿਤ ਸੀ। ਇਸ ਲਈ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਖਰੀ ਵੈਦਿਕ ਕਾਲ ਤੋਂ ਬਹੁਤ ਪਹਿਲਾਂ ਰਾਜਤੰਤਰ ਵਿਰਸੇ ਤੇ ਅਧਾਰਿਤ ਹੋ ਗਿਆ ਸੀ।

## ਸਮਿਤੀ (Samiti) – ਵੈਦਿਕ ਕਾਲ ਦੀ ਪ੍ਰਭੂਤਾਧਾਰੀ ਸਭਾ

ਵੈਦਿਕ ਸਾਹਿਤ 'ਤੇ ਝਾਤ ਮਾਰਿਆਂ ਇਹ ਸਹਿਜੇ ਹੀ ਨਜ਼ਰ ਆਉਂਦਾ ਹੈ ਕਿ ਬੇਸ਼ਮਾਰ ਛੋਟੇ ਰਾਜਾਂ ਦੇ ਰਾਜਿਆਂ ਉਪਰ ਨਿਯੰਤਰਣ ਰੱਖਣ ਲਈ ਵੈਦਿਕ ਰਾਜ ਵਿਵਸਥਾ ਦਾ ਜਨਤਕ ਸਭਾਵਾਂ-ਸਮਿਤੀ ਅਤੇ ਸਭਾ, ਆਦਿ-ਇੱਕ ਮਹੱਤਵਪੂਰਣ ਲੱਛਣ ਸਨ ।ਅਲਟੇਕਰ ਜ਼ਿਕਰ ਕਰਦਾ ਹੈ ਕਿ ਪ੍ਰਾਚੀਨ ਯੂਨਾਨ ਦੇ ਨਗਰ-ਰਾਜਾਂ ਵਾਂਗ ਰਿਗਵੈਦਿਕ ਕਾਲ ਦੇ ਔਸਤਨ ਰਾਜਾਂ ਦਾ ਅਕਾਰ ਕੁਝ ਵਰਗ ਮੀਲਾਂ ਤੱਕ ਹੀ ਸੀਮਿਤ ਹੁੰਦਾ ਸੀ। ਹਰੇਕ ਰਾਜ ਦੀ ਇੱਕ ਰਾਜਧਾਨੀ ਹੁੰਦੀ ਸੀ ਜੋ ਕਿ ਇਸ ਵਿੱਚ ਸ਼ਾਮਿਲ ਕੁੱਝ ਦਰਜ਼ਨ ਕੁ ਪਿੰਡਾਂ ਤੋਂ ਵੱਡੀ ਨਹੀਂ ਸੀ ਹੁੰਦੀ। ਪਿੰਡਾਂ ਦੀਆਂ ਆਪਣੀਆਂ ਜਨਤਕ ਸਭਾਵਾਂ ਹੁੰਦੀਆਂ ਸਨ ਜਿਨ੍ਹਾਂ ਨੂੰ ਆਮ ਬੋਲਚਾਲ ਵਿੱਚ ਸਭਾ ਆਖਿਆ ਜਾਂਦਾ ਸੀ ਅਤੇ ਰਾਜਧਾਨੀ ਦੀ ਆਪਣੀ ਕੇਂਦਰੀ ਸਭਾ (Central Assembly) ਹੁੰਦੀ ਸੀ ਜਿਸ ਨੂੰ ਸਮਿਤੀ ਆਖਿਆ ਜਾਂਦਾ ਸੀ।

ਜੈਸਵਾਲ ਅਨੁਸਾਰ ਵੈਦਿਕ ਕਾਲ ਵਿੱਚ ਰਾਸ਼ਟਰੀ ਜੀਵਨ ਅਤੇ ਗਤੀਵਿਧੀਆਂ ਦਾ ਪ੍ਰਗਟਾਵਾ ਜਨਤਕ ਸਭਾਵਾਂ ਦੁਆਰਾ ਹੁੰਦਾ ਸੀ।ਸਮਿਤੀ ਇਸ ਕਿਸਮ ਦੀ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਸੰਸਥਾ ਸੀ, ਜੋ ਸਮੂੱਚੇ ਲੋਕਾਂ ਦੀ ਪ੍ਰਤੀਨਿਧਤਾ ਕਰਦੀ ਸੀ । ਸ਼ਬਦ 'ਸਮਿਤੀ' (ਸਮ+ਈਤੀ) ਦਾ ਸ਼ਬਦੀ ਅਰਥ 'ਇੱਕਠੇ ਹੋਣਾ (Meeting Together)' ਸੀ।ਸਮਿਤੀ ਸਮੂੱਚੇ ਲੋਕਾਂ (ਵਿਸਾਹ) ਦੀ ਰਾਸ਼ਟਰੀ ਸਭਾ ਸੀ । ਸਭਾ ਵਿਚ ਸਾਰੇ ਲੋਕ ਸ਼ਾਮਿਲ ਹੋਏ ਮੰਨੇ ਜਾਂਦੇ ਸਨ । ਅਲਟੇਕਰ ਨੋਟ ਕਰਦਾ ਹੈ ਕਿ ਵੈਦਿਕ ਕਾਲ ਵਿਚ ਸਭਾ ਅਤੇ ਸਮਿਤੀ ਨੂੰ ਬਹੁਤ ਉਚ ਸਨਮਾਨ ਹਾਸਿਲ ਸੀ । ਉਹਨਾ ਨੂੰ ਪਰਜਾਪਤੀ ਜਾਂ

ਰਚਨਾਕਾਰ (The Creator) ਦੀਆਂ ਜੁੜਵਾਂ-ਧੀਆਂ (Twin-doughter) ਸਮਝਿਆ ਜਾਂਦਾ ਸੀ । ਇਸ ਤੋ ਇਹ ਸੰਕੇਤ ਮਿਲਦਾ ਹੈ ਕਿ ਲੋਕ ਦੋਵਾਂ ਨੂੰ ਪੂਜਨੀਕ ਪੁਰਾਤਨਤਾ ਦੀਆਂ ਦੈਵੀ ਸੰਸਥਾਂਵਾਂ ਅਤੇ ਭਾਈਚਾਰੇ ਦੇ ਸਮੁੱਚੇ ਰਾਜਨੀਤਿਕ ਜੀਵਨ ਦੇ ਸਮਾਨ ਸਮਝਦੇ ਸਨ । ਵੈਦਿਕ ਕਾਲ ਦੇ ਭਾਰਤ ਵਿਚ ਇਸ ਪ੍ਰਕਾਰ ਦੀਆਂ ਸਭਾਵਾਂ ਦਾ ਬੋਲਬਾਲਾ ਸੀ।

ਵੈਦਿਕ ਸਾਹਿਤ ਵਿਚ ਉਸ ਸਮੇ ਦੀਆਂ ਪ੍ਰੱਚਲਿਤ ਸਭਾਵਾਂ ਦਾ ਜਿਕਰ ਵਿਦਥ (Vidhatha), ਸਭਾ ਅਤੇ ਸਮਿਤੀ ਵਜੋਂ ਮਿਲਦਾ ਹੈ । ਇਹਨਾਂ ਸ਼ਬਦਾਂ ਦਾ ਠੀਕ-ਠੀਕ ਅਰਥ ਨਿਰਧਾਰਿਤ ਕਰਨਾ ਮੁਸ਼ਕਿਲ ਜਾਪਦਾ ਹੈ ਅਤੇ ਇਹ ਸੰਭਵ ਜਾਪਦਾ ਹੈ ਕਿ ਸਮੇਂ ਤੇ ਸਥਾਨ ਦੇ ਪ੍ਰੀਵਰਤਨ ਨਾਲ ਇਹਨਾਂ ਦਾ ਅਰਥ ਬਦਲ ਜਾਂਦਾ ਸੀ । ਜ਼ਿਮਰ (Zimmer) ਦਾ ਵਿਚਾਰ ਸੀ ਕਿ 'ਸਭਾ' ਪਿੰਡ ਦੀ ਸਭਾ ਹੋਇਆ ਕਰਦੀ ਸੀ ਅਤੇ ਸਮਿਤੀ ਕੇਂਦਰੀ ਸਭਾ ਸੀ।ਪ੍ਰੰਤੂ, ਜੈਸਵਾਲ ਦੇ ਵਿਚਾਰ ਅਨੁਸਾਰ ਸਮਿਤੀ ਸੰਭਵ ਤੌਰ ਤੇ ਰਾਸ਼ਟਰੀ ਸਭਾ ਸੀ ਅਤੇ ਸਭਾ ਇਸ ਦਾ ਸਥਾਈ ਅੰਗ (Standing Body) ਸੀ। ਪਰ ਉਹ ਇਹ ਸਾਫ-ਸਾਫ ਸਵੀਕਾਰ ਕਰਦਾ ਹੈ ਕਿ ਉਪਲੱਬਦ ਸਾਹਿਤ ਤੋਂ ਉਹਨਾਂ ਵਿਚਕਾਰ ਸੁਨਿਸ਼ਚਿਤ ਸੰਬੰਧ ਸਥਾਪਿਤ ਨਹੀਂ ਕੀਤਾ ਜਾ ਸਕਦਾ। ਜਿੱਥੋਂ ਤੱਕ 'ਵਿਦਥ' ਦਾ ਸਬੰਧ ਹੈ, ਜਾਪਦਾ ਹੈ ਕਿ ਇਸ ਦੀ ਉਤਪਤੀ ਵਿਦ (To Know) ਤੋਂ ਹੋਈ ਅਤੇ ਇਹ ਸੰਭਵ ਤੌਰ ਤੇ ਇੱਕ ਧਾਰਮਿਕ, ਅਤੇ ਬਲੀਦਾਨ ਦੇਣ ਵਾਲੇ ਇੱਕਠ ਵੱਲ ਸੰਕੇਤ ਕਰਦਾ ਹੈ ਜਿਸ ਦੀਆਂ ਰਸਮਾਂ ਲਈ ਉੱਚ ਪੱਧਰ ਦੇ ਗਿਆਨ ਦੀ ਜ਼ਰੂਰਤ ਹੁੰਦੀ ਸੀ।

ਸਮਿਤੀ ਦੇ ਕੰਮਾਂ ਦੇ ਸਬੰਧ ਵਿੱਚ ਜੈਸਵਾਲ ਕਹਿੰਦਾ ਹੈ ਕਿ ਸਮਿਤੀ ਦਾ ਸਭ ਤੋਂ ਮਹੱਤਵਪੂਰਨ ਕੰਮ ਰਾਜਨ ਦੀ ਚੋਣ ਕਰਨਾ ਸੀ। ਇਹ ਅਜਿਹੇ ਰਾਜੇ ਨੂੰ ਮੁੜ ਚੁਣ ਸਕਦੀ ਸੀ ਜਿਸ ਨੂੰ ਦੇਸ਼-ਨਿਕਾਲਾ ਦਿੱਤਾ ਗਿਆ ਹੋਵੇ। ਉਹ ਦਾਅਵਾ ਕਰਦਾ ਹੈ ਕਿ ਸੰਵਿਧਾਨਿਕ ਦ੍ਰਿਸ਼ਟੀਕੋਣ ਤੋਂ ਸਮਿਤੀ ਇੱਕ ਪ੍ਰਭੂਸਤਾਧਾਰੀ ਸੰਸਥਾ ਸੀ। ਸਮਿਤੀ ਵਿੱਚ ਰਾਜ ਦੇ ਮਸਲਿਆਂ ਉੱਪਰ ਵਿਚਾਰ ਕੀਤਾ ਜਾਂਦਾ ਸੀ। ਰਾਜਾ ਵੀ ਸਮਿਤੀ ਵਿੱਚ ਹਾਜ਼ਰ ਹੁੰਦਾ ਸੀ, ਅਤੇ ਇਹ ਜਰੂਰੀ ਸਮਝਿਆ ਜਾਂਦਾ ਸੀ ਕਿ ਉਹ ਅਜਿਹਾ ਕਰੇ। ਰਿਗਵੇਦ ਦਾ ਹਵਾਲਾ ਦਿੰਦਿਆਂ ਜੈਸਵਾਲ ਇਹ ਅਨੁਮਾਨ ਲਗਾਉਂਦਾ ਹੈ ਕਿ ਸਮਿਤੀ ਵਿੱਚ ਹਾਜ਼ਰ ਹੋਣਾ ਰਾਜੇ ਦਾ ਕਰੱਤਵ (Duty) ਸੀ; ਕਿ ਜੇਕਰ ਉਹ ਹਾਜ਼ਰ ਨਹੀਂ ਹੁੰਦਾ ਤਾਂ ਉਸ ਨੂੰ 'ਝੂਠਾ' ਸਮਝਿਆ ਜਾਵੇਗਾ। ਉਹ ਅੱਗੇ ਆਖਦਾ ਹੈ ਕਿ ਰਾਜੇ ਦੁਆਰਾ ਸਮਿਤੀ ਸਾਹਮਣੇ ਪੇਸ਼ ਹੋਣ ਦੀ ਪ੍ਰੰਪਰਾ ਓਦੋਂ ਤੱਕ ਚਲਦੀ ਰਹੀ ਜਦੋਂ ਤੱਕ ਸਮਿਤੀ ਦੀ ਹੋਂਦ ਰਹੀ।

ਪ੍ਰੰਤੂ, ਬੇਨੀ ਪ੍ਰਸ਼ਾਦ ਦੀਆਂ ਟਿੱਪਣੀਆਂ ਤੋਂ ਇਹ ਜਾਪਦਾ ਹੈ ਕਿ ਜਨਤਕ ਸਭਾਵਾਂ ਨੂੰ ਮਹਿਜ਼ ਸਲਾਹਕਾਰੀ ਸ਼ਕਤੀਆਂ ਹੀ ਹਾਸਿਲ ਸਨ।ਉਹ ਆਖਦਾ ਹੈ ਕਿ ਵੈਦਿਕ ਕਾਲ ਵਿੱਚ ਮੌਜੂਦ ਜਨਤਕ ਸਭਾਵਾਂ ਦਾ ਰਾਜੇ ਨਾਲ ਸਹਿਮਤ ਹੋਣਾ ਜ਼ਰੂਰੀ ਸੀ। ਉਹ ਰਿਗਵੇਦ ਵਿੱਚੋਂ ਇੱਕ ਤੁਕ ਦੀ ਚਰਚਾ ਕਰਦਾ ਹੈ ਜਿਸ ਵਿੱਚ ਇਹ ਆਖਿਆ ਗਿਆ ਹੈ ਕਿ "ਸ਼ਾਲਾ! ਸਮਿਤੀ ਅਤੇ ਸਭਾ, ਪ੍ਰਜਾਪਤੀ ਦੀਆਂ ਜੁੜੀਆਂ ਧੀਆਂ, ਇਕੋ ਵੇਲੇ ਮੇਰੀ ਸਹਾਇਤਾ ਕਰਨ"।ਰਾਜਾ ਅਤੇ ਉਸ ਦੇ ਚੋਣਕਾਰਾਂ ਵਿਚਕਾਰ ਤਾਲਮੇਲ ਸੱਚੀਓਂ ਹੀ ਲੋੜੀਂਦਾ ਸੀ।

### ਸਭਾ (Sabha)

ਵੈਦਿਕ ਅਤੇ ਬਾਅਦ ਦੇ ਕਾਲ ਦੌਰਾਨ ਸਭਾ ਇੱਕ ਹੋਰ ਵਿਚਾਰਨਯੋਗ ਸੰਵਿਧਾਨਿਕ ਸੰਗਠਨ ਸੀ। ਵੈਦਿਕ ਸਾਹਿਤ ਵਿੱਚ, ਸਭਾ ਸ਼ਬਦ ਕਈ ਅਰਥਾਂ ਵਿੱਚ ਵਰਤਿਆ ਜਾਂਦਾ ਹੈ; ਜਿਵੇਂ ਕਿ ਇੱਕ ਹਾਲ,

ਇੱਕ ਮਕਾਨ, ਜੂਆਘਰ ਅਤੇ ਸ਼ਾਹੀ ਅਦਾਲਤਾਂ, ਆਦਿ। ਰਾਜਨੀਤਿਕ ਸੰਸਥਾ ਵਜ਼ੋਂ, ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ, ਇਹ ਪਰਜਾਪਤੀ ਦੀਆਂ ਦੋ ਪੁੱਤਰੀਆਂ ਵਿਚੋਂ ਇੱਕ ਸਮਿਤੀ (Samiti) ਦੀ ਭੈਣ ਸਮਝੀ ਜਾਂਦੀ ਹੈ। ਇਹ ਵੀ ਇੱਕ ਪ੍ਰਚੱਲਿਤ ਸੰਸਥਾ ਸੀ। ਜੈਸਵਾਲ ਅਨੁਸਾਰ, ਸਭਾ ਵਿੱਚ ਮੇਲ-ਮਿਲਾਪ ਲਈ ਪ੍ਰਾਰਥਨਾ ਤੋਂ ਜਾਪਦਾ ਹੈ ਕਿ ਸਭਾ ਦੇ ਇਕੱਠ ਵਿੱਚ ਸਮਿਤੀ ਦੀ ਤਰ੍ਹਾਂ ਹੀ ਮੱਤਭੇਦਾਂ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਸੀ। ਸਭਾ ਨੂੰ 'ਨਰਿਸ਼ਟ'(Narishta) ਕਿਹਾ ਜਾਂਦਾ ਸੀ। ਜਿਸਦਾ ਭਾਵ ਹੈ ਕਿ 'ਬਹੁਮਤ ਦਾ ਪ੍ਰਸਤਾਵ' ਜਿਸਨੂੰ ਤੋੜਿਆ ਨਾ ਜਾ ਸਕੇ ਜਾਂ ਜਿਸਦੀ ਅਵਲੇਹਣਾ ਨਾ ਕੀਤੀ ਜਾ ਸਕੇ। ਸਭਾ ਵਿੱਚ ਖੁੱਲ੍ਹਾ ਵਿਚਾਰ ਵਟਾਂਦਰਾ ਕੀਤਾ ਜਾਂਦਾ ਸੀ। ਸਪੱਸ਼ਟ ਰੂਪ ਵਿੱਚ ਸਭਾ, ਸਮਿਤੀ ਦੀ ਤਰ੍ਹਾਂ ਮਹੱਤਵਪੂਰਣ ਸੀ।

ਜਿਥੋਂ ਤੱਕ ਇਸਦੀ ਬਣਤਰ ਦਾ ਸਬੰਧ ਹੈ, ਇਹ ਯਕੀਨਨ ਹੀ ਸਮਿਤੀ ਨਾਲ ਜੁੜੀ ਹੋਈ ਸੀ ।ਪ੍ਰੰਤੂ ਇਸਦੇ ਸਪੱਸ਼ਟ ਸੰਬੰਧ ਬਾਰੇ ਉਪਲਬੱਧ ਅੰਕੜਿਆਂ ਤੋਂ ਕੋਈ ਸਿੱਟਾ ਨਹੀਂ ਮਿਲਦਾ। ਜੈਸਵਾਲ ਦੱਸਦਾ ਹੈ ਕਿ ਸੰਭਵ ਤੌਰ ਤੇ ਇਹ ਸਮਿਤੀ ਦੀ ਸੱਤਾ ਅਧੀਨ ਕੰਮ ਕਰਦੇ ਚੁਣੇ ਹੋਏ (ਜਾਂ ਚੋਣਵੇਂ) ਵਿਅਕਤੀਆਂ ਦੀ ਇੱਕ ਸਥਿਰ ਅਤੇ ਟਿਕਾਊ ਸੰਸਥਾ ਸੀ। ਸ਼ਾਬਦਿਕ ਤੌਰ ਤੇ ਸਭਾ ਦਾ ਅਰਥ 'ਇੱਕਠੇ ਚਮਕਦੇ ਵਿਅਕਤੀਆਂ' ਦੀ ਇਕ ਸੰਸਥਾ ਹੈ। ਸਭਾ ਦੇ ਮੈਂਬਰਾਂ ਨੂੰ ਬਹੁਤ ਸਨਮਾਨ ਦਿੱਤਾ ਜਾਂਦਾ ਸੀ ਅਤੇ ਉਹਨਾਂ ਨੂੰ ਸਨਮਾਨਯੋਗ ਸ਼ਬਦਾਂ ਨਾਲ ਸੰਬੋਧਿਤ ਕੀਤਾ ਜਾਂਦਾ ਸੀ।ਸਭਾ ਦਾ ਆਪਣਾ ਪ੍ਰਧਾਨ ਹੁੰਦਾ ਸੀ, ਜਿਸਨੂੰ ਸਭਾਪਤੀ ਕਿਹਾ ਜਾਂਦਾ ਸੀ।ਜੈਸਵਾਲ ਦੇ ਅਨੁਮਾਨ ਅਨੁਸਾਰ ਸਭਾ ਵਿੱਚ ਬਜ਼ੁਰਗ/ਪਿਤਾ (ਵੱਡੀ ਉਮਰ ਦੇ ਵਿਆਕਤੀ) ਹੁੰਦੇ ਸਨ।

ਜਿਥੋਂ ਤੱਕ ਸਭਾ ਦੇ ਕਾਰਜ਼ਾਂ ਦਾ ਸਬੰਧ ਹੈ, ਜੈਸਵਾਲ ਇਸਦੇ ਨਿਆਂਇਕ ਕੰਮਾਂ ਨੂੰ ਨਿਸ਼ਚਿਤ ਸਮਝਦਾ ਹੈ। ਸਭਾ ਰਾਸ਼ਟਰੀ ਨਿਆਂਇਕ ਵਜੋਂ ਕੰਮ ਕਰਦੀ ਸੀ। ਕਈ ਵਾਰ ਸਭਾ ਨੂੰ 'ਕਸ਼ਟ (Trouble)' ਅਤੇ 'ਜ਼ਬਰਦਸਤ (Vehemence)' ਕਰਕੇ ਵੀ ਜਾਣਿਆਂ ਜਾਂਦਾ ਸੀ, ਜਿਵੇਂ ਕਿ ਕਸ਼ਟ ਅਤੇ ਜਬਰਦਸਤੀ ਦੋਸ਼ੀਆਂ ਲਈ ਲਾਜ਼ਮੀ ਸੀ। ਜੈਸਵਾਲ ਅਨੁਸਾਰ ਸਭਾ ਦੇ ਅਜਿਹੇ ਨਾਮ ਇਸ ਲਈ ਸਨ ਜਿਵੇਂ ਵਰਤਮਾਨ ਵਿੱਚ ਕਈ ਅਦਾਲਤਾ ਨੂੰ 'ਅਪਰਾਧੀ ਅਦਾਲਤਾਂ' (Criminal Courts) ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੀ, ਸਭਾ-ਚਾਰਾ (ਜੋ ਕਿ ਸਭਾ ਵਿਚ ਜਾ ਰਿਹਾ ਹੁੰਦਾ ਹੈ) ਦਾ ਵਰਨਣ ਅਜਿਹੇ ਵਿਅਕਤੀ ਵਜੋਂ ਕੀਤਾ ਗਿਆ ਕਿ ਜਿਸ ਨਾਲ ਬੇਇਨਸਾਫੀ ਹੋਈ ਹੈ।ਜੈਸਵਾਲ ਦਾ ਇਹ ਵੀ ਅਨੁਮਾਨ ਹੈ ਕਿ ਸਭਾ ਵਿਚ 'ਬਜ਼ੁਰਗ (Elders) ਜਾਂ ਪਿਤਾ (Fathers)' ਸ਼ਾਮਿਲ ਹੋਇਆ ਕਰਦੇ ਸਨ।

ਪ੍ਰਾਚੀਨ ਭਾਰਤੀ ਰਾਜਨੀਤਿਕ ਵਿਵਸਥਾ ਦੇ ਕੁੱਝ ਟਿੱਪਣੀਕਾਰ, ਜਿਵੇਂ ਕਿ Hildedrandt, ਸਭਾ ਨੂੰ ਇੱਕ ਵੱਖਰੀ ਸੰਸਥਾ ਨਹੀਂ ਮੰਨਦੇ, ਸਗੋਂ ਇਸਨੂੰ ਸਿਰਫ ਸਮਿਤੀ ਦੀ ਬੈਠਕਾਂ ਦੀ ਥਾਂ ਮੰਨਦੇ ਹਨ। ਅਲਟੇਕਰ ਇਸ ਵਿਚਾਰ ਨੂੰ ਰੱਦ ਕਰਦਾ ਹੈ ਅਤੇ ਅਥਰਵਵੇਦ ਦੇ ਇੱਕ ਪਹਿਰੇ ਵੱਲ ਧਿਆਨ ਦਿਵਾਉਦਾ ਹੈ ਜੋ ਸਾਫ ਤੌਰ ਤੇ ਕਹਿੰਦਾ ਹੈ ਕਿ ਸਭਾ ਅਤੇ ਸਮਿਤੀ ਦੋ ਵੱਖੋ-ਵੱਖਰੀਆ ਸੰਸਥਾਵਾਂ ਸਨ ਅਤੇ ਉਹਨਾਂ ਦੀ ਤੁਲਨਾ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਰਚਨਹਾਰਾਂ ਦੀਆਂ ਦੋ ਜੁੜਵਾਂ-ਧੀਆਂ ਨਾਲ ਕਰਦਾ ਹੈ।ਦੂਜੇ ਪਹਿਰੇ ਵਿੱਚ ਦੱਸਿਆ ਗਿਆ ਹੈ ਕਿ ਵਰਤਯਾ (Vratya) ਕਿਵੇਂ ਸਮਿਤੀ, ਸਭਾ ਅਤੇ ਸੈਨਾ ਦੇ ਮੈਂਬਰਾਂ ਦੁਆਰਾ ਪ੍ਰਯੋਗ 'ਚ ਲਿਆਂਦਾ ਜਾਂਦਾ ਸੀ ।ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਸਭਾ ਮਹਿਜ਼ ਸਮਿਤੀ ਦੀਆ ਮੀਟਿਗਾਂ ਦਾ ਸਥਾਨ ਨਹੀਂ ਸੀ, ਸਗੋਂ ਇਕ ਵੱਖਰੀ

ਸੰਸਥਾ ਸੀ ।ਅਲਟੇਕਰ ਸਭਾ ਨੂੰ ਆਮ ਤੌਰ 'ਤੇ ਗ੍ਰਾਮ ਜਾਂ ਪਿੰਡ ਦੀ ਅਸੈਂਬਲੀ ਜਾਂ ਇਕੱਠ ਦੇ ਰੂਪ ਵਿੱਚ ਦੇਖਦਾ ਹੈ ਜੋ ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਨੂੰ ਨਜਿੱਠਣ ਲਈ ਬੁਲਾਈ ਜਾਂਦੀ ਸੀ।

ਉੱਤਰ-ਵੈਦਿਕ ਕਾਲੀਨ ਸਾਹਿਤ ਵਿੱਚ ਸਮਿਤੀ, ਜਿਸਦਾ ਰਿਗਵੇਦ ਅਤੇ ਅਥਰਵਵੇਦ ਦੇ ਦਿਨਾਂ ਵਿੱਚ ਰਾਜੇ ਅਤੇ ਪ੍ਰਸ਼ਾਸ਼ਨ ਤੇ ਬਹੁਤ ਜਿਆਦਾ ਪ੍ਰਭਾਵ ਹੁੰਦਾ ਸੀ, ਪੂਰੀ ਤਰ੍ਹਾਂ ਨਾਲ ਅਲੋਪ ਹੋ ਗਈ। ਸਮਹਿਤਾ (Samhitas) ਅਤੇ ਬ੍ਰਹਮਣਾ (Brahmanas) ਵਿੱਚ ਸਭਾ ਅਜੇ ਵੀ ਪ੍ਰਚੱਲਿਤ ਸੀ ਪਰ ਇਸਦਾ ਰੂਪ ਬਦਲ ਚੁੱਕਿਆ ਸੀ ।ਇਹ ਪਿੰਡ ਦੀ ਸਰਵਪ੍ਰਿਆ ਸਭਾ ਨਾ ਰਹੀ ਸਗੋਂ ਜ਼ਿਆਦਾਤਰ ਰਾਜੇ ਦੀ ਅਦਾਲਤ ਜਾਂ ਵਿਸ਼ੇਸ਼ ਪ੍ਰੀਸ਼ਦ (Privy Council) ਵਜੋਂ ਦਿਖਾਈ ਦੇਣ ਲੱਗ ਪਈ, ਜਿਹਨਾਂ ਅਰਥਾਂ ਵਿਚ ਇਸ ਸ਼ਬਦ ਦੀ ਵਰਤੋਂ ਸਦੀਆਂ ਲਈ ਕੀਤੀ ਜਾਣੀ ਸੀ।ਜੈਸਵਾਲ ਸਭਾ ਦਾ ਜ਼ਿਕਰ ਆਖਰੀ ਰਿਗਵੇਦਿਕ ਸੰਸਥਾ ਵਜੋਂ ਵੀ ਕਰਦਾ ਹੈ। ਉਹ ਆਖਦਾ ਹੈ ਕਿ ਸਭਾ ਦੀ ਉਤਪਤੀ ਸਮਿਤੀ ਵਾਂਗ ਰਿਗਵੇਦ ਦੇ ਆਖਰੀ ਕਾਲ ਵਿਚ ਹੋਈ।ਇਸਦਾ ਸਮਾਂ ਸਮਿਤੀ ਦੇ ਨਾਲ-ਨਾਲ ਹੈ।ਉਹ ਅੱਗੇ ਆਖਦਾ ਹੈ ਕਿ ਇਥੋਂ ਤੱਕ ਕਿ ਸ਼ਾਹੀ ਅਤੇ ਸਾਮਰਾਜੀ ਕੇਂਦਰੀਕਰਣ ਦੌਰਾਨ ਵੀ ਰਾਜੇ ਦੀ ਨਿਆਂਇਕ ਸਭਾ ਵਿਚ ਇਸਦੇ ਜਨਤਕ ਉਤਪਤੀ ਦੇ ਲੱਛਣ ਮੌਜੂਦ ਸਨ ਅਤੇ ਇਸਨੇ ਆਪਣੇ ਨਿਆਂ ਦੇ ਪ੍ਰਸ਼ਾਸ਼ਨ ਵਿਚ ਕੁਝ ਮਹੱਤਵਪੂਰਨ ਜਨਤਕ ਲੱਛਣ ਕਾਇਮ ਰੱਖੇ।

**ਗਣ (Republic)**

ਰੀਪਬਲਿਕ ਲਈ ਭਾਰਤੀ ਸ਼ਬਦ 'ਗਣ' ਹੈ, ਜਿਸਦਾ ਭਾਵ ਸਰਕਾਰ ਦਾ ਅਜਿਹਾ ਰੂਪ ਹੈ ਜਿਥੇ ਸ਼ਕਤੀ ਦਾ ਨਿਵਾਸ ਇਕ ਵਿਅਕਤੀ ਦੀ ਬਜਾਇ ਗਣ ਵਿਚ ਹੁੰਦਾ ਹੈ ਅਤੇ ਜਿਸ ਵਿਚ ਆਮ ਕਰਕੇ ਲੋਕਾਂ ਦਾ ਵੱਡਾ ਸਮੂਹ ਸ਼ਾਮਿਲ ਹੁੰਦਾ ਹੈ।ਪਰਾਚੀਨ ਸਾਹਿਤ ਵਿਚ ਦੂਸਰਾ ਸਮਾਨ-ਅਰਥੀ ਸ਼ਬਦ 'ਸੰਘ' ਹੈ।ਗਣ ਦਾ ਸ਼ਾਬਦਿਕ ਅਰਥ ਗਿਣਤੀ (Numbers) ਹੈ, ਇਸ ਲਈ ਗਣ-ਰਾਜ ਤੋਂ ਭਾਵ 'ਗਿਣਤੀ ਦਾ ਰਾਜ' ਜਾਂ 'ਬਹੁਤਿਆਂ ਦੁਆਰਾ ਰਾਜ' ਹੈ।ਇਹ ਮੰਨਿਆ ਜਾਂਦਾ ਹੈ ਕਿ ਗਣਰਾਜ ਆਮ ਕਰਕੇ ਉਤਰ-ਵੈਦਿਕ ਕਾਲ ਦਾ ਵਰਤਾਰਾ ਹਨ।ਆਰੰਭਿਕ ਵੇਦਾਂ ਵਿਚ ਕੇਵਲ ਰਾਜਾਸ਼ਾਹੀ ਦਾ ਹੀ ਜ਼ਿਕਰ ਹੈ।ਜੈਸਵਾਲ ਇਸ ਸਬੰਧ ਵਿਚ ਮੈਗਸਥਨੀਜ ਦਾ ਹਵਾਲਾ ਦਿੰਦਾ ਹੈ ਜਿਸ ਅਨੁਸਾਰ ਪਰਭੂਸਤਾ ਨੂੰ ਖਤਮ ਕਰ ਦਿੱਤਾ ਗਿਆ ਸੀ ਅਤੇ ਅਨੇਕਾਂ ਥਾਵਾਂ 'ਤੇ ਲੋਕਤੰਤਰੀ ਸਰਕਾਰਾਂ ਸਥਾਪਿਤ ਕੀਤੀਆਂ ਗਈਆਂ।ਮਹਾਂਭਾਰਤ ਅਨੁਸਾਰ ਸਰਕਾਰ ਦਾ ਵੈਦਿਕ ਰੂਪ ਕੇਵਲ ਰਾਜਾਸ਼ਾਹੀ ਹੈ।ਗਣ ਰਾਜਾਸ਼ਾਹੀ ਤੋਂ ਬਹੁਤ ਦੇਰ ਬਾਅਦ ਹੋਂਦ ਵਿਚ ਆਇਆ।ਇਹ ਆਖਰੀ ਵੈਦਿਕ ਸਾਹਿਤ ਵਿਚ ਨਜ਼ਰ ਆਉਂਦਾ ਹੈ,ਜਾਣੀਂ, ਰਿਗਵੈਦਿਕ ਬਰਹਮਣਾ ਅਤੇ ਐਤਰਿਆ, ਅਤੇ ਯਜੁਰਵੇਦ ਅਤੇ ਇਸਦੇ ਬਰਹਮਣਾਂ, ਤੈਤਰਿਆ ਵਿਚ।

ਇਸ ਸਬੰਧ ਵਿਚ ਆਲਟੇਕਰ ਇਹ ਜ਼ਿਕਰ ਵੀ ਕਰਦਾ ਹੈ ਕਿ ਰਾਜਾਸ਼ਾਹੀ ਅਤੇ ਕੁਲੀਨਤੰਤਰੀ ਰਾਜਾਂ ਦੇ ਨਾਲ-ਨਾਲ ਪਰਾਚੀਨ ਭਾਰਤ ਵਿਚ ਆਰੰਭਿਕ ਵੈਦਿਕ ਕਾਲ ਤੋਂ ਹੀ ਗਣਰਾਜੀ ਸਰਕਾਰਾਂ ਵੀ ਮੌਜੂਦ ਸਨ। ਐਤਰਿਆ ਬਰਹਮਾ ਦੇ ਇਕ ਪਹਿਰੇ ਵਿਚ ਇਹ ਆਖਿਆ ਗਿਆ ਹੈ ਕਿ ਉਤਰਾਕੁਰੂਜ (Uttarakurus) ਅਤੇ ਉਤਰਾਮਦਰਾਸ (Uttaramadras) ਜਿਹੇ ਹਿਮਾਲਿਆ ਦੇ ਲਾਗਲੇ ਖੇਤਰਾਂ ਵਿਚ ਲੋਕ ਵਿਰਾਟ (ਰਾਜਾ-ਰਹਿਤ) ਰਾਜਾਂ ਵਿਚ ਰਹਿੰਦੇ ਸਨ ਅਤੇ ਇਸ ਲਈ ਇਹਨਾਂ ਨੂੰ ਵਿ-ਰਾਟ ਜਾਂ ਰਾਜਾ-ਹੀਣ ਆਖਿਆ ਜਾਂਦਾ ਸੀ।ਉਤਰਾਕੁਰੂਜ ਅਤੇ ਉਤਰਾਮਦਰਾਸ ਵਿਚ ਉਹਨਾਂ ਦੇ ਰਾਜਿਆਂ ਦੀ ਬਜਾਇ ਲੋਕਾਂ ਨੂੰ ਵਿਰਾਟ ਆਖਿਆ ਜਾਂਦਾ ਸੀ। ਇਹ ਕਾਫੀ ਯਕੀਨੀ ਜਾਪਦਾ ਹੈ ਕਿ ਇਹਨਾਂ ਲੋਕਾਂ ਦੀ ਸਰਕਾਰ ਦਾ ਰੂਪ ਗੈਰ-ਰਾਜਾਸ਼ਾਹੀ ਜਾਂ ਗਣਰਾਜੀ ਹੁੰਦਾ ਸੀ।ਇਹ ਸਿੱਟਾ ਯੂਨਾਨੀ ਲੇਖਕਾਂ ਦੇ

ਹਵਾਲਿਆਂ ਨਾਲ ਹੋਰ ਵੀ ਮਜ਼ਬੂਤ ਹੁੰਦਾ ਹੈ ਜੋ ਦਾਅਵਾ ਕਰਦੇ ਹਨ ਕਿ ਉਪਰ-ਚਰਚਿਤ ਪਰਾਂਤਾਂ ਵਿਚ ਸਿਕੰਦਰ ਮਹਾਨ ਦੇ ਦਿਨਾਂ ਤੋਂ ਹੀ ਸਰਕਾਰ ਦੇ ਗਣਰਾਜੀ ਸਰੂਪ ਪ੍ਰਚੱਲਿਤ ਸਨ।

ਰਾਜ ਦੇ ਗੈਰ-ਰਾਜਾਸ਼ਾਹੀ ਰੂਪਾਂ ਨੂੰ ਅਨੇਕਾਂ ਨਾਂਵਾਂ-ਕੁਲੀਨਤੰਤਰ, ਜਾਂ ਲੋਕਤੰਤਰ ਜਾਂ ਗਣਰਾਜ-ਨਾਲ ਜਾਣਿਆਂ ਜਾਂਦਾ ਹੈ। ਕੁੱਝ ਲੇਖਕਾਂ ਦਾ ਮੱਤ ਹੈ ਕਿ ਪਰਾਚੀਨ ਭਾਰਤ ਵਿਚ ਰਾਜਤੰਤਰ ਹੀ ਸਰਕਾਰ ਦਾ ਇਕੋ ਇਕ ਜਾਣਿਆਂ ਜਾਂਦਾ ਰੂਪ ਸੀ।ਉਹਨਾਂ ਦਾ ਵਿਸ਼ਵਾਸ ਹੈ ਕਿ ਜਿਹਨਾਂ ਨੂੰ ਗਣਰਾਜ ਕਿਹਾ ਜਾਂਦਾ ਸੀ ਉਹ ਸਿਰਫ ਕਬੀਲਾਈ ਰਾਜ ਸਨ।ਇਸ ਵਿਚਾਰ ਅਨੁਸਾਰ, ਉਦਾਹਰਣ ਵਜੋਂ, ਮਾਲਵਾ-ਗਣ ਅਤੇ ਯੁਧਿਆ-ਗਣ, ਮਾਲਵਾ ਜਾਂ ਯੁਧਿਆ ਗਣਰਾਜ ਨਹੀਂ ਸਨ ਬਲਕਿ ਉਹ ਮਾਲਵਾ ਅਤੇ ਯੁਧਿਆ ਦੇ ਕਬੀਲੇ ਸਨ।ਪਰ ਇਹ ਵਿਚਾਰ ਪਰਤੱਖ ਤੌਰ 'ਤੇ ਮੰਨਣਯੋਗ ਨਹੀਂ ਕਿਉਂਕਿ ਇਹ ਦਰਸਾਉਣ ਲਈ ਬਹੁਤ ਪ੍ਰਮਾਣ ਹੈ ਕਿ ਭਾਵੇਂ ਅਸੀਂ ਇਹ ਮੰਨ ਵੀ ਲਈਏ ਕਿ ਮਾਲਵਾ ਅਤੇ ਯੁਧਿਆ ਕਬੀਲੇ ਸਨ ਪਰ ਉਹਨਾਂ ਦੀ ਸਰਕਾਰ ਦਾ ਰੂਪ ਵੀ ਗਣਰਾਜੀ ਸੀ।ਅਲਟੇਕਰ ਇਹ ਦਾਅਵਾ ਕਰਦਾ ਹੈ ਕਿ ਨਿਰਸ਼ੰਕੋਚ ਇਹ ਕਿਹਾ ਜਾ ਸਕਦਾ ਹੈ ਕਿ ਗਣਰਾਜ ਸਰਕਾਰ ਦੀ ਇਕ ਨਿਸ਼ਚਿਤ ਕਿਸਮ ਦਾ ਇਜ਼ਹਾਰ ਸੀ ਜੋ ਕਿ ਰਾਜਤੰਤਰ ਜਾਂ ਰਾਜਾਸ਼ਾਹੀ ਤੋਂ ਪੂਰੀ ਤਰਾਂ ਅਲੱਗ ਸੀ। ਉਹ ਮੱਧਿਆਦੇਸ਼ ਤੋਂ ਦੱਖਣ (Deccan) ਵਿਚ ਸਫਰ ਕਰ ਰਹੇ ਵਪਾਰੀਆਂ ਵਿਚਕਾਰ ਹੋਏ ਸੰਵਾਦ ਦਾ ਜ਼ਿਕਰ ਕਰਦਾ ਹੈ ਜਿਸ ਵਿਚ ਇਕ ਸਥਾਨਕ ਰਾਜਾ ਉਹਨਾਂ ਨੂੰ ਪੁਛਦਾ ਹੈ ਕਿ ਜਿਹਨਾਂ ਰਾਜਾਂ ਤੋਂ ਉਹ ਆਏ ਹਨ ਉਥੇ ਰਾਜੇ ਕੌਣ ਹਨ? ਉਹ ਜਵਾਬ ਦਿੰਦੇ ਹਨ: 'ਸ਼ਿਰੀ ਮਾਨ ਜੀ, ਸਾਡੇ ਵਿਚੋਂ ਕੁਝ ਦੇ ਦੇਸ਼ਾਂ ਵਿਚ ਰਾਜੇ ਹਨ, ਪਰ ਦੂਸਰਿਆਂ ਦੇ ਰਾਜਾਂ ਵਿਚ ਗਣ ਜਾਂ ਗਣਰਾਜੀ ਸਰਕਾਰਾਂ ਹਨ'।ਆਲਟੇਕਰ ਇਹ ਸਿੱਧ ਕਰਨ ਲਈ ਕੁਝ ਹੋਰ ਹਵਾਲੇ ਦਿੰਦਾ ਹੈ ਕਿ ਗਣ ਦਾ ਇਕ ਨਿਸ਼ਚਿਤ ਸੰਵਿਧਾਨਿਕ ਅਰਥ ਸੀ ਅਤੇ ਇਹ ਸਰਕਾਰ ਦੇ ਇਕ ਰੂਪ ਨੂੰ ਦਰਸਾਉਂਦੇ ਸਨ ਜਿਥੇ ਸ਼ਕਤੀ ਦਾ ਨਿਵਾਸ ਇਕ ਵਿਕਅਤੀ ਦੀ ਬਜਾਇ ਗਣ ਜਾਂ ਲੋਕਾਂ ਦੇ ਸਮੂਹ ਵਿਚ ਹੁੰਦਾ ਸੀ।ਸੰਘ ਇਕ ਦੂਸਰਾ ਰੂਪ ਸੀ ਜਿਸਦੀ ਵਰਤੋਂ ਸਮਾਨ ਅਰਥਾਂ ਵਿਚ ਕੀਤੀ ਜਾਂਦੀ ਸੀ, ਕਿਉਂਕਿ ਇਹ ਰਾਜਤੰਤਰ ਤੋਂ ਪੂਰੀ ਤਰਾਂ ਭਿੰਨ ਸੀ।

## ਵਿਧਾਤਾ (Vidhata)

ਵੈਦਿਕ ਸਮੇਂ ਵਿੱਚ ਸਿਰਫ 'ਸਮਿਤੀ' ਅਤੇ 'ਸਭਾ' ਹੀ ਪ੍ਰਚਲਿਤ ਸੰਸਥਾਵਾਂ ਨਹੀਂ ਸਨ। ਧਾਰਮਿਕ ਜੀਵਨ 'ਵਿਧਾਤਾ' ਅਸੈਂਬਲੀਆਂ ਦੁਆਰਾ ਸੰਗਠਿਤ ਕੀਤਾ ਜਾਂਦਾ ਸੀ ਜੋ ਕਿ ਸਮਿਤੀ ਤੋਂ ਬਹੁਤ ਸਮੇਂ ਪਹਿਲਾਂ ਮੌਜੂਦ ਸਨ। ਅਲਟੇਕਰ ਦੇ ਅਨੁਸਾਰ 'ਵਿਧਾਤਾ' ਸ਼ਬਦ ਦਾ ਮੂਲ ਅਰਥ ਹੈ 'ਵਿਦ' (To Know) ਅਤੇ ਜੋ ਸੰਭਵ ਤੋਰ 'ਤੇ ਇਕ ਧਾਰਮਿਕ ਅਤੇ ਬਲੀਦਾਨ ਕਰਨ ਲਈ ਇੱਕਠ ਵੱਲ ਸੰਕੇਤ ਕਰਦਾ ਹੈ।ਜਿਥੋਂ ਦੀਆਂ ਰਸਮਾਂ ਉੱਚ ਪੱਧਰ ਦੇ ਗਿਆਨ ਦੀ ਮੰਗ ਕਰਦੀਆਂ ਸਨ।ਵਿਧਾਤਾ ਸਭਾ ਅਤੇ ਸਮਿਤੀ ਵਾਂਗ ਰਾਜੇ ਉੱਪਰ ਕਾਬੂ ਰੱਖਣ ਵਾਲੀ ਸੰਸਥਾ ਨਾ ਹੋ ਕੇ ਸਗੋਂ ਇੱਕ ਸਮਾਜਿਕ, ਧਾਰਮਿਕ ਅਤੇ ਫੌਜੀ ਇੱਕਠ ਵਧੇਰੇ ਸੀ।ਆਰ.ਐਸ.ਸ਼ਰਮਾ ਵਿਧਾਤਾ ਦੇ ਸੁਭਾਅ ਬਾਰੇ ਲਿਖਦਾ ਹੈ ਕਿ ਇਹ ਭਾਰਤੀ-ਆਰੀਅਨਾਂ ਦੀ ਸ਼ੁਰੂਆਤੀ ਸਭਾ ਸੀ ਜਿਸ ਵਿੱਚ ਔਰਤਾਂ ਅਤੇ ਮਰਦ ਦੋਵੇਂ ਭਾਗ ਲੈਂਦੇ ਸਨ ਅਤੇ ਜਿੱਥੇ ਆਰਥਿਕ, ਸੈਨਿਕ, ਧਾਰਮਿਕ ਅਤੇ ਸਮਾਜਿਕ ਕਾਰਜ਼ ਕੀਤੇ ਜਾਂਦੇ ਸਨ।ਇਹ ਮੁੱਢਲੇ ਸਮਾਜ ਦੀਆਂ ਲੋੜਾਂ ਨੂੰ ਪੂਰਾ ਕਰਦਾ ਸੀ ਜਿਸ ਵਿਚ ਕਿਸੇ ਪਰਕਾਰ ਦੀ ਕੰਮ ਦੀ ਵੰਡ (Division of Labour) ਜਾਂ ਔਰਤ ਉਪਰ ਮਰਦ ਦਾ ਦਾਬਾ ਨਹੀਂ ਸੀ।ਇਹ ਜਾਪਦਾ ਹੈ ਕਿ ਵਿਧਾਤਾ ਪਰਣਾਲੀ ਦਾ ਮੂਲ ਅਧਾਰ ਸਹਿਯੋਗ ਸੀ। ਲੋਕ ਇਸ ਸਭਾ 'ਚ ਬਿਨਾ ਕਿਸੇ ਲਿੰਗਕ ਵਿਤਕਰੇ ਤੋ ਇਕੱਤਰ ਹੁੰਦੇ,

ਇਕੱਠੇ ਲੜਦੇ, ਇਕੱਠੇ ਗਾਉਂਦੇ, ਇਕੱਠੇ ਪਰਾਰਥਨਾ ਕਰਦੇ, ਇਕੱਠੇ ਖੇਡਦੇ ਅਤੇ ਇਕੱਠੇ ਵਿਚਾਰ-ਵਟਾਂਦਰਾ ਕਰਦੇ ਸਨ। ਪਰ ਇਸ ਬਾਰੇ ਯਕੀਨੀ ਤੌਰ 'ਤੇ ਕੁਝ ਵੀ ਨਹੀਂ ਕਿਹਾ ਜਾ ਸਕਦਾ ਕਿ ਕਿੱਥੋਂ ਤੱਕ ਇਹ ਸਰਕਾਰ ਦੀ ਸੰਸਥਾ ਸੀ ਅਤੇ ਨਾ ਹੀ ਇਸ ਦੇ ਸਰੂਪ ਬਾਰੇ ਜ਼ਿਆਦਾ ਪਤਾ ਲੱਗਦਾ ਹੈ। ਇਹ ਸਪੱਸ਼ਟ ਹੈ ਕਿ ਇਹ ਇੱਕ ਵੱਡੀ ਸਭਾ ਸੀ, ਸੰਭਵ ਤੌਰ 'ਤੇ ਪੂਰੇ ਕਬੀਲੇ ਦੀ ਪ੍ਰਤੀਨਿਧਤਾ ਕਰਦੀ ਸੀ ਕਿਉਂਕਿ ਅਜਿਹੇ ਹਵਾਲੇ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਲੋਕਾਂ ਨੂੰ ਉਥੇ ਸਮੂਹਾਂ ਦੇ ਰੂਪ ਵਿੱਚ ਬਿਠਾਇਆ ਜਾਂਦਾ ਸੀ ਅਤੇ ਜੋ ਨੱਚਦੇ-ਗਾਉਂਦੇ ਸਨ। ਆਰੰਭਿਕ ਸਮੇਂ ਵਿਚ ਵੈਦਿਕ ਬਲੀਦਾਨਾਂ ਵਿਚ ਔਰਤਾਂ ਸਰਗਰਮ ਭਾਗ ਲੈਂਦੀਆਂ ਸਨ। ਹਾਲਾਂਕਿ ਕਿ ਕੁੱਝ ਪ੍ਰੈਰਿਆਂ ਵਿਚ ਰਾਜੇ ਦੀ ਵਿਧਾਤਾ ਵਿਚ ਪਰਤੀਨਿਧਤਾ ਦਾ ਜ਼ਿਕਰ ਮਿਲਦਾ ਹੈ, ਪਰ ਪਰਸ਼ਾਸ਼ਨ ਵਿਚ ਇਸ ਦੁਆਰਾ ਭਾਗ ਲੈਣ ਦੀਆਂ ਬਹੁਤ ਘੱਟ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ। ਜੈਸਵਾਲ ਅਨੁਸਾਰ ਵਿਧਾਤਾ ਮੂਲ ਲੋਕ-ਸਭਾ (Folk-Assembly) ਦਿਖਾਈ ਦਿੰਦੀ ਹੈ ਜਿਸ ਵਿੱਚੋਂ ਸਭਾ, ਸਮਿਤੀ ਅਤੇ ਸੈਨਾ (Sena) ਅਲੱਗ-2 ਕੀਤੀਆਂ ਗਈਆਂ। ਇਸ ਤਰ੍ਹਾਂ ਸਾਨੂੰ ਇਹ ਪਤਾ ਲਗਦਾ ਹੈ ਕਿ ਵਿਧਾਤਾ ਸਮਾਜਿਕ, ਸੈਨਿਕ ਅਤੇ ਧਾਰਮਿਕ ਕਾਰਜ਼ਾਂ ਨਾਲ ਸਬੰਧਿਤ ਸੀ।

## Further Readings


**A.S. Altekar**, *State and Government in Ancient India*, Motilal Banarsidas, Delhi, 1972

**K.P.**, **Jayaswal,** *Hindu Polity*, the Bangalore Publishing Country, Bagalore, 1967

**Beni Prasad**, *Theory of Government in Ancient India*, Central Book Depot, Allahabad, 1968

**R.S.Sharma**, *Political Ideas and Institutions in Ancient India*, Motilal Banarsidas, Delhi, 1959

**ਪਾਠ ਨੰ: 1.3** **ਲੇਖਕ : ਡਾ. ਐਚ.ਆਰ.ਅਚਾਰੀਆ**

# ਮਹਾਂਭਾਰਤ, ਰਾਜ ਦੀ ਵਿਦੇਸ਼ ਨੀਤੀ ਤੇ ਦੰਡਨੀਤੀ

## ਜਾਣ-ਪਛਾਣ

ਮਹਾਂਭਾਰਤ ਤੇ ਅਰਥ-ਸ਼ਾਸਤਰ, ਪ੍ਰਾਚੀਨ ਭਾਰਤੀ ਰਾਜਨੀਤਕ ਵਿਚਾਰਧਾਰਾ ਦੇ ਦੋ ਬਹੁਮੁੱਲੇ ਹੀਰੇ ਹਨ। ਭਾਵੇਂ ਇਹ ਦੋ ਗ੍ਰੰਥ ਵੱਖ ਵੱਖ ਇਤਿਹਾਸਕ ਪਰਸਥਿਤੀਆਂ ਅਤੇ ਕਾਲਾਂ ਵਿਚ ਰਚੇ ਗਏ ਸਨ ਪਰ ਸ਼ਾਸਤਰ ਵਿਚ ਰਾਜੇ ਦੇ ਕੰਮ ਅਤੇ ਕਰਤੱਵਾਂ ਬਾਰੇ ਇਹਨਾਂ ਦਾ ਵਿਸ਼ਾ ਵਸਤੂ ਇਕੋ ਜਿਹਾ ਹੈ, ਜਿਸ ਨੂੰ 'ਰਾਜ ਧਰਮ' ਕਿਹਾ ਜਾਂਦਾ ਹੈ। ਉਨ੍ਹਾਂ ਦਾ ਧਾਰਮਿਕ ਪਿਛੋਕੜ ਅਤੇ ਦਾਰਸ਼ਨਿਕ ਆਧਾਰ ਤੇ ਧਰਮ ਬਾਰੇ ਧਾਰਣਾ ਇਕੋ ਜਿਹੀ ਹੈ। ਦੋਵੇਂ ਹੀ ਸਮਾਜਿਕ ਵਿਹਾਰ ਦੇ ਨਿਯਮਾਂ, ਦੀਵਾਨੀ ਤੇ ਫੌਜਦਾਰੀ ਕਾਨੂੰਨਾਂ ਦੇ ਪ੍ਰਸ਼ਾਸਨ ਅਤੇ ਵਿਦੇਸ਼ੀ ਸੰਬੰਧਾਂ ਦੀ ਨੀਤੀ ਅਰਥਾਤ ਅੰਤਰਰਾਜੀ ਸੰਬੰਧਾਂ ਬਾਰੇ ਚਰਚਾ ਵੀ ਕਰਦੇ ਹਨ।

ਪ੍ਰਾਚੀਨ ਭਾਰਤ ਵਿਚ, ਰਾਜਨੀਤੀ ਨੂੰ ਬੁਨਿਆਦੀ ਤੌਰ ਤੇ 'ਰਾਜਨੀਤੀ' ਦਾ ਭਾਵ ਰਾਜ ਦਾ ਨੀਤੀ-ਸ਼ਾਸਤਰ ਜਾਂ ਰਾਜਨੀਤਿਕ ਨੈਤਿਕ-ਵਿਗਿਆਨ ਮੰਨਿਆ ਜਾਂਦਾ ਸੀ। ਵੱਖ ਵੱਖ ਹਾਲਤਾਂ ਕਰਕੇ, ਰਾਜਨੀਤੀ ਦੇ ਆਧਾਰ-ਭੂਤ ਆਦਰਸ਼ਾਂ ਵਿਚ ਕੁਝ ਕੁ ਅੰਤਰ ਆਏ ਅਤੇ ਰਾਜਨੀਤੀ ਆਪਣੇ ਆਦਰਸ਼ ਰਾਜ ਤੋਂ ਵਿਚਲਿਤ ਹੋ ਗਏ। ਨੈਤਿਕਤਾ ਦਾ ਰਾਹ ਤਿਆਗ ਕੇ ਇਹ ਸੁਵਿਧਾ ਉਪਯੋਗਤਾ ਤੇ ਸਵਾਰਥੀ ਹਿੱਤਾਂ ਦਾ ਵਿਸ਼ਾ ਬਣ ਗਈ। ਬਹੁਤ ਸਾਰੀਆਂ ਦੁਨਿਆਵੀ ਬੁਰਾਈਆਂ ਦਾ ਕਾਰਨ ਇਹ ਹੈ ਕਿ ਰਾਜਨੀਤੀ ਆਪਣੀ ਨੈਤਿਕਤਾ ਦੇ ਮੌਲਿਕ ਆਧਾਰ ਤੋਂ ਭਟਕ ਕੇ ਦੁਖਦਾਇਕ ਅਵਸਥਾ ਵਿਚ ਆ ਗਈ ਹੈ। ਮਹਾਂਭਾਰਤ ਤੇ ਅਰਥ ਸ਼ਾਸਤਰ ਰਾਜਨੀਤਿਕ ਜੀਵਨ ਦੀਆਂ ਗੁੰਝਲਦਾਰ ਸਥਿਤੀਆਂ ਨਾਲ ਡੂੰਘੇ ਤੌਰ ਤੇ ਸੰਬੰਧਿਤ ਹਨ ਅਤੇ ਰਾਜਨੀਤੀ ਦੀਆਂ ਭਿੰਨ ਭਿੰਨ ਸਮੱਸਿਆਵਾਂ ਲਈ ਹੱਲ ਪੇਸ਼ ਕਰਦੇ ਹਨ।

## 2. ਰਾਜਾਂ ਦੀ ਸ਼੍ਰੇਣੀਵੰਡ ਅਤੇ ਵਿਦੇਸ਼ ਨੀਤੀ ਦੇ ਛੇ ਉਪਾਉ

ਮਹਾਂਭਾਰਤ ਵਿਚ, ਪ੍ਰਾਚੀਨ ਭਾਰਤ ਦੇ ਕਈ ਪ੍ਰਕਾਰ ਦੇ ਰਾਜਾਂ ਦੀ ਹੋਂਦ ਦਾ ਹਵਾਲਾ ਮਿਲਦਾ ਹੈ। ਭਾਵੇਂ ਪ੍ਰਾਚੀਨ ਭਾਰਤ ਵਿਚੋਂ ਅੰਤਰਰਾਸ਼ਟਰੀ ਕਾਨੂੰਨ ਤੇ ਸੰਬੰਧ ਉਸ ਤਰ੍ਹਾਂ ਪ੍ਰਚਲਿਤ ਨਹੀਂ ਸਨ ਜਿਵੇਂ ਕਿ ਆਧੁਨਿਕ ਸਮੇਂ ਵਿਚ ਮੌਜੂਦ ਹਨ ਫਿਰ ਭੀ, ਮਹਾਂਭਾਰਤ ਵਿਚ ਇਹ ਆਰੰਭਿਕ ਅਵਸਥਾ ਵਿਚ ਮਿਲਦੇ ਹਨ। ਮਹਾਂਭਾਰਤ ਵਿਚ ਵੱਖ ਵੱਖ ਰਾਜਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ, ਜਿਵੇਂ :

(i) ਮਿੱਤਰ ਰਾਜ ਜਾਂ ਹਮਾਇਤੀ (ਮਿੱਤਰ)
(ii) ਵਿਰੋਧੀ ਰਾਜ (ਅਰਿ ਜਾਂ ਸ਼ਤਰੂ)
(iii) ਨਿਰਪੱਖ ਰਾਜ (ਉਦਾਸੀਨ), ਅਤੇ
(iv) ਮਾਧਿਅੱਸਥ ਰਾਜ (ਮਾਧਿਅਮ)

ਇਹ ਸ਼੍ਰੇਣੀਵੰਡ ਵਿਦੇਸ਼ੀ ਰਾਜਾਂ ਨਾਲ ਸੰਬੰਧਾਂ ਦੀ ਹੇਠ ਲਿਖੀ ਕਿਸਮ ਤੇ ਆਧਾਰਿਤ ਹੈ : (i) ਦੁਸ਼ਮਣੀ (ਵਿਗ੍ਰਹਿ ਜਾਂ ਯੁੱਧ), (ii) ਨਿਰਪੱਖਤਾ (ਉਦਾਸੀਨਤਾ) (iii) ਮਿੱਤਰਤਾ (ਮਿੱਤਰ) ਅਤੇ ਵਿਚੋਲਗੀ (ਮਾਧਿਅਸਥਤਾ)। ਕੌਟਲਿਆ ਦੇ ਅਰਥ ਸ਼ਾਸਤਰ ਦੀ ਤਰ੍ਹਾਂ ਹੀ, ਮਹਾਂਭਾਰਤ ਵਿਚ ਵੀ ਵਿਦੇਸ਼ ਨੀਤੀ ਦੀ ਛੇ ਸੂਤਰੀ ਨੀਤੀ ਭਾਵ ਸਦਗੁਣ ਨੀਤੀ ਦਾ ਵਰਣਨ ਕੀਤਾ ਗਿਆ ਹੈ। ਇਹ ਹਨ-ਸੰਧੀ, ਵਿਗ੍ਰਹਿ ਯਾਨ,

ਆਸਨ, ਸੰਸ੍ਰਯ ਅਤੇ ਦਵੈਧੀ ਭਾਵ। ਇਹਨਾਂ ਦਾ ਵਿਸਥਾਰ ਵਿਚ ਵਰਨਣ :-

## 1. ਸੰਧੀ (ਸੰਧੀ ਅਤੇ ਗਠਜੋੜ)

ਇਸ ਦਾ ਮਨੋਰਥ ਝਗੜੇ ਨੂੰ ਟਾਲਣਾ ਹੈ ਅਤੇ ਦੋ ਜਾਂ ਦੋ ਤੋਂ ਵੱਧ ਰਾਜਾਂ ਵਿਚਕਾਰ ਮਿੱਤਰਾ ਵਾਲੇ ਸੰਬੰਧ ਕਾਇਮ ਕਰਨਾ ਹੈ। ਮਹਾਂਭਾਰਤ ਵਿਚ ਕਿਹਾ ਹੈ ਕਿ ਜਦੋਂ ਇਕ ਰਾਜੇ ਦਾ ਮੁਕਾਬਲਾ ਆਪਣੇ ਨਾਲੋਂ ਤਕੜੇ ਰਾਜੇ ਨਾਲ ਹੋਵੇ ਤਾਂ ਉਸ ਨੂੰ ਉਸ ਨਾਲ ਸੰਧੀ ਕਰ ਲੈਣੀ ਚਾਹੀਦੀ ਹੈ। ਜਦੋਂ ਰਾਜਾ ਸੰਕਟ ਵਿਚ ਹੋਵੇ ਤਾਂ ਵੀ ਉਸ ਨੂੰ ਆਪਣੀ ਜਾਨ ਦੀ ਰਖਿਆ ਲਈ ਸੰਧੀ ਕਰ ਲੈਣੀ ਚਾਹੀਦੀ ਹੈ। ਜਦੋਂ ਕਿਸੇ ਵਿਅਕਤੀ ਦਾ ਮੁਕਾਬਲਾ ਤਕੜੇ ਨਾਲ ਹੋਵੇ ਤਾਂ ਉਸ ਨੂੰ ਕਿਸੇ ਦੁਸ਼ਮਣ ਨਾਲ ਵੀ ਸੰਧੀ ਕਰ ਲੈਣੀ ਚਾਹੀਦੀ ਹੈ। ਸ਼ਾਂਤੀਪਰਵ ਵਿਚ ਕਰੁਪਚਰੀਆ ਨੇ ਦੁਰਯੋਧਨ ਨੂੰ ਪਾਂਡਵਾਂ ਨਾਲ ਸੰਧੀ ਕਰਨ ਦੀ ਸਲਾਹ ਦਿੱਤੀ ਕਿਉਂਕਿ, ਉਸ ਸਮੇਂ ਪਾਂਡਵਾਂ ਦੀ ਸ਼ਕਤੀ ਵੱਧ ਰਹੀ ਸੀ ਅਤੇ ਕੌਰਵਾਂ ਦੀ ਸ਼ਕਤੀ ਘੱਟ ਰਹੀ ਸੀ। ਮਹਾਂਭਾਰਤ ਵਿਚ ਦੱਸਿਆ ਗਿਆ ਹੈ ਕਿ ਸਵੈ-ਸੁਰੱਖਿਆ ਸਭ ਤੋਂ ਸ੍ਰੇਸ਼ਠ ਕਾਨੂੰਨ ਹੈ ਅਤੇ ਅਸਧਾਰਣ ਸਮੱਸਿਆ ਵਿਚ ਜਾ ਆਪਦ ਧਰਮ ਦੇ ਆਪਣੇ ਹੀ ਨੈਤਿਕ ਨਿਯਮ ਹੁੰਦੇ ਹਨ ਅਤੇ ਉਦੇਸ਼ ਰਾਹੀਂ ਹੀ ਸਾਧਨਾਂ ਨੂੰ ਉੱਚਿਤ ਸਿੱਧ ਕੀਤਾ ਜਾਂਦਾ ਹੈ ਜਿਹੜਾ ਵਿਅਕਤੀ ਆਪਣੇ ਹਿੱਤਾਂ ਨੂੰ ਧਿਆਨ ਵਿਚ ਰਖਦੇ ਹੋਏ ਮਿੱਤਰ ਦੀ ਵਿਰੋਧਤਾ ਕਰਦਾ ਹੈ ਅਤੇ ਇਕ ਦੁਸ਼ਮਣ ਨਾਲ ਸੰਧੀ ਕਰਦਾ ਹੈ, ਉਹ ਫਾਇਦੇ ਵਿਚ ਰਹਿੰਦਾ ਹੈ। ਪਰੰਤੂ ਇਕ ਸ੍ਰੇਸ਼ਠ ਵਿਅਕਤੀ ਨਾਲ ਸੰਧੀ ਕਰਨ ਉਪਰੰਤ ਉਸ ਨੂੰ ਆਪਣੇ ਹਿੱਤਾਂ ਦੀ ਸੁਰੱਖਿਆ ਕਰਨ ਦੇ ਲਈ ਨਿਰੰਤਰ ਚੌਕਸੀ ਵਰਤਣੀ ਚਾਹੀਦੀ ਹੈ ਤਾਂ ਕਿ ਸ੍ਰੇਸ਼ਠ ਵਿਅਕਤੀ ਉਸ ਨੂੰ ਧੋਖਾ ਨਾ ਦੇ ਸਕੇ।

ਮਹਾਂਭਾਰਤ ਅਨੁਸਾਰ ਸੰਧੀ ਤਿੰਨ ਪ੍ਰਕਾਰ ਦੀ ਹੁੰਦੀ ਹੈ, ਜਿਵੇਂ ਕਿ ਹੀਣ (ਬੁਰੀ), ਮਾਧਿਅਮ ਅਤੇ ਉੱਤਮ ਜੋ ਕਿ ਕ੍ਰਮਵਾਰ ਡਰ, ਉਪਹਾਰ ਜਾਂ ਪੈਸੇ ਦੇ ਕੇ ਜਾਂ ਸਤਿਕਾਰ ਵਜੋਂ ਕੀਤੀ ਜਾਂਦੀ ਹੈ।

## 2. ਵਿਗ੍ਰਹਿ (ਯੁੱਧ)

ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚ ਵਿਗ੍ਰਹਿ ਸ਼ਬਦ ਦੇ ਦੋ ਅਰਥ ਹਨ : (1) ਯੁੱਧ ਦੀ ਧਮਕੀ ਅਤੇ (2) ਅਸਲ ਵਿਚ ਯੁੱਧ ਆਰੰਭ ਕਰਨਾ। ਮਹਾਂਭਾਰਤ ਵਿਚ ਕਿਹਾ ਗਿਆ ਹੈ ਕਿ ਜਦੋਂ ਕੋਈ ਕਮਜ਼ੋਰ ਸ਼ਾਸਕ ਸਮੱਸਿਆਵਾਂ ਵਿਚ ਘਿਰਿਆ ਹੋਵੇ, ਉਸ ਸਮੇਂ ਉਸ ਵਿਰੁਧ ਯੁੱਧ ਦਾ ਐਲਾਨ ਕਰਨ ਤੇ ਯੁੱਧ ਆਰੰਭਣਾ ਚਾਹੀਦਾ ਹੈ। ਪਰ ਉਸ ਸ਼ਾਸਕ ਵਿਰੁੱਧ ਅਜਿਹਾ ਨਹੀਂ ਕਰਨਾ ਚਾਹੀਦਾ ਹੈ ਜੋ ਸਵੈ-ਮਾਨੀ ਹੋਵੇ ਅਤੇ ਜਿਸ ਦੇ ਸੈਨਿਕ ਖੁਸ਼ ਤੇ ਸੰਤੁਸ਼ਟ ਹੋਣ ਕਿਉਂਕਿ ਉਹ ਜੀ ਜਾਨ ਨਾਲ ਆਪਣੇ ਰਾਜ ਦੀ ਰਖਿਆ ਲਈ ਲੜੇਗਾ। ਜਿਹੜਾ ਵਿਅਕਤੀ ਇਸ ਨਸੀਹਤ ਤੇ ਅਮਲ ਨਹੀਂ ਕਰਦਾ ਉਸ ਨੂੰ ਨਾ ਤਾਂ ਰਾਜ ਪ੍ਰਾਪਤ ਹੁੰਦਾ ਹੈ ਅਤੇ ਨਾ ਹੀ ਖੁਸ਼ੀ।

## 3. ਯਾਤਰਾ ਜਾਂ ਯਾਨ

(ਯੁੱਧ ਲਈ ਕੂਚ ਕਰਨਾ ਭਾਵ ਕਿਸੇ ਕਮਜ਼ੋਰ ਰਾਜੇ ਦੇ ਇਲਾਕੇ ਤੇ ਹਮਲਾ ਕਰਨਾ।)

ਨੀਲਕੰਠ ਦਾ ਮੱਤ ਹੈ ਕਿ ਯਾਤਰਾ ਦਾ ਭਾਵ ਅਸਲੀਅਤ ਵਿਚ ਯੁੱਧ ਕਰਨ ਦੇ ਲਈ ਕੂਚ ਕਰਨਾ ਹੈ। ਸ਼ੁਕਰ ਦੇ ਅਨੁਸਾਰ ਇਸ ਦਾ ਅਰਥ ਦੁਸ਼ਮਣ ਨੂੰ ਹਰਾਉਣ ਅਤੇ ਖੁਦ ਜਿੱਤ ਪ੍ਰਾਪਤ ਕਰਨ ਦੇ ਲਈ ਕੂਚ ਕਰਨਾ ਹੈ। ਮੰਨੂ ਦੇ ਅਨੁਸਾਰ, ਯਾਤਰਾ ਦੋ ਪ੍ਰਕਾਰ ਦੀ ਹੈ : (i) ਦੁਸ਼ਮਣ ਦੇ ਇਕੱਲਿਆਂ ਹਮਲਾ ਕਰਨਾ ਅਤੇ (ii) ਮਿੱਤਰ ਸ਼ਕਤੀਆਂ ਦੀ ਮਦਦ ਨਾਲ ਵਿਦੇਸ਼ੀ ਰਾਜ ਉੱਤੇ ਹਮਲਾ ਕਰਨਾ। ਮਹਾਂਭਾਰਤ ਵਿਚ ਵੀ ਇਸ ਵਿਸ਼ੇ ਉਤੇ ਇਸ ਤੋਂ ਵਧੇਰੇ ਜਾਣਕਾਰੀ ਨਹੀਂ ਮਿਲਦੀ।

## 4. ਆਸਨ

(ਇਕ ਦੁਸ਼ਮਣ ਵਿਰੁੱਧ ਯੁੱਧ ਵਾਲੀ ਸਥਿਤੀ ਬਣਾਉਣਾ ਜਾਂ ਖਤਰੇ ਸਮੇਂ ਹੁਸ਼ਿਆਰੀ ਨਾਲ ਪਿਛੇ ਹਟਣਾ।) ਮਹਾਂਭਾਰਤ ਅਨੁਸਾਰ, ਆਸਨ ਯੁੱਧ ਦਾ ਪੈਂਤੜਾ ਹੈ, ਨਾ ਕਿ ਅਸਲ ਯੁੱਧ। ਇਹ ਦੁਸ਼ਮਣ ਵਿਰੁੱਧ ਆਪਣੇ ਆਗਮਨ ਦੀ ਤਿਆਰੀ ਦਾ ਸੂਚਕ ਹੈ। ਆਪਣੀਆਂ ਕੁਝ ਸੈਨਿਕ ਗਤੀਵਿਧੀਆਂ ਦਾ ਵਿਖਾਵਾ ਕਰਕੇ ਇਹ ਯੁੱਧ ਵੱਲ ਅੱਧਾ ਰਾਹ ਹੈ। ਇਸ ਤਰ੍ਹਾਂ ਇਕ ਰਾਜਾ ਆਪਣੇ ਦੁਸ਼ਮਣ ਨੂੰ ਹਰਾਣ ਦਾ ਯਤਨ ਕਰਦਾ ਹੈ। ਵਿਸ਼ਵਨਾਥ ਆਪਣੇ ਗ੍ਰੰਥ, 'ਪ੍ਰਾਚੀਨ ਭਾਰਤ ਵਿਚ ਅੰਤਰ-ਰਾਸ਼ਟਰੀ ਕਾਨੂੰਨ' ਵਿਚ ਆਖਦਾ ਹੈ ਕਿ ਆਸਨ ਇਕ ਰਾਜੇ ਨੂੰ ਸੁਝਾਅ ਦਿੰਦਾ ਹੈ ਕਿ ਉਹ ਨਿਰਪੱਖਤਾ ਵਾਲਾ ਰਵੱਈਆ ਅਪਣਾਏ, ਇਸ ਨੂੰ ਪ੍ਰਾਚੀਨ ਭਾਰਤੀ ਸਾਹਿਤ ਵਿਚ 'ਉਦਾਸੀਨਤਾ' ਦਾ ਨਾਉਂ ਦਿੱਤਾ ਗਿਆ ਹੈ। ਉਸ ਦੇ ਅਨੁਸਾਰ, ਮਹਾਂਭਾਰਤ ਵਿਚ ਨਿਰਪੱਖਤਾ ਦੀਆਂ ਚਾਰ ਸ਼੍ਰੇਣੀਆਂ ਹਨ। ਇਹ ਵੱਖ ਵੱਖ ਮੰਤਵਾਂ ਤੋਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਇਹਨਾਂ ਅਧੀਨ ਨਿਰਪੱਖਤਾ ਵੱਖ ਵੱਖ ਕਾਰਣਾਂ ਕਰਕੇ ਹੁੰਦੀ ਹੈ। ਨਿਰਪੱਖ ਹੇਠ ਲਿਖੇ ਪ੍ਰਕਾਰ ਦੇ ਹੋ ਸਕਦੇ ਹਨ

(1) ਜਿਹਨਾਂ ਦੀ ਸਥਿਤੀ ਯੁੱਧ ਦੇ ਸਿੱਟਿਆਂ ਤੋਂ ਅਵੱਸ਼ ਹੀ ਪ੍ਰਭਾਵਿਤ ਹੁੰਦੀ ਹੈ।

(2) ਜਿਹਨਾਂ ਦਾ ਭਵਿੱਖ ਵਿਹਾਰਿਕ ਰੂਪ ਵਿਚ, ਇਹਨਾਂ ਸੰਘਰਸ਼ਾਂ ਤੋਂ ਬਿਲਕੁਲ ਵੀ ਪ੍ਰਭਾਵਿਤ ਨਹੀਂ ਹੁੰਦਾ।

(3) ਜੋ ਕਿ ਯੁੱਧ ਤੋਂ ਪ੍ਰਭਾਵਿਤ ਹੋ ਸਕਦੇ ਹਨ ਅਤੇ ਜੇਕਰ ਉਹ ਚਾਹੁਣ ਤਾਂ ਆਰਥਿਕ ਸ਼ਕਤੀ ਰਾਹੀਂ ਯੁੱਧ ਦੀ ਦਿਸ਼ਾ ਵੀ ਬਦਲ ਸਕਦੇ ਹਨ।

(4) ਜਿਹਨਾਂ ਦਾ ਭਵਿੱਖ ਭਾਵੇਂ ਯੁੱਧ ਤੋਂ ਪ੍ਰਭਾਵਿਤ ਹੁੰਦਾ ਹੈ ਪਰ ਉਹ ਸ਼ਕਤੀਸ਼ਾਲੀ ਨਾ ਹੋਣ ਕਾਰਨ ਯੁੱਧ ਵਿਚ ਸ਼ਾਮਲ ਨਹੀਂ ਹੋ ਸਕਦੇ।

## 5. ਸੰਸ੍ਰਯ

ਕਿਸੇ ਸ੍ਰੇਸ਼ਠ ਰਾਜੇ ਕੋਲੋਂ ਸੁਰੱਖਿਆ ਪ੍ਰਾਪਤ ਕਰਨਾ। ਸੰਸ੍ਰਯ ਦਿੰਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਹ ਇਕ ਅਜਿਹੀ ਕ੍ਰਿਆ ਹੈ ਜਿਸ ਰਾਹੀਂ ਇਕ ਕਮਜ਼ੋਰ ਸ਼ਾਸਕ ਵਧੇਰੇ ਤਾਕਤ ਹਾਸਲ ਕਰਨ ਲਈ ਸ਼ਕਤੀਸ਼ਾਲੀ ਸ਼ਾਸਕ ਕੋਲੋਂ ਸੁਰੱਖਿਆ ਦੀ ਮੰਗ ਕਰਦਾ ਹੈ। ਨੀਲਕੰਠ ਦੇ ਅਨੁਸਾਰ, 'ਇਸ ਦਾ ਅਰਥ ਕਿਸੇ ਹੋਰ ਰਾਜੇ ਤੋਂ ਸੁਰੱਖਿਆ ਦੀ ਮੰਗ ਕਰਨਾ ਜਾਂ ਕਿਲੇ ਵਿਚ ਸ਼ਰਨ ਲੈਣਾ ਹੈ।' ਐਨ.ਐਨ. ਲਾ ਦੇ ਅਨੁਸਾਰ ਜਦੋਂ ਕਿਸੇ ਪ੍ਰਭੂ ਤੇ ਦੋ ਸ਼ਕਤੀਸ਼ਾਲੀ ਪ੍ਰਭੂ ਹਮਲਾ ਕਰਦੇ ਹਨ ਤਾਂ ਉਹ ਨੂੰ ਕਿਸੇ ਨਜ਼ਦੀਕੀ ਪ੍ਰਭੂ ਨਾਲ ਸੰਸ੍ਰਯ ਦਾ ਰਾਹ ਅਪਣਾਉਣਾ ਚਾਹੀਦਾ ਹੈ ਜਾਂ ਕਪਾਲ ਸੰਸ੍ਰਯ ਦਾ ਰਾਹ ਅਪਣਾਉਣਾ ਚਾਹੀਦਾ ਹੈ ਭਾਵ ਦੋ ਸ਼ਕਤੀਸ਼ਾਲੀ ਸ਼ਾਸਕਾਂ ਕੋਲੋਂ ਗੁਪਤ ਤੌਰ ਤੇ ਸੁਰੱਖਿਆ ਦੀ ਮੰਗ ਜਿਸ ਵਿਚ ਉਹ ਦੋਹਾਂ ਵਿਚ ਹਰ ਇਕ ਨੂੰ ਇਹੀ ਕਹਿੰਦਾ ਹੈ ਕਿ ਜੇਕਰ ਉਸ ਤੇ ਦਯਾ ਨਾ ਕੀਤੀ ਗਈ ਤਾਂ ਦੂਜਾ ਉਸ ਨੂੰ ਤਬਾਹ ਕਰ ਦੇਵੇਗਾ। ਮਨੂੰ ਸੰਸ੍ਰਯ ਦੀਆਂ ਦੋਹਾਂ ਕਿਸਮਾਂ ਦੀ ਵਿਆਖਿਆ ਇਸ ਪ੍ਰਕਾਰ ਕਰਦਾ ਹੈ : ਵਧੇਰੇ ਸ਼ਕਤੀਸ਼ਾਲੀ ਮਿੱਤਰ ਨਾਲ ਸੰਧੀ ਦੋ ਪ੍ਰਕਾਰ ਦੀ ਹੋ ਸਕਦੀ ਹੈ, ਇਹ ਜਾਂ ਤਾਂ ਉਦੋਂ ਕੀਤੀ ਜਾਂਦੀ ਹੈ ਜਦੋਂ ਕਿਸੇ ਪ੍ਰਭੂ ਨੂੰ ਉਸਦੇ ਦੁਸ਼ਮਣ ਅਜਿਹਾ ਕਰਨ ਲਈ ਅਤਿ ਮਜ਼ਬੂਰ ਕਰ ਦੇਣ ਜਾਂ ਫਿਰ ਆਪਣੇ ਹਮਲਾਵਰਾਂ ਤੇ ਦੁਸ਼ਮਣਾਂ ਨੂੰ ਡਰਾਉਣ ਤੇ ਕਮਜ਼ੋਰ ਕਰਨ ਦੇ ਮੰਤਵ ਨਾਲ ਕੀਤੀ ਜਾਂਦੀ ਹੈ। ਜਿਹੜੇ ਰਾਜ ਇਸ ਨੀਤੀ ਅਨੁਸਾਰ ਚਲਦੇ ਹਨ ਉਹਨਾਂ ਦੀ ਤੁਲਨਾ ਆਧੁਨਿਕ ਰਖਿਅਕ ਸ਼ਾਸਨ (Protectorates) ਨਾਲ ਕੀਤੀ ਜਾ ਸਕਦੀ ਹੈ। ਭਾਵੇਂ ਇਹ ਰਾਜ ਸੁਤੰਤਰਤਾ ਦਾ ਆਨੰਦ ਮਾਣਦੇ ਹਨ, ਫਿਰ ਵੀ ਇਹਨਾਂ ਨੂੰ ਉਸ ਰਾਜ ਦੀ ਪ੍ਰਭੁਤਾ ਨੂੰ ਮੰਨਣਾ ਪੈਂਦਾ ਹੈ ਜਿਸਨੇ ਉਹਨਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਹੁੰਦੀ ਹੈ।

## 6. ਦਵੈਧੀ ਭਾਵ

ਦਵੈਧੀ ਭਾਵ ਦੇ ਅਰਥ ਹਨ, : (i) ਦੂਹਰੇ ਮਿਆਰ ਜਾਂ ਦੋਹਰਾਪਨ ਭਾਵ ਵਿਖਾਵੇ ਦੇ ਤੌਰ ਤੇ ਦੁਸ਼ਮਣ ਨਾਲ ਵੀ ਮਿੱਤਰਤਾ ਵਾਲੇ ਸੰਬੰਧ ਕਾਇਮ ਰਖਣਾ, ਅਤੇ (ii) ਦੁਸ਼ਮਣ ਦੀ ਸ੍ਰੇਸ਼ਠ ਜਾਂ ਵਧੀਆ ਸੈਨਾ ਦੀ ਵੰਡ ਕਰਨ ਦਾ ਯਤਨ ਕਰਨਾ ਅਤੇ ਫਿਰ ਸੈਨਾ ਦੀਆਂ ਛੋਟੀਆਂ ਟੁਕੜੀਆਂ ਉਤੇ ਹਮਲਾ ਉਸ ਨੂੰ ਸਤਾਉਣਾ ਹੈ। ਮਨੂੰ ਇਸਦੀ ਵਰਤੋਂ ਦੂਜੇ ਅਰਥਾਂ ਵਿਚ ਕਰਦਾ ਹੈ। ਇਸ ਦਾ ਅਰਥ ਇਕ ਗੁਆਂਢੀ ਰਾਜ ਨਾਲ ਯੁੱਧ ਸ਼ੁਰੂ ਕਰਨਾ ਅਤੇ ਦੂਜੇ ਨਾਲ ਸ਼ਾਂਤੀ ਕਾਇਮ ਕਰਨਾ ਹੈ। ਨੀਲ-ਕੰਠ ਇਸ ਦਸ਼ਾ ਨੂੰ ਦਰਸਾਏ ਹੋਏ ਕਹਿੰਦਾ ਹੈ ਕਿ ਇਹ ਉਹ ਸਥਿਤੀ ਹੈ ਜਿਸ ਅਧੀਨ ਕੋਈ ਰਾਜ ਆਪਸ ਵਿਚ ਲੜ ਰਹੀਆਂ ਦੋਹਾਂ ਧਿਰਾਂ ਨਾਲ ਹੀ ਸੰਧੀ ਕਾਇਮ ਕਰਦਾ ਹੈ।

ਕੌਟਲਿਆ ਨੇ ਇਕ ਰਾਜ ਦੇ ਦੂਜੇ ਰਾਜ ਨਾਲ ਸੰਬੰਧ ਨਿਰਧਾਰਤ ਕਰਨ ਲਈ ਛੇ ਸੂਤਰੀ ਨੀਤੀ ਦਾ ਨਿਰਮਾਣ ਕੀਤਾ ਹੈ, (1) ਸ਼ਾਂਤੀ ਲਈ ਸੰਧੀ (2) ਯੁੱਧ (3) ਨਿਰਪੱਖਤਾ (4) ਯੁੱਧ ਦੀ ਘੋਸ਼ਣਾ ਕੀਤੇ ਬਗੈਰ ਹਮਲੇ ਦੀ ਤਿਆਰੀ ਕਰਨਾ (5) ਇਕ ਸ਼ਕਤੀਸ਼ਾਲੀ ਸ਼ਾਸਕ ਤੋਂ ਸੁਰੱਖਿਆ ਦੀ ਮੰਗ ਕਰਨਾ ਅਤੇ (6) ਇਕ ਸ਼ਾਸਕ ਨਾਲ ਯੁੱਧ ਸ਼ੁਰੂ ਕਰਕੇ ਦੂਜੇ ਸ਼ਾਸਕ ਨਾਲ ਸੰਧੀ ਕਾਇਮ ਕਰਨਾ। ਸ਼ਾਸਕ ਨੂੰ, ਹਾਲਾਤ ਅਨੁਸਾਰ ਇਹਨਾਂ ਵਿਚੋਂ ਕਿਸੇ ਵੀ ਰਾਹ ਨੂੰ ਅਪਣਾਉਣਾ ਚਾਹੀਦਾ ਹੈ। ਇਸ ਨੀਤੀ ਦਾ ਮੂਲ ਸਾਰ ਜਾਂ ਮੰਤਵ ਸ਼ਕਤੀਸ਼ਾਲੀ ਨੂੰ ਮਿੱਤਰ ਬਣਾਉਣਾ ਅਤੇ ਕਮਜ਼ੋਰ ਰਾਜ ਨੂੰ ਜਿੱਤਣਾ ਹੈ।

## (3) ਚਾਰ ਸੂਤਰੀ ਵਿਦੇਸ਼ ਨੀਤੀ

ਵਿਦੇਸ਼ ਨੀਤੀ ਚਾਰ ਪ੍ਰਕਾਰ ਦੀ ਹੈ ਸਾਮ (ਸੁਲ੍ਹਾ-ਸਫਾਈ), ਦਾਨ (ਤੋਹਫੇ ਦੇਣਾ ਜਾਂ ਮਿੱਤਰਤਾ ਲਈ ਪ੍ਰੇਰਿਤ ਕਰਨਾ), ਭੇਦ (ਭੇਦ ਉਤਪੰਨ ਕਰਨਾ) ਅਤੇ ਦੰਡ। ਸ਼ੁਕਰ ਦੇ ਅਨੁਸਾਰ, ਜਦੋਂ ਦੋ ਰਾਜੇ ਦੋਸਤ ਬਣਦੇ ਹਨ ਅਤੇ ਆਪਸ ਵਿਚ ਵਾਅਦੇ ਕਰਦੇ ਹਨ ਕਿ ਇਕ ਦੂਜੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਣਗੇ ਅਤੇ ਔਕੜ ਸਮੇਂ ਇਕ ਦੂਜੇ ਦੀ ਮਦਦ ਕਰਨਗੇ ਤਾਂ ਇਸ ਨੀਤੀ ਨੂੰ 'ਸਾਮ' ਕਿਹਾ ਜਾਂਦਾ ਹੈ। ਜਦੋਂ ਇਕ ਰਾਜਾ ਦੂਜੇ ਰਾਜੇ ਨੂੰ ਆਖਦਾ ਹੈ ਕਿ ਹਰੇਕ ਵਸਤੂ ਉਸ ਦੀ ਹੈ ਅਤੇ ਉਸ ਨੂੰ ਕੁਝ ਪਿੰਡ ਦੇ ਦਿੰਦਾ ਹੈ ਜਾਂ ਸ਼ਰਧਾ ਵਜੋਂ ਉਸ ਨੂੰ ਕੁਝ ਕਰ ਅਦਾ ਕਰਦਾ ਹੈ ਜਾਂ ਕਿਸੇ ਹੋਰ ਢੰਗ ਨਾਲ ਉਸ ਨੂ ਖੁਸ਼ ਕਰਨ ਦਾ ਯਤਨ ਕਰਦਾ ਹੈ, ਤਾਂ ਅਜਿਹੀ ਨੀਤੀ ਨੂੰ ਦਾਨ ਕਿਹਾ ਜਾਂਦਾ ਹੈ। ਜਦੋਂ ਕੋਈ ਰਾਜਾ ਦੂਜੇ ਰਾਜ ਦੇ ਮਿੱਤਰਾਂ ਜਾਂ ਸੈਨਾ ਨੂੰ ਕਮਜ਼ੋਰ ਬਣਾ ਦਿੰਦਾ ਹੈ ਜਾਂ ਕਿਸੇ ਸ਼ਕਤੀਸ਼ਾਲੀ ਰਾਜੇ ਕੋਲ ਆਸਰਾ ਲੈਂਦਾ ਹੈ ਅਤੇ ਕਮਜ਼ੋਰ ਰਾਜੇ ਨੂੰ ਖਤਰੇ ਵਿਚ ਪਾਵੂੰਦਾ ਹੈ, ਤਾਂ ਅਜਿਹੀ ਨੀਤੀ ਨੂੰ ਭੇਦ ਆਖਿਆ ਜਾਂਦਾ ਹੈ। ਜਦੋਂ ਇਕ ਰਾਜਾ ਆਪਣੇ ਦੁਸ਼ਮਣ ਨੂੰ ਡਾਕੂਆਂ ਰਾਹੀਂ ਉਸ ਦਾ ਖਜ਼ਾਨਾ ਤੇ ਅੰਨ-ਭੰਡਾਰ ਖੋਹ ਕੇ ਤੰਗ ਕਰਦਾ ਹੈ, ਉਸ ਦੀਆਂ ਕਮਜ਼ੋਰੀਆਂ ਉਤੇ ਨਜ਼ਰ ਰਖਦਾ ਹੈ, ਸ਼ਕਤੀਸ਼ਾਲੀ ਫੌਜ ਨਾਲ ਉਸ ਨੂੰ ਧਮਕੀ ਦਿੰਦਾ ਹੈ ਅਤੇ ਉਸ ਨਾਲ ਬਹਾਦਰੀ ਨਾਲ ਲੜਦਾ ਹੈ, ਅਜਿਹੀ ਨੀਤੀ ਨੂੰ 'ਦੰਡ' ਕਿਹਾ ਜਾਂਦਾ ਹੈ।

ਕੌਟਲਿਆ ਦੇ ਅਰਥ ਸ਼ਾਸਤਰ ਤੇ ਮਹਾਂ-ਭਾਰਤ ਵਿਚ ਵੀ, ਅੰਤਰ-ਰਾਜੀ ਸੰਬੰਧਾਂ ਨੂੰ ਚੰਗੇਰਾ ਤੇ ਇਕ ਸੁਰ ਬਣਾਉਣ ਲਈ ਅਤੇ ਸ਼ਕਤੀ ਸੰਤੁਲਨ ਕਾਇਮ ਰੱਖਣ ਲਈ ਕੂਟਨੀਤੀ (Diplomacy) ਨੂੰ ਉੱਚ ਸਥਾਨ ਦਿੱਤਾ ਗਿਆ ਹੈ। ਇਸ ਅਧੀਨ ਹਥਿਆਰਾਂ ਦੀ ਲੜਾਈ ਨਾਲੋਂ ਅਕਲ ਦੀ ਲੜਾਈ ਨੂੰ ਤਰਜੀਹ ਦਿੱਤੀ ਗਈ ਹੈ। ਜਦੋਂ ਸਾਰੀਆਂ ਨੀਤੀਆਂ ਜਾਂ ਉਪਾਅ ਅਸਫਲ ਹੋ ਜਾਣ ਤਾਂ ਯੁੱਧ ਨੂੰ ਆਖਰੀ ਹਥਿਆਰ ਮੰਨਣਾ ਚਾਹੀਦਾ ਹੈ। ਮਹਾਂ-ਕਾਵਿ ਮਹਾਂ-ਭਾਰਤ ਦੂਜੇ ਉਪਾਵਾਂ ਨਾਲ ਪ੍ਰਾਪਤ ਕੀਤੀ ਜਿੱਤ ਨੂੰ ਸਲਾਹਾਉਂਦਾ ਹੈ ਅਤੇ ਜੰਗ ਵਿਚ ਪ੍ਰਾਪਤ ਕੀਤੀ ਜਿੱਤ ਨੂੰ ਨਿੰਦਦਾ ਹੈ। ਭੀਸ਼ਮ ਆਖਦਾ ਹੈ ਕਿ ਬ੍ਰਹਿਸਪਤੀ ਦਾ ਵੀ ਇਹੀ ਮੱਤ ਸੀ। ਮੰਨੂ ਕਾਮੰਦਕ, ਯਜਨਵਾਕਯ ਤੇ ਸ਼ੁਕਰ ਮਹਾਂਭਾਰਤ ਦੇ ਇਸ ਵਿਚਾਰ ਨਾਲ ਸਹਿਮਤ

ਹਨ ਕਿ ਆਖਰੀ ਦਾਉ ਵਜੋਂ ਕੇਵਲ ਪ੍ਰਚਾਰ ਹੀ ਨਹੀਂ ਕੀਤਾ ਗਿਆ ਬਲਕਿ ਇਸ ਨੂੰ ਅਮਲੀ ਰੂਪ ਵਿਚ ਵੀ ਅਪਣਾਇਆ ਗਿਆ ਹੈ।

ਜਿਥੋਂ ਤਕ ਇਹਨਾਂ ਚਾਰ-ਸੂਤਰੀ ਨੀਤੀਆਂ ਨੂੰ ਲਾਗੂ ਕਰਨ ਦਾ ਸੰਬੰਧ ਹੈ, ਤੀਰਥ ਪਰਵ ਵਿਚ ਕਰੁਪਾਚਾਰੀਆ ਲਿਖਦਾ ਹੈ, (ਜਿਸ ਦਾ ਟਿੱਪਣੀਕਾਰ ਨੀਲਕੰਠ ਨੇ ਸਪਸ਼ਟੀਕਰਣ ਕੀਤਾ ਹੈ) ਕਿ ਆਪਣੇ ਬਰਾਬਰ ਵਾਲਿਆਂ ਨਾਲ 'ਸਾਮ' ਤੇ 'ਭੇਦ' ਦੀ ਨੀਤੀ ਹੀ ਅਪਨਾਉਣੀ ਚਾਹੀਦੀ ਹੈ। 'ਦਾਨ' ਦੀ ਨੀਤੀ ਆਪਣੇ ਤੋਂ ਸ਼ਕਤੀਸ਼ਾਲੀ ਤੇ ਸ੍ਰੇਸ਼ਠ ਸ਼ਾਸਕਾਂ ਪ੍ਰਤੀ ਅਪਨਾਉਣੀ ਚਾਹੀਦੀ ਹੈ 'ਦੰਡ' ਦੀ ਨੀਤੀ ਆਪਣੇ ਤੋਂ ਕਮਜ਼ੋਰ ਤੇ ਹੀਨ ਸ਼ਾਸਕਾਂ ਲਈ ਵਰਤਣੀ ਚਾਹੀਦੀ ਹੈ। ਕਮਜ਼ੋਰ ਰਾਜੇ ਨੂੰ ਜਾਂ ਤਾਂ ਯੁੱਧ ਵਿਚ ਮਾਰ ਦੇਣਾ ਚਾਹੀਦਾ ਹੈ, ਉਸ ਕੋਲੋਂ ਭੇਟਾ ਵਜੋਂ ਕਰ ਵਸੂਲਣੇ ਚਾਹੀਦੇ ਹਨ। ਇਕ ਹੋਰ ਸੰਦਰਭ ਵਿਚ ਵੀ ਮਹਾਂਭਾਰਤ ਵਿਚ ਦਸਿਆ ਹੈ ਕਿ ਜਦੋਂ ਦੁਸ਼ਮਣ ਦੀ ਤਕੜੀ ਫੌਜ ਹੋਵੇ ਤਾਂ 'ਸਾਮ' ਦੀ ਨੀਤੀ ਦੀ ਵਰਤੋਂ ਕਰਨੀ ਚਾਹੀਦੀ ਹੈ ਜੇਕਰ ਇਸ ਨਾਲ ਮੰਤਵ ਪੂਰਾ ਨਾ ਹੋਵੇ ਤਾਂ ਦਾਨ ਦੀ ਨੀਤੀ ਵਰਤੋ ਵਿਚ ਲਿਆਂਦੀ ਜਾਵੇ। ਦਾਨ ਅਤੇ ਭੇਦ ਦੀਆਂ ਨੀਤੀਆਂ ਸੁਮੇਲ ਤਾਰੀਫ ਕਰਨ ਯੋਗ ਹੈ। ਭੇਦ ਕਿਸੇ ਫੌਜ ਦਾ ਸਭ ਤੋਂ ਵੱਡਾ ਦੁਸ਼ਮਣ ਹੈ। 'ਭੇਦ' ਦੁਸ਼ਮਣ ਦੀ ਫੌਜ ਵਿਚ ਫੁੱਟ ਪੈਦਾ ਕਰਕੇ ਕੀਤਾ ਜਾਂਦਾ ਹੈ। ਮਹਾਂਭਾਰਤ ਵਿਚ ਕਈ ਅਜਿਹੀਆਂ ਘਟਨਾਵਾਂ ਦਾ ਉਲੇਖ ਹੈ ਜਿਥੇ ਇਨ੍ਹਾਂ ਨੀਤੀਆਂ ਨੂੰ ਵਿਹਾਰ ਵਿਚ ਵਰਤਿਆ ਗਿਆ ਹੈ। ਕੌਟਲਿਆ ਦੇ ਮੱਤਾ ਅਨੁਸਾਰ ਇਕ ਕਮਜ਼ੋਰ ਰਾਜੇ ਨੂੰ ਸੁਲ੍ਹਾ-ਸਫਾਈ ਅਤੇ ਤੋਹਫਿਆਂ ਰਾਹੀਂ ਅਧੀਨ ਕੀਤਾ ਜਾਣਾ ਚਾਹੀਦਾ ਹੈ, ਜਦ ਕਿ ਤਾਕਤਵਰ ਨੂੰ ਕਾਬੂ ਕਰਨ ਲਈ ਫੁੱਟ ਜਾਂ 'ਭੇਦ' ਦੇ ਬੀਜ ਬੋਣੇ ਚਾਹੀਦੇ ਹਨ।

## 4. ਮੰਡਲ ਦੀ ਧਾਰਨਾ ਤੇ ਇਸ ਦੀ ਮਹੱਤਤਾ

ਪ੍ਰਾਚੀਨ ਭਾਰਤ ਵਿਚ, ਅੰਤਰ-ਰਾਜੀ ਸੰਬੰਧਾਂ ਦੀ ਧਾਰਨਾ ਮੰਡਲ ਦੇ ਰੂਪ ਜਾਂ ਰਾਜਾਂ ਦੇ ਇਕ ਦਾਇਰੇ (Circle) ਵਜੋਂ ਕੀਤੀ ਗਈ ਸੀ। ਮੰਡਲ ਭਾਵ ਰਾਜਾਂ ਦਾ ਦਾਇਰਾ ਹੈ ਜਿਸ ਦਾ ਮੰਤਵ ਸ਼ਕਤੀ ਸੰਤੁਲਨ (balance of power) ਕਾਇਮ ਕਰਨਾ ਸੀ ਅਤੇ ਇਸ ਵਿਚ 12 ਕਿਸਮ ਦੇ ਰਾਜ ਸ਼ਾਮਲ ਸਨ (ਇਹਨਾਂ 12 ਰਾਜਾਂ ਦੇ ਮੁੱਖੀ 12 ਸ਼ਾਸਕ ਸਨ)। ਮੰਡਲ ਦੀ ਧਾਰਨਾ ਅਨੁਸਾਰ, ਇਕ ਸ਼ਾਸਕ ਆਪਣੀ ਰਾਜਧਾਨੀ ਨੂੰ 12 ਸਮਕੇਂਦਰੀ ਦਾਇਰਿਆਂ ਦਾ ਕੇਂਦਰ ਸਮਝਦਾ ਸੀ। ਬਾਹਰਲਾ ਦਾਇਰਾ ਆਪਣੇ ਤੋਂ ਦੂਰ ਸਥਿਤੀ ਰਾਜਧਾਨੀ ਦੀ ਪ੍ਰਤਿਨਿਧਤਾ ਕਰਦਾ ਸੀ। ਇਹ ਆਸ ਕੀਤੀ ਜਾਂਦੀ ਸੀ ਕਿ ਸ਼ਾਸਕ ਦੇ ਸੰਬੰਧ ਆਪਣੇ ਟੱਕਰ ਦੇ ਘੇਰੇ ਤੇ ਸਾਰੇ ਰਾਜਾਂ ਨਾਲ ਇਕੋ ਜਿਹੇ ਹੋਣ। ਇਹ ਵੀ ਆਸ ਕੀਤੀ ਜਾਂਦੀ ਸੀ ਕਿ ਰਾਜਾ ਦੂਜੇ ਰਾਜਾਂ ਨਾਲ ਆਪਣੇ ਸੰਬੰਧ ਇਸ ਤਰ੍ਹਾਂ ਕਾਇਮ ਕਰੇਗਾ ਜਿਸ ਨਾਲ ਉਹ ਆਪਣੇ ਹਿੱਤਾਂ ਨੂੰ ਪੂਰਾ ਕਰ ਸਕੇ। ਇਸ ਪ੍ਰਕਾਰ ਉਸ ਦੇ ਦੁਸ਼ਮਣ ਅਤੇ ਮਿੱਤਰ ਉਸ ਦੇ ਦੁਆਲੇ ਇੰਜ ਖੜ੍ਹੇ ਹੋਣਗੇ ਕਿ ਕਿਸੇ ਵੀ ਸਮੇਂ ਬੇਸਹਾਰਾ ਮਹਿਸੂਸ ਨਹੀਂ ਕਰੇਗਾ। ਉਸ ਦੇ ਦੇਸ਼ ਉਤੇ ਕਿਸੇ ਵੀ ਹਮਲੇ ਦੀ ਸੂਰਤ ਵਿਚ ਹਮੇਸ਼ਾ ਹੀ ਕੁਝ ਅਜਿਹੇ ਸ਼ਾਸਕ ਹੋਣਗੇ ਜਿਹਨਾਂ ਦੇ ਆਪਣੇ ਹਿੱਤ ਅਜਿਹੇ ਹੋਣਗੇ ਜਿਹਨਾਂ ਕਾਰਨ ਉਹ ਹਮਲੇ ਦਾ ਵਿਰੋਧ ਕਰਨਗੇ। ਇਸ ਕਰਕੇ ਪ੍ਰਾਚੀਨ ਭਾਰਤੀ ਵਿਚਾਰਕਾਂ ਨੇ ਇਕ ਮੁੱਠ ਹੋ ਕੇ ਮੰਡਲ ਸਿਧਾਂਤ ਦੀ ਪ੍ਰੋੜ੍ਹਤਾ ਕੀਤੀ ਹੈ। ਮਹਾਂਭਾਰਤ ਦਾ 'ਅਸ੍ਵਮੇਵ ਵਰਿਕਾ ਪਰਵ' ਮੰਡਲ ਧਾਰਨਾ ਉਤੇ ਰੌਸ਼ਨੀ ਪਾਵੁੰਦਾ ਹੈ। ਇਸ ਵਿਚ ਚਾਰ-ਅਧੀਨ ਚੱਕਰ ਸ਼ਾਮਿਲ ਸਨ, ਹਰੇਕ ਵਿਚ ਤਿੰਨ ਤਿੰਨ ਰਾਜ ਸਨ, ਜੋ ਕਿ ਇਸ ਪ੍ਰਕਾਰ ਹਨ :-

1. ਮੰਡਲ ਦੇ ਕੇਂਦਰ ਵਿਚਲਾ ਰਾਜ ਮਿੱਤਰ ਤੇ, ਮਿੱਤਰ ਦਾ ਮਿੱਤਰ (3 ਰਾਜ)
2. ਦੁਸ਼ਮਣ, ਉਸ ਦਾ ਮਿੱਤਰ ਅਤੇ ਉਸ ਦੇ ਮਿੱਤਰ ਦਾ ਮਿੱਤਰ (3 ਰਾਜ)
3. ਨਿਰਪੱਖ ਰਾਜ, ਉਸ ਦਾ ਮਿੱਤਰ ਅਤੇ ਉਸ ਦੇ ਮਿੱਤਰ (3 ਰਾਜ)

4. ਮਧਿਅਸਥ ਰਾਜ, ਉਸ ਦਾ ਮਿੱਤਰ (3 ਰਾਜ)

ਮਹਾਂਕਾਵਿ ਦੇ ਅਨੁਸਾਰ, ਮੰਡਲ ਵਿਚ 72 ਤੱਤ ਸ਼ਾਮਲ ਸਨ, ਜਿਵੇਂ ਕਿ ਮੰਡਲ ਵਿਚ ਸ਼ਾਮਲ ਹਰੇਕ ਰਾਜ ਦੇ 7 ਅੰਗ (ਸਪਤਾਂਗ ਜਿਹਨਾਂ ਨੂੰ ਸਵਾਮੀ (ਰਾਜਾ), ਅਮਾਤਯ ਜਾਂ ਮੰਤਰੀ, ਜਨਪਦ (ਭੂਖੇਤਰ ਤੇ ਵਸੋਂ) ਦੁਰਗ (ਕਿਲ੍ਹੇ ਬੰਦੀ), ਕੋਸ਼ (ਖਜ਼ਾਨਾ), ਦੰਡ ਜਾਂ ਬਲ (ਸੈਨਾ), ਮਿਤਰ (ਸਾਥੀ ਰਾਸ਼ਟਰ) ਕਿਹਾ ਜਾਂਦਾ ਹੈ। ਉਸਦਾ ਮੱਤ ਹੈ ਕਿ ਸਵਾਮੀ ਰਾਜ ਵਿਚ ਅਤੇ ਮਿੱਤਰ 12 ਸ਼ਾਸਕਾਂ ਦੇ ਗਠਜੋੜ ਵਿਚ ਵਿਲੀਨ ਹੋ ਜਾਂਦੇ ਹਨ ਅਤੇ ਰਾਜ ਦੇ ਕੇਵਲ 5 ਅੰਗ ਹੀ ਹੋਂਦ ਵਿਚ ਰਹਿੰਦੇ ਹਨ। ਇਹ ਪੰਜ ਅੰਗ ਜਦੋਂ ਮੰਡਲ ਦੇ 12 ਅੰਗਾਂ ਨਾਲ ਗੁਣਾਂ ਕੀਤੇਜਾਂਦੇ ਹਨ ਤਾਂ ਜੋੜ 60 ਬਣਦਾ ਹੈ, ਜੇਕਰ ਇਸ ਵਿਚ ਮੰਡਲ ਦੇ 12 ਮੈਂਬਰ ਜੋੜ ਦਿਤੇ ਜਾਣ ਤਾਂ ਕੁਲ ਜੋੜ 72 ਬਣਦਾ ਹੈ। ਕੌਟਲਿਆ ਦੇ ਅਰਥਸ਼ਾਸਤਰ, ਮਨੂੰ ਸਮਿਰਤੀ ਅਤੇ ਕਾਮੰਦਕ ਦੇ ਨੀਤੀ ਸਾਰ ਵਿਚ ਮੰਡਲ ਦੇ 72 ਅੰਗਾਂ ਦਾ ਅਜਿਹਾ ਹੀ ਵਰਨਣ ਕੀਤਾ ਗਿਆ ਹੈ। ਕੌਟਲਿਆ ਨੇ ਮੰਡਲ ਵਿਚ ਰਾਜਿਆਂ ਦੀਆਂ 12 ਕਿਸਮਾਂ (ਸ੍ਰੇਣੀਆਂ) ਦਾ ਬਿਆਨ ਕੀਤਾ ਹੈ ਅਤੇ 12 ਰਾਜਾਂ ਨੂੰ ਮੁਖ ਤੌਰ ਤੇ ਹੇਠ ਲਿਖੀਆਂ ਚਾਰ ਸ੍ਰੇਣੀਆਂ ਵਿਚ ਵੰਡਿਆ ਗਿਆ ਹੈ: (i) ਮਿੱਤਰ ਰਾਜ (ii) ਦੁਸ਼ਮਣ ਰਾਜ (iii) ਮਧਿਅਸਥ ਰਾਜ (iv) ਉਦਾਸੀਨ ਰਾਜ

## 5. ਕੂਟਨੀਤਕ ਪ੍ਰਤਿਨਿਧੀ (Diplomatic Representatives)

ਮਹਾਂਭਾਰਤ ਤੇ ਕੌਟਲਿਆ ਦੇ ਅਰਥ ਸ਼ਾਸਤਰ ਵਿਚ ਕੂਟਨੀਤੀ ਅਧੀਨ ਵਿਦੇਸ਼ੀ ਮਾਮਲਿਆਂ ਦੇ ਖੇਤਰ ਵਿਚ ਕੂਟਨੀਤਕ ਪ੍ਰਤਿਨਿਧੀਆਂ ਦੀ ਮਹੱਤਵਪੂਰਣ ਭੂਮਿਕਾ ਨੂੰ ਅਨੁਭਵ ਕੀਤਾ ਗਿਆ ਹੈ। ਇਹਨਾਂ ਪ੍ਰਤਿਨਿਧੀਆਂ ਨੂੰ ਦੋ ਸ਼ਰੇਣੀਆਂ ਵਿਚ ਵੰਡਿਆ ਗਿਆ ਹੈ :–

(ੳ) ਰਾਜਦੂਤ (ਦੂਤ) ਅਤੇ (ਅ) ਜਾਸੂਸ

## (ੳ) ਰਾਜਦੂਤ

ਵਿਦੇਸ਼ੀ ਰਿਆਸਤਾਂ ਵਿਚ ਸਥਾਈ ਪ੍ਰਤਿਨਿਧੀ ਨਿਯੁਕਤ ਕਰਨ ਦੀ ਪਰੰਪਰਾ ਦੇ ਵਿਪਰੀਤ, ਪ੍ਰਾਚੀਨ ਭਾਰਤ ਵਿਚ ਅਸਥਾਈ ਅਧਿਕਾਰੀ ਹੁੰਦੇ ਸਨ ਜਿਹਨਾਂ ਦੀ ਨਿਯੁਕਤੀ ਵਿਸ਼ੇਸ਼ ਕਾਰਜਾਂ ਲਈ ਕੀਤੀ ਜਾਂਦੀ ਸੀ ਰਾਜਦੂਤ ਦਾ ਕੰਮ ਉਸ ਨੂੰ ਸੌਂਪੇ ਗਏ ਸੰਦੇਸ਼ ਸਹੀ ਰੂਪ ਵਿਚ ਪਹੁੰਚਾਣਾ, ਗਠਜੋੜ ਕਰਨਾ ਤੇ ਤੋੜਨਾ, ਸੰਧੀਆਂ ਕਰਨਾ ਤੇ ਭੰਗ ਕਰਨਾ, ਯੁੱਧ ਜਾਂ ਸ਼ਾਂਤੀ ਦਾ ਐਲਾਨ ਕਰਨਾ, ਵਿਦੇਸ਼ੀ ਰਾਜ ਦੀ ਭੂਗੋਲਿਕ ਸਥਿਤੀ ਤੇ ਕਮਜ਼ੋਰ ਤੇ ਸ਼ਕਤੀਸ਼ਾਲੀ ਲੱਛਣ, ਸੈਨਿਕ ਸ਼ਕਤੀ ਤੇ ਵਿੱਤੀ ਹਾਲਾਤ ਦਾ ਅਧਿਐਨ ਕਰਨਾ, ਅਤੇ ਵੱਧ ਤੋਂ ਵੱਧ ਸੰਭਵ ਜਾਣਕਾਰੀ ਇਕੱਤਰ ਕਰਨਾ ਸੀ। ਇਸ ਕਰਕੇ ਉਹ ਮੁੱਢਲੇ ਤੌਰ ਤੇ ਇਕ ਰਾਜ ਦੀ ਵਿਦੇਸ਼ੀ ਨੀਤੀ ਦੇ ਅਹਿਮ ਵਿਸ਼ਿਆਂ ਨਾਲ ਸੰਬੰਧਤ ਹੁੰਦਾ ਸੀ। ਕਿਉਂਕਿ ਰਾਜਦੂਤ ਨੂੰ ਬਹੁਤ ਮਹੱਤਵਪੂਰਣ ਨਾਜ਼ੁਕ ਤੇ ਖਤਰੇ ਵਾਲੇ ਕੰਮ ਕਰਨੇ ਪੈਂਦੇ ਸਨ ਇਸ ਕਰਕੇ ਮਹਾਂਭਾਰਤ ਅਤੇ ਕੌਟਲਿਆ ਦੇ ਅਰਥਸ਼ਾਸਤਰ ਵਿਚ ਤਕਰੀਬਨ ਉਹ ਉੱਚ ਯੋਗਤਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ ਜੋ ਕਿ ਮੰਤਰੀਆਂ ਲਈ ਨਿਸ਼ਚਿਤ ਹਨ ਜਿਵੇਂ ਕਿ ਕੁਲੀਨ ਪਰਿਵਾਰਕ ਪਿਛੋਕੜ ਨਮੁਰਸ਼ੀਲਤਾ, ਨਿਪੁੰਨਤਾ, ਮਿੱਠ–ਬੋਲੜਾ ਹੋਣਾ, ਸੰਦੇਸ਼ ਉਸੇ ਰੂਪ ਵਿਚ ਪਹੁੰਚਾਣ ਦੀ ਯੋਗਤਾ ਜਿਵੇਂ ਕਿ ਉਸ ਨੂੰ ਸੌਂਪੇ ਗਏ ਹੋਣ ਅਤੇ ਇਕ ਤੀਬ੍ਰ ਤੇ ਸ਼ਾਨਦਾਰ ਯਾਦ–ਸ਼ਕਤੀ। ਮਹਾਂਭਾਰਤ ਵਿਚ ਰਾਜਦੂਤ ਦੀਆਂ ਵੱਖ ਵੱਖ ਸ਼ਰੇਣੀਆਂ ਸੰਬੰਧੀ ਜ਼ਾਹਿਰ ਰੂਪ ਵਿਚ ਉੱਲੇਖ ਨਹੀਂ ਕੀਤਾ ਗਿਆ, ਜਦ ਕਿ ਕੌਟਲਿਆ ਨੇ ਉਨ੍ਹਾਂ ਨੂੰ ਤਿੰਨ ਸ਼ਰੇਣੀਆਂ ਵਿਚ ਵੰਡਿਆ ਹੈ।

**(1) ਨੀਤੀਸ਼ਾਸਤਰਥਾ (Plenipotentiary)** ਭਾਵ ਅਜਿਹਾ ਰਾਜਦੂਤ ਜਿਸ ਨੂੰ ਕਿਸੇ ਮਾਮਲੇ ਦਾ ਪ੍ਰਬੰਧ ਕਰਨ ਦੀਆਂ ਪੂਰੀਆਂ ਸ਼ਕਤੀਆਂ ਪ੍ਰਾਪਤ ਹੁੰਦੀਆਂ ਸਨ। ਉਸ ਨੂੰ ਆਪਣੀ ਨਿੱਜੀ ਬੁੱਧੀ ਅਨੁਸਾਰ ਫੈਸਲੇ ਲੈਣ ਦੀ ਸ਼ਕਤੀ ਅਤੇ ਅਖਤਿਆਰ ਪ੍ਰਾਪਤ ਸਨ ਪਰ ਅਜਿਹਾ ਕਰਦੇ ਸਮੇਂ ਉਸ ਨੂੰ ਰਾਜ ਦੇ

ਹਿੱਤਾਂ ਦਾ ਧਿਆਨ ਰਖਣਾ ਪੈਂਦਾ ਸੀ। ਇਸ ਸ਼ਰੇਣੀ ਦੀ ਇਕ ਉਦਾਹਰਣ ਵਜੋਂ ਕ੍ਰਿਸ਼ਨ ਦਾ ਉਲੇਖ ਕੀਤਾ ਜਾ ਸਕਦਾ ਹੈ, ਜਿਸ ਨੇ ਪਾਂਡਵਾਂ ਦੇ ਰਾਜਦੂਤ ਵਜੋਂ ਆਪਣੇ ਅਖਤਿਆਰਾਂ ਦੀ ਪੂਰੀ ਵਰਤੋ ਕੀਤੀ ਅਤੇ ਕੁਰਕਸ਼ੇਤਰ ਦੇ ਯੁੱਧ ਤੋਂ ਪਹਿਲਾਂ ਕੌਰਵਾਂ ਨਾਲ ਸੁਲਾ-ਸਫਾਈ ਕਰਨ ਦੀ ਕੋਸ਼ਿਸ਼ ਕੀਤੀ।

**(2) ਸ਼ਾਸਨਹਾਰ ਜਾਂ ਸ਼ਾਸਨ-ਵਾਹਕ :** ਇਹ ਰਾਜਦੂਤ ਆਮ ਤੌਰ ਤੇ 'ਸ਼ਾਹੀ ਸੰਦੇਸ਼ਵਾਹਕ' ਹੁੰਦੇ ਸਨ। ਇਹਨਾਂ ਨੂੰ ਕੇਵਲ ਇਹ ਕੰਮ ਸੌਂਪਿਆ ਜਾਂਦਾ ਸੀ। ਮਹਾਂਭਾਰਤ ਵਿਚ ਇਸ ਪ੍ਰਕਾਰ ਦੀਆ ਉਦਾਹਰਣਾਂ ਵਿਚ ਕੌਰਵਾਂ ਨੂੰ ਭੇਜੇ ਗਏ ਦੱਰੁਪਦ ਦੇ ਪਰੋਹਿਤ ਤੇ ਧ੍ਰਿਤਰਾਸ਼ਟਰ ਵਲੋਂ ਪਾਂਡਵਾਂ ਨੂੰ ਭੇਜੇ ਗਏ ਸੰਦੇਸ਼ ਦਾ ਉਲੇਖ ਕੀਤਾ ਜਾ ਸਕਦਾ ਹੈ। ਕੌਟਲਿਆ ਦੀ ਰਾਜਦੂਤਾਂ ਦੀ ਤਿੰਨ ਸ਼੍ਰੇਣੀਆਂ ਵਿਚ ਕੀਤੀ ਗਈ ਵੰਡ ਆਧੁਨਿਕ ਸਮੇਂ ਵਿਚ ਵੀ ਢੁਕਵੀਂ ਹੈ। ਇਸ ਦਾ ਆਧਾਰ ਉਹ ਦੇਸ਼ ਹੈ ਜਿਸ ਵਿਚ ਰਾਜਦੂਤ ਨੂੰ ਆਪਣੇ ਕਰਤੱਵ ਨਿਭਾਉਣ ਲਈ ਨਿਯੁਕਤ ਕੀਤਾ ਜਾਂਦਾ ਹੈ ਅਤੇ ਜਿਸ ਤਰ੍ਹਾਂ ਦੇ ਕੰਮ ਉਸਨੇ ਸੰਪੰਨ ਕਰਨੇ ਹੁੰਦੇ ਹਨ। ਇਸ ਤੋਂ ਇਲਾਵਾ, ਮਹਾਂਭਾਰਤ ਵਿਚ ਰਾਜਦੂਤਾਂ ਦੀ ਪਵਿੱਤਰਤਾ ਤੇ ਅਖੰਡਤਾ ਉਤੇ ਜ਼ੋਰ ਦਿੱਤਾ ਗਿਆ ਹੈ। ਉਹਨਾਂ ਨੂੰ ਕਿਸ ਤਰ੍ਹਾਂ ਦਾ ਵਰਤਾਉ ਮਿਲਣਾ ਚਾਹੀਦਾ ਹੈ ਇਸ ਸਬੰਧੀ ਉਪਯੋਗੀ ਨਿਯਮ ਦਿੱਤੇ ਗਏ ਹਨ। ਇਕ ਰਾਜਦੂਤ ਦਾ ਆਦਰ ਕੀਤਾ ਜਾਣਾ ਚਾਹੀਦਾ ਹੈ। ਉਸ ਨਾਲ ਨਮ੍ਰਤਾ ਵਾਲਾ ਸਲੂਕ ਹੀ ਹੋਣਾ ਚਾਹੀਦਾ ਹੈ ਭਾਵੇਂ ਉਹ ਕਿੰਨਾ ਵੀ ਬੁਰਾ ਸੰਦੇਸ਼ ਕਿਉਂ ਨਾ ਲਿਆਇਆ ਹੋਵੇ ਕਿਉਂਕਿ ਉਹ ਤਾਂ ਸ਼ਾਸਕ ਦਾ (ਜਿਸ ਨੇ ਉਸ ਨੂੰ ਭੇਜਿਆ ਹੁੰਦਾ ਹੈ) ਕੇਵਲ ਪ੍ਰਵਕਤਾ ਹੁੰਦਾ ਹੈ। ਉਸ ਨੂੰ ਕਦੇ ਵੀ ਜਾਨ ਤੋਂ ਮਾਰਨਾ ਨਹੀਂ ਚਾਹੀਦਾ। ਰਾਜਦੂਤ ਦਾ ਹੱਤਿਆਰਾ ਆਪਣੇ ਸਾਥੀਆਂ ਸਮੇਤ ਨਰਕ ਵਿਚ ਜਾਂਦਾ ਹੈ। ਰਾਜਦੂਤਾਂ ਦੇ ਵਿਸ਼ੇਸ਼ ਅਧਿਕਾਰਾਂ ਤੇ ਸੁਤੰਤਰਤਾਵਾਂ ਪ੍ਰਤੀ ਇਸ ਸੁਨਹਿਰੀ ਨਿਯਮ ਦੀ ਆਮ ਤੌਰ ਤੇ ਪਾਲਣਾ ਕੀਤੀ ਜਾਂਦੀ ਸੀ, ਸਿਵਾਏ ਕ੍ਰਿਸ਼ਨ ਦੇ ਮਾਮਲੇ ਵਿਚ ਅਤੇ ਉਹ ਵੀ ਇਸ ਕਰਕੇ ਨਹੀਂ ਕਿ ਕ੍ਰਿਸ਼ਨ ਇਕ ਰਾਜਦੂਤ ਸੀ, ਸਗੋਂ ਇਸ ਕਰਕੇ ਕਿ ਉਹ ਪਾਂਡਵਾਂ ਦੀ ਰੀੜ ਦੀ ਹੱਡੀ ਸੀ ਅਤੇ ਇਸ ਕਰਕੇ ਕੌਰਵ ਉਸਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦੇ ਸਨ।

## (ਅ) ਜਾਸੂਸ

ਭਾਰਤ ਵਿਚ, ਜਾਸੂਸੀ ਪ੍ਰਣਾਲੀ ਰਿਗਵੇਦ- ਜਿਤਨੀ ਪੁਰਾਣੀ ਹੈ। ਮਹਾਂਭਾਰਤ ਵਿਚ ਦਸਿਆ ਗਿਆ ਹੈ ਕਿ ਇਹ ਰਾਜ ਦੀ ਸਥਾਈ ਤੇ ਪ੍ਰਮੁੱਖ ਵਿਸ਼ੇਸ਼ਤਾ ਤੇ ਸੈਨਾ ਦੇ ਅੱਠ ਅੰਗਾਂ ਵਿਚੋਂ ਇਕ ਸੀ। ਕਿਉਂਕਿ ਜਾਸੂਸ ਸ਼ਾਸਕ ਦੀਆਂ ਅੱਖਾਂ ਸਨ ਇਸ ਲਈ ਸ਼ਾਸਕ ਹੀ ਉਹਨਾਂ ਦੀ ਨਿਯੁਕਤੀ ਕਰਦਾ ਸੀ ਤਾਂ ਕਿ ਉਹ ਵਿਦੇਸ਼ੀ ਰਾਜਾ ਅਤੇ ਆਪਣੇ ਰਾਜ ਦੇ ਅੰਦਰੂਨੀ ਵਿਸ਼ਿਆਂ ਤੇ ਪ੍ਰਸ਼ਾਸਨ ਬਾਰੇ ਲੋੜੀਂਦੀ ਜਾਣਕਾਰੀ ਇਕੱਤਰ ਕਰਨ। ਮਨੂੰ ਕੌਟਲਿਆ, ਸ਼ੁਕਰ ਤੇ ਸੋਮਦੇਵ ਸੂਰੀ ਦਾ ਵੀ ਇਹੋ ਮੱਤ ਹੈ। ਗੁਪਤਾ ਜਾਸੂਸਾਂ ਦਾ ਇਕ ਵਿਸ਼ੇਸ਼ ਲੱਛਣ ਸੀ, ਜਿਸ ਕਰਕੇ ਉਹਨਾਂ ਦਾ ਤੇ ਰਾਜਦੂਤਾਂ ਦਾ ਭੇਦ ਕੀਤਾ ਜਾ ਸਕਦਾ ਸੀ। ਇਹ ਪਤਾ ਲਗ ਜਾਣ ਤੇ ਕਿ ਉਹ ਜਾਸੂਸ ਹਨ, ਉਹਨਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ ਤੇ ਕਈ ਵਾਰੀ ਉਨ੍ਹਾਂ ਨੂੰ ਜਾਨ ਤੋਂ ਵੀ ਮਾਰ ਦਿੱਤਾ ਜਾਂਦਾ ਸੀ। ਇਸ ਕਰਕੇ ਜਾਸੂਸਾਂ ਦਾ ਏਨਾ ਹੁਸ਼ਿਆਰ ਹੋਣਾ ਜ਼ਰੂਰੀ ਸੀ ਕਿ ਦੂਜੇ ਲੋਕ ਉਹਨਾਂ ਦੀ ਸ਼ਨਾਖਤ ਨਾ ਕਰ ਸਕਣ। ਮਹਾਂਭਾਰਤ ਵਿਚ ਉਹਨਾਂ ਲੋਕਾਂ ਦੀ ਇਕ ਸੂਚੀ ਦਿੱਤੀ ਗਈ ਹੈ ਜਿਹਨਾਂ ਨੂੰ ਇਹ ਜ਼ੋਖਿਮ ਵਾਲਾ ਕੰਮ ਸੌਂਪਿਆ ਜਾ ਸਕਦਾ ਸੀ, ਜਿਵੇ ਕਿ ਬ੍ਰਾਹਮਣ ਕਪਟੀ ਸਿੱਧ ਤਪਸਵੀ ਭੇਸ ਬਦਲਣ ਦੀ ਯੋਗਤਾ ਵਾਲੇ ਲੋਕ ਜੋ ਕਿ ਹਾਲਾਤ ਅਨੁਸਾਰ ਅੰਨ੍ਹੇ, ਗੂੰਗੇ ਬਣ ਸਕਣ ਅਤੇ ਜਿਥੋਂ ਤਕ ਸੰਭਵ ਹੋਵੇ ਚਲਾਕ ਤੇ ਕੁਟਿਲ ਹੋਣ। ਸਭ ਤੋਂ ਮਹੱਤਵਪੂਰਣ ਗੱਲ ਜਾਂ ਸ਼ਰਤ ਇਹ ਸੀ ਕਿ ਨਿਯੁਕਤੀ ਕਰਨ ਤੋਂ ਪਹਿਲਾਂ ਉਹਨਾਂ ਦੀ ਪੂਰੀ ਤਰ੍ਹਾਂ ਛਾਣ-ਬੀਣ ਕੀਤੀ ਜਾਵੇ ਅਤੇ ਉਹਨਾਂ ਦੀ ਨਿਯੁਕਤੀ ਏਨੇ ਗੁਪਤ ਢੰਗ ਨਾਲ ਕੀਤੀ ਜਾਵੇ ਕਿ ਉਹ ਇਕ ਦੂਜੇ ਨੂੰ ਵੀ ਨਾ ਪਛਾਣ ਸਕਣ ਤਾਂ ਕਿ ਜਾਸੂਸਾਂ ਵਿਚਕਾਰ ਕਿਸੇ ਪ੍ਰਕਾਰ ਦੀ ਸਾਜਿਸ਼ ਤੋਂ ਵੀ ਬਚਿਆ ਜਾ ਸਕੇ। ਭੀਸ਼ਮ ਨੇ ਖੁਦ ਅਜਿਹੇ ਵਿਅਕਤੀਆਂ ਨੂੰ ਜਾਸੂਸ ਨਿਯੁਕਤ ਕੀਤਾ ਸੀ। ਅਜਿਹੇ ਕਈ ਉਦਾਹਰਣ ਹਨ

ਜਿਹਨਾਂ ਤੋਂ ਇਸ ਗੱਲ ਦਾ ਸਬੂਤ ਮਿਲਦਾ ਹੈ ਕਿ ਮਹਾਂਭਾਰਤ ਵਿਚ ਜਾਸੂਸੀ ਪ੍ਰਣਾਲੀ ਦੀ ਜਾਂ ਇਕ ਕੁਸ਼ਲ ਤੇ ਚੁਸਤ ਜਾਸੂਸੀ ਵਿਭਾਗ ਦੀ ਹੋਂਦ ਸੀ।

ਮਹਾਂਭਾਰਤ ਵਿਚ ਇਸ ਗੱਲ ਦਾ ਵਰਣਨ ਨਹੀਂ ਮਿਲਦਾ ਕਿ ਦੂਜੇ ਰਾਜਾਂ ਵਿਚ ਗੜਬੜ ਪੈਦਾ ਕਰਨ ਲਈ ਜਾਸੂਸ ਕਿਹੜੇ ਢੰਗ ਅਪਨਾਉਣਗੇ। ਦੂਜੇ ਪਾਸੇ, ਕੌਟਲਿਆ, ਜਾਸੂਸਾਂ ਨੂੰ ਹਰ ਪ੍ਰਕਾਰ ਦੇ ਸਾਧਨਾਂ ਦੀ ਵਰਤੋਂ ਕਰਨ ਦੀ ਆਗਿਆ ਦਿੰਦਾ ਹੈ ਭਾਵੇਂ ਉਹ ਨੈਤਿਕ ਹੋਣ ਜਾਂ ਅਨੈਤਿਕ। ਉਹ ਆਖਦਾ ਹੈ ਕਿ ਉਨ੍ਹਾਂ ਨੂੰ ਵਿਦੇਸ਼ੀ ਰਾਜਾਂ ਵਿਚ ਫੁੱਟ ਪੈਦਾ ਕਰਨੀ ਚਾਹੀਦੀ ਹੈ ਅਤੇ ਸੈਨਾ ਦੇ ਮੁਖੀਆਂ ਨੂੰ ਜਵਾਨ ਲੜਕੀਆਂ ਦੇ ਮੁਹੱਬਤ–ਜਾਲ ਵਿਚ ਫਸਾ ਕੇ ਤੇ ਬਾਅਦ ਵਿਚ ਉਹਨਾਂ ਵਿਰੁੱਧ ਵਿਰੋਧ ਦੀ ਭਾਵਨਾ ਪੈਦਾ ਕਰਨੀ ਚਾਹੀਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹਨਾਂ ਦੀਆਂ ਪ੍ਰੇਮਿਕਾਵਾਂ ਰਾਹੀਂ ਜ਼ਹਿਰ ਦੇਣ। ਜੋਤਸ਼ੀ ਦਾ ਭੇਸ ਬਦਲਕੇ ਉੱਚ ਅਧਿਕਾਰੀਆਂ ਤੇ ਮੁੱਖੀਆਂ ਦੇ ਦਿਲਾਂ ਵਿਚ ਰਾਜਾ ਬਨਾਣ ਦੀ ਇੱਛਾ ਪ੍ਰਬਲ ਕਰਨ ਅਤੇ ਉਹਨਾਂ ਨੂੰ ਸ਼ਾਸਕ ਦਾ ਵਫਾਦਾਰ ਨਾ ਰਹਿਣ ਦੇਣ। ਯੁੱਧ ਸਮੇਂ ਉਹ ਪ੍ਰਮੁੱਖ ਸੈਨਿਕ ਅਧਿਕਾਰੀਆਂ ਵਿਚਕਾਰ ਜ਼ਹਿਰ ਮਿਲੀ ਸ਼ਰਾਬ ਵੰਡਣ ਦਾ ਇੰਤਜ਼ਾਮ ਕਰਨ।

## 9. ਵਿਦੇਸ਼ੀ ਮਾਮਲਿਆਂ ਲਈ ਆਚਰਣ–ਸੰਹਿਤਾ

ਮਹਾਂਭਾਰਤ ਵਿਚ ਦੁਸ਼ਮਣ ਰਾਜਾਂ ਪ੍ਰਤੀ ਵਿਹਾਰ ਬਾਰੇ ਬਹੁਤ ਵਿਸਥਾਰ ਸਹਿਤ ਵਰਨਣ ਕੀਤਾ ਗਿਆ ਹੈ ਪਰ ਮਿੱਤਰ ਰਾਜਾ ਬਾਰੇ ਵਿਹਾਰ ਬਾਰੇ ਕੋਈ ਵਿਸ਼ੇਸ਼ ਉਲੇਖ ਨਹੀਂ ਕੀਤਾ ਗਿਆ। ਸਪਸ਼ਟ ਤੌਰ ਤੇ, ਇਹ ਮਹਾਂਕਾਵਿ ਸ਼ਾਸਕ ਨੂੰ ਆਪਣੇ ਦੁਸ਼ਮਣ ਤੇ ਜਿੱਤ ਪ੍ਰਾਪਤ ਕਰਨ ਲਈ ਹਰ ਪ੍ਰਕਾਰ ਦੇ ਸਾਧਨ ਭਾਵੇਂ ਉਹ ਉੱਚਿਤ ਹਨ ਜਾਂ ਅਨੁਚਿਤ ਅਪਣਾਉਣ ਲਈ ਕਹਿੰਦਾ ਤੇ ਉਕਸਾਉਂਦਾ ਹੈ। ਇਸ ਦੁਨੀਆਂ ਵਿਚ ਸਫਲਤਾ ਲਈ ਇਕ ਤਰਫੀ ਨੈਤਿਕਤਾ ਕਾਫੀ ਨਹੀਂ ਹੈ। ਸ਼ਾਸਕ ਬਹੁਤ ਹੀ ਸੂਝ–ਬੂਝ ਵਾਲਾ ਹੋਣਾ ਚਾਹੀਦਾ ਹੈ ਤੇ ਉਸ ਨੂੰ ਦੂਜਿਆਂ ਦੇ ਤਜਰਬੇ ਅਤੇ ਹੋਰ ਵਸੀਲਿਆਂ ਤੋਂ ਸਿਖਿਆ ਪ੍ਰਾਪਤ ਕਰਨੀ ਚਾਹੀਦੀ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਇਕ ਨਾਇਕ ਜਾਂ ਸ਼ਕਤੀਸ਼ਾਲੀ ਤੇ ਜਿੱਤ ਪ੍ਰਾਪਤ ਕਰਨ ਲਈ ਹੱਥ ਜੋੜੇ, ਡਰਪੋਕ ਨੂੰ ਡਰਾ–ਧਮਕਾ ਕੇ ਅਤੇ ਸ਼ਿਸਟ ਵਿਅਕਤੀ ਨੂੰ ਤੋਹਫੇ ਦੇ ਕੇ ਅਤੇ ਬਰਾਬਰ ਵਾਲੇ ਨਾਲ ਲੜਾਈ ਕਰਕੇ ਜਿੱਤ ਹਾਸਿਲ ਕਰੇ। ਉਹ ਗਿੱਧ ਦੀ ਤਰ੍ਹਾਂ ਦੂਰ-ਅੰਦੇਸ਼ੀ, ਬਗਲੇ ਦੀ ਤਰ੍ਹਾਂ ਗਤੀਹੀਨ, ਕੁੱਤੇ ਦੀ ਤਰ੍ਹਾਂ ਚੌਕਸ, ਸ਼ੇਰ ਦੀ ਤਰ੍ਹਾਂ ਬਹਾਦਰ ਤੇ ਕਾਂ ਦੀ ਤਰ੍ਹਾਂ ਡਰਪੋਕ ਹੋਵੇ ਅਤੇ ਸੱਪ ਵਾਂਗ ਦੁਸ਼ਮਣ ਦੇ ਇਲਾਕਿਆਂ ਵਿਚ ਘੁੱਸ ਜਾਵੇ। ਆਪਣੀ ਖੁਸ਼ਹਾਲੀ ਤੇ ਤਰੱਕੀ ਦੀ ਇੱਛਾ ਕਰਨ ਵਾਲਾ ਆਪਣੇ ਪੁਤਰ, ਦੋਸਤ, ਭਰਾ ਪਿਉ ਜਾਂ ਅਧਿਆਪਕ, ਗੱਲ ਕੀ ਕਿਸੇ ਦੀ ਹੱਤਿਆ ਕਰ ਸਕਦਾ ਹੈ ਜੇਕਰ ਉਹ ਉਸਦੇ ਦੁਸ਼ਮਣ ਸਾਬਿਤ ਹੋਣ ਕਿਉਂਕਿ ਆਪਣੇ ਜੀਵਨ ਦੀ ਰੱਖਿਆ ਤੋਂ ਉੱਚਾ ਕੋਈ ਫਰਜ਼ ਨਹੀਂ ਹੈ।

ਮਹਾਂਭਾਰਤ ਵਿਚ ਇਸ ਸੰਬੰਧੀ ਕੋਈ ਇਕਸਾਰ ਅਸੂਲ ਨਹੀਂ ਮਿਲਦੇ ਕਿ ਇਕ ਦੁਸ਼ਮਣ ਨਾਲ ਉਦੋਂ ਕਿਹੋ ਜਿਹਾ ਸਲੂਕ ਕਰਨਾ ਚਾਹੀਦਾ ਹੈ ਜਦੋਂ ਉਹ ਥੱਕ ਹਾਰ ਗਿਆ ਹੋਵੇ ਜਾਂ ਆਸਰੇ ਦੀ ਮੰਗ ਕਰ ਰਿਹਾ ਹੋਵੇ। ਕੁਝ ਥਾਵਾਂ ਤੇ ਰਹਿਮ ਮੁਆਫੀ ਦਾ ਸਮਰਥਨ ਕੀਤਾ ਗਿਆ ਹੈ ਅਤੇ ਸ਼ਾਸਕ ਨੂੰ ਇਹ ਵੀ ਸਲਾਹ ਦਿੱਤੀ ਗਈ ਹੈ ਕਿ ਉਹ ਦੁਸ਼ਮਣਾਂ ਨਾਲ ਵੀ ਅਜਿਹਾ ਸਲੂਕ ਕਰੇ ਜਿਵੇਂ ਕਿ ਉਹ ਉਸ ਦੇ ਆਪਣੇ ਬੱਚੇ ਹੀ ਹੋਣ। ਪਰ ਹੋਰ ਥਾਵਾਂ ਤੇ ਸਹਿਜ ਸੁਭਾਵਿਕ ਵਿਰੋਧ ਹੈ ਜਿਥੇ ਸ਼ਾਸਕ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਦੁਸ਼ਮਣ ਨੂੰ ਕਦੇ ਵੀ ਆਜ਼ਾਦ ਨਾ ਕਰੇ, ਉਸ ਪ੍ਰਤੀ ਦਇਆ ਨਾ ਦਿਖਾਵੇ ਅਤੇ ਉਸ ਨੂੰ ਮਾਰ ਦੇਵੇ। ਇਸ ਤਰ੍ਹਾਂ ਦੇ ਵਿਰੋਧ ਦਾ ਮਹਾਂਭਾਰਤ ਵਿਚ ਆਮ ਦੁਸ਼ਮਣਾਂ ਪ੍ਰਤਿ ਸਲੂਕ ਬਾਰੇ ਚਰਚਾ ਹੈ। ਇਥੇ ਦਸਿਆ ਗਿਆ ਹੈ ਕਿ ਦੁਸ਼ਮਣ ਨਾਲ ਅਨੁਚਿਤ ਢੰਗ ਵਰਤ ਕੇ ਧੋਖਾ ਨਹੀਂ ਕਰਨਾ ਚਾਹੀਦਾ ਅਤੇ ਉਹਨੂੰ ਗੰਭੀਰ ਰੂਪ ਵਿਚ ਜ਼ਖਮੀ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਉਸ ਦਾ ਜੀਵਨ ਖਤਰੇ ਵਿਚ ਪੈ ਸਕਦਾ ਹੈ। ਦੂਜੇ ਪਾਸੇ ਸ਼ਾਸਕ ਨੂੰ ਇਹ ਸਲਾਹ ਦਿੱਤੀ ਗਈ

ਹੈ ਕਿ ਉਹ ਹਮਲਾ ਕਰਨ ਵੇਲੇ ਮਿੱਠਾ ਬੋਲੇ ਅਤੇ ਬਾਅਦ ਵਿਚ ਉਸ ਉਤੇ ਦਇਆ ਦਾ ਪ੍ਰਗਟਾਵਾ ਕਰੇ ਅਤੇ ਦੁਖ ਪ੍ਰਗਟਾਉਣ ਲਈ ਝੂਠੇ ਅੱਥਰੂ ਬਹਾਵੇ। ਸਮੁੱਚੇ ਤੌਰ ਤੇ ਮਹਾਂਭਾਰਤ ਵਿਚ ਮੌਜੂਦ ਪ੍ਰਮਾਣ ਇਹ ਦਸਦੇ ਹਨ ਕਿ ਰਾਜ ਦੇ ਅੰਦਰੂਨੀ ਮਾਮਲਿਆਂ ਨੂੰ ਉੱਚ ਨੈਤਿਕ ਭਾਵਨਾ ਵਿਚ ਦ੍ਰਿਸ਼ਟੀਗੋਚਰ ਕੀਤਾ ਜਾਵੇ ਪਰ ਅੰਤਰ-ਰਾਜੀ ਸੰਬੰਧਾਂ ਵਿਚ ਨੈਤਿਕਤਾ ਦੀ ਕੋਈ ਥਾਂ ਨਹੀਂ ਹੈ। ਕਸ਼ਤਰੀ ਲਈ ਆਪਣੇ ਸਭ ਤੋਂ ਉੱਚੇ ਆਦਰਸ਼-ਦੁਨੀਆਂ ਨੂੰ ਜਿੱਤਣ ਅਤੇ ਸ਼ਾਨਦਾਰ ਸਮਾਜ ਦੀ ਸਥਾਪਨਾ ਕਰਨ ਲਈ ਮਹਾਂਭਾਰਤ ਅਨੁਸਾਰ, ਨਾ ਤਾਂ ਧਰਮ ਰੁਕਾਵਟ ਹੋ ਸਕਦਾ ਹੈ ਅਤੇ ਨਾ ਹੀ ਹੋਣਾ ਚਾਹੀਦਾ ਹੈ। ਜਿਵੇਂ ਬੇਨੀ ਪ੍ਰਸ਼ਾਦ ਨੇ ਕਿਹਾ ਹੈ, "ਰਾਜ ਦੇ ਹਿੱਤ ਦੀ ਪ੍ਰਾਪਤੀ ਹੀ ਇਕ ਰਾਹ ਦਰਸਾਊ ਸਿਧਾਂਤ ਬਣ ਗਿਆ ਜਿਸ ਕਰਕੇ ਛਲ-ਕਪਟ ਤੇ ਧੋਖਾਦੇਹੀ ਵੀ ਉੱਚਿਤ ਮੰਨੇ ਜਾਣ ਲਗ ਪਏ।" ਜਿਵੇਂ ਕਿ ਡਿਡੇਰੋਤ (Didearot) ਨੇ ਵੀ ਕਿਹਾ ਸੀ ਕਿ ਕੁਝ ਅਜਿਹੇ ਹਾਲਾਤ ਹੁੰਦੇ ਹਨ, ਜਿਹਨਾਂ ਅਧੀਨ ਇਕ ਰਾਜੇ ਲਈ ਨੀਚ ਬਣਨਾ ਵੀ ਸਹੀ ਹੈ। ਇਸੇ ਤਰ੍ਹਾਂ ਮੈਕਾਇਵਲੀ ਨੇ ਕਿਹਾ ਸੀ ਕਿ ਰਾਜੇ ਨੂੰ ਆਪਣੇ ਉੱਚ-ਆਕਾਂਖੀ ਉਦੇਸ਼ਾਂ ਦੀ ਪ੍ਰਾਪਤੀ ਲਈ ਉਚਿਤ ਜਾਂ ਅਨੁਚਿਤ ਢੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉਸ ਅਨੁਸਾਰ ਉਦੇਸ਼ ਸਾਧਨਾਂ ਦੀ ਉਚਿੱਤਤਾ ਦਾ ਸੂਚਕ ਹੈ। ਸ਼ਾਂਤੀਪਰਵ ਦੇ ਉਹਨਾਂ ਪਰਿਛੇਦਾਂ ਦੇ ਆਧਾਰ ਤੇ ਜਿਹੜੇ ਸ਼ਾਸਕ ਦੀ ਵਿਦੇਸ਼ੀ ਨੀਤੀ ਨੂੰ ਨੈਤਿਕ ਨਿਯਮਾਂ ਤੋਂ ਮੁਕਤ ਮੰਨਦੇ ਹਨ, ਐਨ. ਐਨ. ਘੋਸ਼ ਨੇ ਕਿਹਾ ਹੈ ਕਿ "ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਸਿਰਫ ਸ਼ਾਂਤੀਪਰਵ ਤੋਂ ਹੀ ਸ਼ਾਸਕਾਂ ਲਈ ਇਕ ਅਜਿਹੀ ਪਾਠ ਪੁਸਤਕ ਤਿਆਰ ਕਰਨੀ ਸੰਭਵ ਹੈ, ਜੋ ਮੈਕਾਇਵਲੀ ਦੇ 'ਪ੍ਰਿੰਸ' ਤੋਂ ਦੁਗਣੀ ਅਤੇ ਸਨਕੀ ਬੋਧ ਵਿਚ ਕਈ ਗੁਣਾਂ ਵਧੇਰੇ ਹੋਵੇਗੀ।"

ਇਸੇ ਤਰ੍ਹਾਂ ਕੌਟਲਿਆ ਦਾ ਅਰਥ-ਸ਼ਾਸਤਰ ਵੀ ਰਾਜ ਦੇ ਦੁਸ਼ਮਣਾਂ ਨੂੰ ਦਬਾਉਣ ਦੇ ਲਈ ਧੋਖਾ, ਫਰੇਬ ਅਤੇ ਗੁਪਤ ਕੂਟਨੀਤੀ ਜਿਹੇ ਢੰਗਾਂ ਦਾ ਸਮਰਥਨ ਕਰਦਾ ਹੈ। ਇਹ ਬਾਦਸ਼ਾਹ ਨੂੰ ਅੰਤਰ-ਰਾਜੀ ਸੰਬੰਧਾਂ ਵਿਚ ਸਪਸ਼ਟ ਸਵਾਰਥੀ ਹਿੱਤਾਂ ਦਾ ਰਵੱਈਆ ਅਪਨਾਉਣ ਲਈ ਉਕਸਾਉਂਦਾ ਹੈ ਅਤੇ ਜਿਸ ਲਈ ਰਾਜ ਵਿਧੀ ਅਨੁਕੂਲ, ਮੌਕਾ ਪ੍ਰਸਤੀ, ਹਿੰਸਾ, ਛਲ-ਕਪਟ ਤੇ ਸਾਜਿਸ਼ ਦੀ ਵਰਤੋਂ ਕਰ ਸਕਦਾ ਹੈ। ਵਿਸ਼ਵ-ਵਿਆਪੀ ਸਾਮਰਾਜ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹਰੇਕ ਢੰਗ ਉਚਿਤ ਹੈ ਜਿਸ ਵਿਚ ਗੁਪਤ ਹਥਿਆਰ, ਗੋਲੀ ਸਿੱਕਾ, ਤਲਵਾਰ, ਜ਼ਹਿਰ, ਦਵਾਈਆਂ, ਜਾਸੂਸੀ, ਭਰਮ ਅਤੇ ਲਾਲਚ ਸ਼ਾਮਿਲ ਹਨ। ਇਸ ਕਰਕੇ ਹੀ ਇਹ ਗੱਲ ਬਾਰ-ਬਾਰ ਦੁਹਰਾਈ ਜਾਂਦੀ ਹੈ ਕਿ ਕੌਟਲਿਆ ਦੇ ਅਰਥ ਸ਼ਾਸਤਰ ਤੇ ਮੈਕਾਇਵਲੀ ਦੇ ਪ੍ਰਿੰਸ ਵਿਚ ਕਈ ਸਮਾਨਤਾਵਾਂ ਹਨ। ਕੰਦਬਰੀ ਦਾ ਪ੍ਰਸਿੱਧ ਲੇਖਕ ਬਾਨ, ਕੌਟਲਿਆ ਦੀ ਰਾਜ ਸ਼ਾਸਨ ਕਲਾ ਨੂੰ ਸਮੁੱਚੇ ਤੌਰ ਤੇ ਮੈਕਾਇਵਲੀ ਦਾ ਠੱਪਾ (ਨਿਸ਼ਾਨ) ਹੀ ਮੰਨਦਾ ਹੈ, ਜੋ ਕਿ ਧੋਖਾ, ਫਰੇਬ, ਹੱਤਿਆ ਆਦਿ ਨਾਲ ਭਰਿਆ ਹੋਇਆ ਹੈ। ਕੌਟਲਿਆ ਦੀ ਵਿਦੇਸ਼ ਨੀਤੀ ਦਾ ਉਦੇਸ਼ ਸਫਲਤਾ ਤੇ ਸ਼ਕਤੀ ਪ੍ਰਾਪਤ ਕਰਨ ਲਈ ਅਤੇ ਦੁਸ਼ਮਣ ਨੂੰ ਕਮਜ਼ੋਰ ਕਰਨ ਲਈ ਰਾਜੇ ਦੀ ਸਮੁੱਚੀ ਕੋਸ਼ਿਸ਼ ਹੈ। 'ਮੌਕਾ ਪ੍ਰਸਤੀ ਤੇ ਵਿਵਹਾਰਕਤਾ' ਉਸ ਦਾ ਨਾਅਰਾ ਹਨ। ਜ਼ਰੂਰਤ ਕਿਸੇ ਕਾਨੂੰਨ ਜਾਂ ਨੈਤਿਕਤਾ ਨੂੰ ਨਹੀਂ ਮੰਨਦਾ ਸਗੋਂ ਇਹਨਾਂ ਸਭ ਤੋਂ ਉਪਰ ਹੈ।

ਇਸ ਤਰ੍ਹਾਂ ਮਹਾਂਭਾਰਤ ਅਤੇ ਕੌਟਲਿਆ ਦੇ ਅਰਥ ਸ਼ਾਸਤਰ ਵਿਚ ਅੰਤਰ-ਰਾਜੀ ਸੰਬੰਧਾਂ ਦੇ ਅਧਿਐਨ ਤੋਂ ਇਹ ਸਾਬਿਤ ਹੁੰਦਾ ਹੈ ਕਿ ਦੋਹਾਂ ਦੇ ਦਰਸ਼ਨ, ਢੰਗਾਂ ਅਤੇ ਪਹੁੰਚ ਵਿਚ ਬੁਨਿਆਦੀ ਤੌਰ ਤੇ ਕੋਈ ਅੰਤਰ ਨਹੀਂ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਇਹਨਾਂ ਨੂੰ ਇਕ ਦੂਜੇ ਤੋਂ ਪ੍ਰੇਰਨਾ ਮਿਲੀ ਹੈ ਅਤੇ ਉਹ ਆਪਣੇ ਕਾਲ ਵਿਚ ਪਹਿਲੇ ਆਧੁਨਿਕ ਪੱਛਮੀ ਰਾਜਨੀਤਿਕ ਵਿਚਾਰਕ, ਮੈਕਾਇਵਲੀ ਤੋਂ ਕਿਤੇ ਵਧੇਰੇ ਮਹੱਤਵਪੂਰਣ ਹਨ। ਮਹਾਂਭਾਰਤ ਤੇ ਕੌਟਲਿਆ ਦੇ ਅਰਥ ਸ਼ਾਸਤਰ ਜਿਹੇ ਕਲਾਸਕੀ ਗ੍ਰੰਥਾਂ ਵਿਚ ਸਾਧਾਰਣ ਸਮੇਂ 'ਧਰਮ' ਦੀ ਭਾਵਨਾ ਤੇ ਆਸਾਧਾਰਣ ਸਮੇਂ ਵਿਚ 'ਅਪਦਧਰਮ' ਦੀ ਆਵਾਜ਼ ਗੂੰਜਦੀ ਹੈ ਜਿਸ ਦੇ ਆਪਣੇ ਵੱਖ ਹੀ ਨੈਤਿਕ ਨਿਯਮ ਹੁੰਦੇ ਹਨ। ਆਸਾਧਾਰਣ ਸਮੇਂ ਵਿਚ ਉਚਿਤ ਤੇ ਅਨੁਚਿਤ ਸਭ ਜਾਇਜ਼ ਹੈ, ਇਥੇ

ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਇਹਨਾਂ ਸਿਧਾਂਤਾਂ ਨੂੰ ਸਿਰਫ ਸੰਕਟ ਦੇ ਸਮੇਂ ਤੇ ਮੁਸੀਬਤ ਵਿਚ ਹੀ ਉਚਿਤ ਠਹਿਰਾਇਆ ਗਿਆ ਹੈ। ਇਹਨਾਂ ਵਿਚਾਰ ਨੂੰ ਸੰਪੂਰਣ ਤੌਰ ਤੇ ਮੈਕਾਇਵਲੀ ਛਾਪ ਨਹੀਂ ਮੰਨਿਆ ਜਾ ਸਕਦਾ ਕਿਉਂਕਿ, ਮਹਾਂਭਾਰਤ ਅਤੇ ਅਰਥ ਸ਼ਾਸਤਰ ਅਧੀਨ ਰਾਜਨੀਤੀ ਸਾਹਮਣੇ ਨੈਤਿਕਤਾ ਨੂੰ ਤਿਆਗਣ ਲਈ ਤਿਆਰ ਨਹੀਂ ਹੈ।

# ਦੰਡ ਨੀਤੀ

## ਮਹਾਂਭਾਰਤ ਵਿਚ ਦੰਡ ਨੀਤੀ

ਡਾਕਟਰ ਬੈਨੀ ਪ੍ਰਸ਼ਾਦ ਸ਼ਬਦਾਂ ਵਿਚ, ਮਹਾਂਭਾਰਤ ਵਿਚ ਵਰਤੇ ਜਾਣ ਵਾਲੇ ਸ਼ਬਦ ਦੰਡ ਨੀਤੀ ਤੋਂ ਭਾਵ ਕੁਝ ਵਿਦਵਾਨਾਂ ਨੇ ਰਾਜਨੀਤਿਕ ਚਿੰਤਨ ਤੋਂ ਲਿਆ ਹੈ। ਸ਼ਾਬਦਿਕ ਤੌਰ ਤੇ ਇਸ ਦਾ ਭਾਵ 'ਦਮਨ ਕਰਨ ਦਾ ਵਿਗਿਆਨ' ਦੰਡ ਜਾਂ ਸਜ਼ਾ ਦੀ ਨੀਤੀ ਨਿਰਧਾਰਿਤ ਕਰਨ ਵਾਲਾ ਵਿਗਿਆਨ ਨਿਕਲਦਾ ਹੈ। ਪਰ ਜਦੋਂ ਗਿਆਨ ਦੀ ਇਸ ਸ਼ਾਖਾ ਅਧੀਨ ਲਏ ਗਏ ਵਿਸ਼ਿਆਂ ਤੇ ਅਸੀਂ ਨਜ਼ਰ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਸ ਨੂੰ ਸਰਕਾਰ ਦੇ ਵਿਗਿਆਨ ਵਜੋਂ ਪ੍ਰਗਟਾਇਆ ਗਿਆ ਹੈ। ਭੀਸ਼ਮ ਯੁਧਿਸ਼ਟਰ ਨੂੰ ਦੱਸਦਾ ਹੈ ਕਿ ਜਿਹੜਾ ਵਿਅਕਤੀ ਦੰਡ ਦੇਣ ਵਾਲੀ ਛੜੀ ਦੀ ਵਰਤੋਂ ਬਿਨਾਂ ਕਿਸੇ ਭੇਦ ਭਾਵ ਦੇ ਕਰਕੇ ਸਾਰੇ ਜੀਵਾਂ ਦੀ ਰੱਖਿਆ ਕਰਦਾ ਹੈ ਉਹ ਸਚਿਆਈ ਦਾ ਪ੍ਰਤੱਖ ਰੂਪ ਹੈ। ਉਹ ਦੰਡ ਦੇਣ ਵਾਲੇ ਦੀ ਤੁਲਨਾ ਇਕ ਦੇਵਤੇ ਨਾਲ ਕਰਦਾ ਹੈ ਜੋ ਕਦੇ ਤਲਵਾਰ ਦੀ, ਕਦੇ ਕਮਾਨਾਂ ਦੀ ਅਤੇ ਫਿਰ ਤ੍ਰਿਸ਼ੂਲ ਤੇ ਤੀਰ ਆਦਿ ਦੀ ਪ੍ਰਚੰਡ ਸ਼ਕਲ ਧਾਰਣ ਕਰਦਾ ਹੈ। ਉਸੇ ਅਧਿਆਇ (69) ਵਿਚ ਉਹ ਇਹ ਵੀ ਕਹਿੰਦਾ ਹੈ ਕਿ ਦੰਡ ਦੇਣ ਦਾ ਵਿਗਿਆਨ ਸਾਰੇ ਲੋਕਾਂ ਨੂੰ ਆਪਣੇ ਵਰਗਾਂ ਦੇ ਨਿਰਧਾਰਿਤ ਫਰਜ਼ਾਂ ਦੀ ਪਾਲਣਾ ਕਰਨ ਲਈ ਮਜ਼ਬੂਰ ਕਰਦਾ ਹੈ। ਜਦੋਂ ਚਾਰੇ ਵਰਗ ਆਪਣੇ ਆਪਣੇ ਵਰਗ ਨਾਲ ਸੰਬੰਧਿਤ ਕਰਤੱਵਾਂ ਨੂੰ ਪੂਰਾ ਕਰਦੇ ਹਨ, ਜਦੋਂ ਹਰ ਵਰਗ ਤੇ ਲਗੀਆਂ ਸਾਰੀਆਂ ਬੰਦਸ਼ਾਂ ਨੂੰ ਲਾਗੂ ਕੀਤਾ ਜਾਂਦਾ ਹੈ, ਜਦੋਂ ਸ਼ਾਂਤੀ ਅਤੇ ਖੁਸ਼ੀ ਦੰਡ ਦੇਣ ਦੇ ਵਿਗਿਆਨ ਵਿਚੋਂ ਨਿਕਲਦੀ ਹੈ, ਤੇ ਲੋਕ ਹਰੇਕ ਪ੍ਰਕਾਰ ਦੇ ਡਰ ਤੋਂ ਮੁਕਤ ਹੋ ਜਾਂਦੇ ਹਨ ਅਤੇ ਤਿੰਨੇ ਉੱਚ ਵਰਗ ਇਕਸੁਰਤਾ ਤੇ ਸ਼ਾਂਤੀ ਦਾ ਮਾਹੌਲ ਸਥਾਪਿਤ ਕਰਨ ਦਾ ਯਤਨ ਕਰਦੇ ਹਨ ਤਾਂ ਸਮਝ ਲਓ ਕਿ ਅਜਿਹਾ ਮਾਹੌਲ ਮੌਜੂਦ ਹੈ ਜਿਸ ਵਿਚ ਮਨੁੱਖ ਸਹੀ ਅਰਥਾਂ ਵਿਚ ਖੁਸ਼ੀ ਪ੍ਰਾਪਤ ਕਰ ਸਕਦਾ ਹੈ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਹਿੰਦੂ ਰਾਜਨੀਤਿਕ ਵਿਚਾਰਧਾਰਾ ਦੇ ਅਨੁਸਾਰ 'ਦੰਡ ਦੇਣਾ' ਰਾਜ ਸ਼ਾਸਨ ਕਲਾ ਵਿਚ ਦੋਹਰੀ ਭੂਮਿਕਾ ਨਿਭਾਉਂਦਾ ਹੈ। ਇਕ ਪਾਸੇ ਇਹ ਲੋਕਾਂ ਦੇ ਲਈ ਆਤੰਕ ਹੈ ਅਤੇ ਇਸ ਦਾ ਕੰਮ ਸਮਾਜਿਕ ਬੁਰਾਈਆਂ ਨੂੰ ਠੀਕ ਕਰਨਾ ਅਤੇ ਦੂਰ ਕਰਨਾ ਹੈ। ਦੂਜੇ ਪਾਸੇ, ਇਹ ਨੈਤਿਕ ਸ਼ੁਧੀਕਰਣ ਤੇ ਸਭਯ ਸਮਾਜ ਕਾਇਮ ਕਰਨ ਵਾਲੀ ਏਜੰਸੀ ਹੈ। ਇਹ ਸਿਰਫ ਲੋਕਾਂ ਨੂੰ 'ਮੱਛਲੀ ਦੀ ਦਲੀਲ' ਜਾਂ ਮਤਸਨਿਆਂ ਤੋਂ ਹੀ ਨਹੀਂ ਬਚਾਉਂਦੀ (ਜਿਸ ਅਧੀਨ ਤਾਕਤਵਰ ਕਮਜ਼ੋਰ ਉੱਤੇ ਆਪਣੀ ਇੱਛਾ ਠੋਸਦੇ ਹਨ ਅਤੇ ਉਹਨਾਂ ਨੂੰ ਆਪਣੇ ਨਿੱਜੀ ਭਲੇ ਲਈ ਵਰਤਦੇ ਹਨ), ਬਲਕਿ ਉਹਨਾਂ ਨੂੰ ਦਰੁਸਤ ਵੀ ਕਰਦੀ ਹੈ। ਸ਼ੁਕਰਨੀਤੀ ਦੇ ਅਨੁਸਾਰ ਲੋਕ ਦੰਡ ਦੇ ਡਰ ਕਰਕੇ ਹੀ ਨੇਕ ਬਣਦੇ ਹਨ। ਦੰਡ ਨੂ ਸਾਰੇ ਸਦਾਚਾਰਾਂ ਦਾ ਮੁੱਖ ਸਰੋਤ ਮੰਨਿਆ ਗਿਆ ਕਿਉਂਕਿ ਦੰਡ ਦੀ ਯੋਗ ਤੇ ਸਹੀ ਮਾਤਰਾ ਵਿਚ ਵਰਤੋਂ ਕੀਤੇ ਬਗੈਰ ਰਾਜ-ਸ਼ਾਸਨ ਪ੍ਰਬੰਧ ਦੇ ਸਾਰੇ ਤੌਰ ਤਰੀਕੇ ਬੇਕਾਰ ਹੋ ਜਾਂਦੇ ਹਨ। ਪੱਛਮੀ ਚਿੰਤਨ ਵਿਚ ਪ੍ਰਚਲਿਤ ਦੰਡ ਦਾ ਸੁਧਾਰਮਈ ਸਿੱਧਾਂਤ ਭਾਰਤੀ ਵਿਚਾਰਾਂ ਦੇ ਬਹੁਤ ਨਜ਼ਦੀਕ ਹੈ, ਪਰ ਉਸ ਵਿਚ ਉਹ ਗਹਿਰਾਈ ਅਤੇ ਸੂਖਮਤਾ ਨਹੀਂ ਜੋ ਭਾਰਤੀ ਸਿਧਾਂਤ ਵਿਚ ਹੈ।

ਭੀਸ਼ਮ ਦੁਆਰਾ ਰਚਿਤ ਦੰਡ-ਨੀਤੀ ਦੀ ਧਾਰਣਾ ਦੇ ਵਿਕਾਸ ਦਾ ਇਕ ਵਿਸ਼ੇਸ਼ ਲੱਛਣ ਇਹ ਹੈ ਕਿ ਜਿਥੋਂ ਅਰਥ ਸ਼ਾਸਤਰ ਵਿਚਾਰਧਾਰਾ ਦੇ ਸਮਰਥਕ ਦੰਡ-ਨੀਤੀ ਦੇ ਵਿਗਿਆਨ ਨੂੰ ਮਨੁੱਖੀ ਅਧਿਆਪਕਾਂ ਦਾ ਕੰਮ

ਮੰਨਦੇ ਹਨ ਉਥੇ ਕੁਰੂ ਰਿਸ਼ੀ ਇਸ ਨੂੰ ਦੈਵੀ ਜਾਂ ਅਲੌਕਿਕ ਸਰੋਤ ਦੀ ਦੇਣ ਮੰਨਦੇ ਹਨ। ਸ਼ਾਹੀ ਸੱਤਾ ਸਭ ਤੋਂ ਪਹਿਲਾਂ ਕਦੋਂ ਹੋਂਦ ਵਿਚ ਆਈ, ਇਸ ਦੀ ਚਰਚਾ ਕਰਦੇ ਹੋਏ ਭੀਸ਼ਮ ਕਹਿੰਦਾ ਹੇ ਕਿ ਪਹਿਲਾਂ ਨਾ ਕੋਈ ਰਾਜਾ ਸੀ ਅਤੇ ਨਾ ਹੀ ਕੋਈ ਦੰਡ ਅਤੇ ਪ੍ਰਭੂਸੱਤਾ। ਲੋਕ ਦਿਆਨਤਦਾਰੀ ਨਾਲ ਰਹਿੰਦੇ ਸਨ ਅਤੇ ਇਕ ਦੂਜੇ ਨੂੰ ਸੁਰੱਖਿਆ ਪ੍ਰਦਾਨ ਕਰਦੇ ਸਨ। ਪਰ ਕੁਝ ਦੇਰ ਬਾਅਦ ਮਨੁੱਖਾਂ ਵਿਚ ਲਾਲਚ ਅਤੇ ਚੀਜ਼ਾਂ ਪ੍ਰਾਪਤ ਕਰਨ ਦੀ ਇੱਛਾ ਪ੍ਰਬਲ ਹੋ ਗਈ ਤਾਂ ਵੇਦ ਤੇ ਈਮਾਨਦਾਰੀ ਪੂਰਣ ਜੀਵਨ ਅਲੋਪ ਹੋ ਗਏ ਤਾਂ ਦੇਵਤੇ ਡਰ ਨਾਲ ਘਬਰਾਹਟ ਨਾਲ ਉਠੇ ਅਤੇ ਉਹਨਾਂ ਇਸ ਸੰਸਾਰ ਦੇ ਰਚਣਹਾਰੇ ਬ੍ਰਹਮਾ ਕੋਲੋਂ ਸੁਰੱਖਿਆ ਦੀ ਮੰਗ ਕੀਤੀ। ਉਹਨਾਂ ਨੇ ਇਹ ਸ਼ਿਕਾਇਤ ਕੀਤੀ ਕਿ ਉਹ ਬਹੁਤ ਦੁਖੀ ਹਨ ਕਿਉਂਕਿ ਧਰਤੀ ਉੱਤੇ ਮਨੁੱਖੀ ਜੀਵਾਂ ਨੇ ਨੇਕ ਕੰਮ ਕਰਨੇ ਅਤੇ ਉਹਨਾਂ ਨੂੰ ਨਮਸਕਾਰ ਕਰਨਾ ਛੱਡ ਦਿੱਤਾ ਹੈ। ਉਹਨਾਂ ਨੇ ਇਹ ਵੀ ਪ੍ਰਾਰਥਨਾ ਕੀਤੀ ਕਿ ਉਹ ਉਹਨਾਂ ਦੇ ਜੀਵਨ ਨੂੰ ਚੰਗੇਰੇ ਬਨਾਉਣ ਦੇ ਲਈ ਜੋ ਕੁਝ ਵੀ ਜ਼ਰੂਰੀ ਹੈ, ਕੀਤਾ ਜਾਏ। ਇਸ ਬੇਨਤੀ ਤੇ ਸ੍ਰੇਸ਼ਠ ਬ੍ਰਹਮਾ ਨੇ ਆਪਣੀ ਬੁੱਧਮਤਾ ਰਾਹੀਂ ਇਕ ਅਜਿਹੇ ਗ੍ਰੰਥ ਦੀ ਰਚਨਾ ਕੀਤੀ ਜਿਸ ਵਿਚ ਇਕ ਲੱਖ ਪਦ ਸਨ। ਇਹਨਾਂ ਵਿਚ ਇਕ ਚੰਗੇ ਅਤੇ ਖੁਸ਼ਹਾਲ ਜੀਵਨ ਲਈ ਲੋੜੀਂਦੇ ਗਿਆਨ ਨਾਲ ਸੰਬੰਧਿਤ ਹਰੇਕ ਵਿਸ਼ੇ ਉੱਤੇ ਚਰਚਾ ਸੀ। ਇਹ ਰਾਜਨੀਤੀ ਸ਼ਾਸਤਰ ਉੱਤੇ ਗ੍ਰੰਥ ਸੀ ਅਤੇ ਇਸ ਵਿਚ ਸਰਕਾਰ ਦੇ ਸਹੀ ਸੰਗਠਨ, ਹਥਿਆਰਬੰਦ ਫੌਜਾਂ, ਲੜਾਈ ਕਰਨ ਅਤੇ ਪਿਛਾਂਹ ਹੱਟਣ ਦੇ ਢੰਗ, ਹਥਿਆਰਾਂ ਦਾ ਗਿਆਨ ਅਤੇ ਉਨ੍ਹਾਂ ਦੀ ਸਹੀ ਢੰਗ ਨਾਲ ਸੰਭਾਲ, ਸੈਨਾ ਨੂੰ ਹੁਕਮ ਦੇਣ, ਫੌਜ ਨੂੰ ਪ੍ਰੋਤਸਾਹਿਤ ਕਰਨ ਦੇ ਤਰੀਕੇ, ਦੂਜੀਆਂ ਸ਼ਕਤੀਆਂ, ਦੁਸ਼ਮਣਾਂ, ਮਿੱਤਰਾ ਅਤੇ ਨਿਰਲੇਪ ਸ਼ਕਤੀਆਂ ਨਾਲ ਗਠਜੋੜ ਕਰਨ ਆਦਿ ਦਾ ਵੀ ਵਰਣਨ ਸੀ। ਇਸ ਵਿਚ ਉਹਨਾਂ ਗੁਣਾਂ ਦਾ ਵੀ ਵਰਣਨ ਸੀ ਜੋ ਕਿ ਰਾਜ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਜ਼ਰੂਰੀ ਹਨ ਅਤੇ ਉਹਨਾਂ ਬੁਰਾਈਆਂ ਦਾ ਵੀ ਜਿਸ ਕਰਕੇ ਰਾਜ ਦਾ ਪਤਨ ਹੁੰਦਾ ਹੈ। ਇਸ ਤਰ੍ਹਾਂ ਇਹ ਇਕ ਵਿਸਤ੍ਰਿਤ ਗ੍ਰੰਥ ਸੀ।

ਇਸ ਦੀ ਰਚਨਾ ਕਰਨ ਉਪਰੰਤ ਪਰਮਾਤਮਾ ਨੇ ਦੇਵਤਿਆਂ ਨੂੰ ਸੰਬੋਧਨ ਕਰਦੇ ਹੋਏ ਇਸ ਗ੍ਰੰਥ ਦੀ ਰਚਨਾ ਦਾ ਮਨੋਰਥ ਦੱਸਦੇ ਹੋਏ ਕਿਹਾ ਕਿ ਸੰਸਾਰ ਦੀ ਭਲਾਈ ਲਈ ਅਤੇ ਧਰਮ, ਅਰਥ ਅਤੇ ਕਾਮ ਦੀ ਸਹੀ ਮਾਤਰਾ ਵਿਚ ਸਥਾਪਨਾ ਦੇ ਲਈ ਉਸ ਨੇ ਇਸ ਵਿਗਿਆਨ ਦੀ ਰਚਨਾ ਕੀਤੀ ਹੇ। ਦੰਡ ਦੀ ਮਦਦ ਨਾਲ ਇਹ ਵਿਗਿਆਨ ਸੰਸਾਰ ਦੀ ਸੁਰੱਖਿਆ ਕਰਨ ਵਿਚ ਸਹਾਈ ਹੋਵੇਗਾ। ਇਨਾਮ ਅਤੇ ਦੰਡ ਦੀ ਵਿਵਸਥਾ ਰਾਹੀਂ ਇਹ ਵਿਗਿਆਨ ਮਨੁੱਖਾਂ ਉੱਤੇ ਲਾਗੂ ਕੀਤਾ ਜਾਵੇਗਾ ਅਤੇ ਇਸਨੂੰ ਦੰਡ ਨੀਤੀ ਦੇ ਨਾਂ ਨਾਲ ਜਾਣਿਆ ਜਾਵੇਗਾ।

ਲਾਰਡ ਸ਼ਿਵ ਨੇ ਇਸ ਵਿਗਿਆਨ ਦਾ ਅਧਿਐਨ ਕਰਕੇ ਇਸ ਵਿਚ ਮਹਾਰਤ ਹਾਸਿਲ ਕੀਤੀ। ਇਹ ਮਹਿਸੂਸ ਕਰਦੇ ਹੋਏ ਕਿ ਇਸ ਸਮੁੱਚੇ ਗਿਆਨ ਨੂੰ ਪ੍ਰਾਪਤ ਕਰਨ ਦੇ ਲਈ ਮਨੁੱਖੀ ਜੀਵਨ ਦਾ ਕਾਲ ਬਹੁਤ ਘੱਟ ਹੈ ਉਸ ਨੇ ਇਸ ਗਿਆਨ ਨੂੰ 10 ਹਜ਼ਾਰ ਪਦਾਂ ਵਿਚ ਸੰਕੁਚਿਤ ਕਰ ਦਿੱਤਾ। ਇੰਦਰ ਦੇ ਵਤੇ ਨੇ ਬਾਅਦ ਵਿਚ ਇਸ ਨੂੰ ਹੋਰ ਸੰਖੇਪ ਕਰਕੇ 3000 ਪਦਾਂ ਵਿਚ ਤਿਆਰ ਕੀਤਾ। ਅੰਤ ਵਿਚ ਕਾਵੀ ਨੇ ਇਸ ਨੂੰ ਇਕ ਹਜ਼ਾਰ ਪਦਾਂ ਵਿਚ ਸੰਖਿਪਤ ਕਰ ਦਿੱਤਾ। ਇਸ ਤਰ੍ਹਾਂ ਭੀਸ਼ਮ ਨੇ ਦੰਡਨੀਤੀ ਦੇ ਵਿਗਿਆਨ ਨੂੰ ਇਕ ਦੈਵੀ ਉਤਪੱਤੀ ਦੱਸਿਆ। ਸ਼ਿਵ, ਇੰਦਰ ਤੇ ਕਾਵੀ ਇਸ ਵਿਗਿਆਨ ਦੇ ਕੁਝ ਹੋਰ ਮੁੱਖ ਚਿੰਤਕ ਹਨ।

ਦੰਡ-ਨੀਤੀ ਦੇ ਅਰਥ ਦੇ ਵਿਕਾਸ ਵਿਚ ਭੀਸ਼ਮ ਦੀ ਦੇਣ ਬਹੁਤ ਮਹੱਤਵਪੂਰਣ ਹੈ। ਉਸ ਨੇ ਦੰਡ ਨੀਤੀ ਦਾ ਇਸ ਢੰਗ ਨਾਲ ਵਿਸਲੇਸ਼ਣ ਕੀਤਾ ਹੈ ਕਿ ਇਹ ਲਗਭਗ 'ਰਾਜ ਧਰਮ' ਦੇ ਸਮਰੂਪ ਹੀ ਜਾਪਣ ਲਗ ਪਈ ਹੈ। ਉਹ ਆਖਦਾ ਹੈ ਕਿ ਜਦੋਂ ਦੰਡ-ਨੀਤੀ ਗੁਆਚ ਜਾਂਦੀ ਹੈ ਤਾਂ ਰਾਜ ਧਰਮ ਵੀ ਅਲੋਪ ਹੋ ਜਾਂਦਾ ਹੈ ਅਤੇ ਸਾਰੇ ਲੋਕ ਪੀੜਿਤ ਹੋ ਜਾਂਦੇ ਹਨ ਕਿਉਂਕਿ ਅਜਿਹੀ ਸੂਰਤ ਵਿਚ ਰਾਜੇ ਦੁਰਾਚਾਰੀ

ਹੋ ਜਾਂਦੇ ਹਨ। ਦੂਜੇ ਪਾਸੇ ਜਦੋਂ ਰਾਜਾ ਦੰਡ-ਨੀਤੀ ਦੀ ਵਰਤੋਂ ਸਹੀ ਢੰਗ ਨਾਲ ਕਰਦਾ ਹੈ ਤਾਂ ਚਾਰੇ ਵਰਣ ਆਪਣੇ ਵਸ਼ਿਸ਼ਟ ਕਰਤੱਵ ਦੀ ਪਾਲਣਾ ਕਰਦੇ ਹਨ, ਆਪਣੀਆਂ ਹੱਦਾਂ ਵਿਚ ਰਹਿੰਦੇ ਹਨ ਅਤੇ ਧਰਮ ਦੇ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ। ਰਾਜ ਧਰਮ ਦੀ ਤਰ੍ਹਾਂ ਦੰਡ-ਨੀਤੀ ਦੀ ਸਹੀ ਵਰਤੋਂ ਵੀ ਲੋਕਾਂ ਦੀ ਭਲਾਈ ਅਤੇ ਸੁਰੱਖਿਆ ਯਕੀਨੀ ਬਣਾਉਂਦੀ ਹੈ ਅਤੇ ਉਹਨਾਂ ਨੂੰ ਵਿਅਕਤੀਗਤ ਰੂਪ ਵਿਚ ਆਪਣੇ ਕਰਤੱਵਾਂ ਦਾ ਪਾਲਣ ਕਰਨ ਵਿਚ ਮਦਦ ਕਰਦੀ ਹੈ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਦੰਡ-ਨੀਤੀ ਨੂੰ ਰਾਜ ਧਰਮ ਅਤੇ ਦੰਡ-ਨੀਤੀ ਦੀ ਸਹੀ ਵਰਤੋਂ ਕਰਕੇ ਰਾਜਾ ਉਸ ਯੁੱਗ ਦਾ ਨਿਰਮਾਤਾ ਬਣ ਜਾਂਦਾ ਹੈ। ਜਦੋਂ ਰਾਜਾ ਦੰਡ-ਨੀਤੀ ਨੂੰ ਪੂਰਨ ਤੌਰ ਤੇ ਲਾਗੂ ਕਰਦਾ ਹੈ ਤਾਂ ਯੁਗ 'ਸਤਯੁਗ ਜਾਂ ਕਰੇਤਾ' ਅਖਵਾਉਂਦਾ ਹੈ, ਜਦੋਂ ਤਿੰਨ ਚੌਥਾਈ ਤਾਂ 'ਤਰੇਤਾ'। ਜੇ ਰਾਜਾ ਦੰਡ-ਨੀਤੀ ਨੂੰ ਅੱਧੀ ਲਾਗੂ ਕਰਨ ਵਿਚ ਸਫ਼ਲ ਰਹਿੰਦਾ ਹੈ ਤਾਂ ਯੁਗ ਨੂੰ 'ਦਵਾਪਰ' ਕਿਹਾ ਜਾਂਦਾ ਹੈ ਜਦਕਿ 'ਕਲਯੁਗ' ਉਹ ਯੁਗ ਹੈ ਜਿਸ ਵਿਚ ਦੰਡ-ਨੀਤੀ ਬਿਲਕੁਲ ਅਲੋਪ ਹੋ ਜਾਂਦੀ ਹੈ।

ਦੰਡ ਵਿਅਕਤੀਗਤ ਸੁਰੱਖਿਆ ਅਤੇ ਸਮਾਜ ਦੀ ਸਥਿਰਤਾ ਨੂੰ ਯਕੀਨੀ ਬਣਾਉਂਦਾ ਹੈ। ਦੰਡ ਦੇ ਡਰ ਕਾਰਨ ਹੀ ਵਿਅਕਤੀ ਕਾਨੂੰਨਾਂ ਦੀ ਪਾਲਣਾ ਕਰਦਾ ਹੈ। ਜੇਕਰ ਦੰਡ ਅਲੋਪ ਹੋ ਜਾਵੇ ਤਾਂ ਸਹੀ ਅਤੇ ਗਲਤ ਵਿਚ, ਕਾਨੂੰਨੀ ਅਤੇ ਗੈਰ ਕਾਨੂੰਨੀ ਅਤੇ ਆਪਣੀ ਤੇ ਦੂਜਿਆਂ ਦੀ ਜਾਇਦਾਦ ਵਿਚ ਅੰਤਰ ਖਤਮ ਹੋ ਜਾਂਦਾ ਹੈ ਅਤੇ ਸਾਰੇ ਪਾਸੇ ਅਰਾਜਕਤਾ ਫੈਲ ਜਾਂਦੀ ਹੈ।

## ਸਾਰ

(1) ਮਹਾਂਭਾਰਤ ਤੇ ਕੌਟਲਿਆ ਦਾ ਅਰਥ ਸ਼ਾਸਤਰ-ਪ੍ਰਾਚੀਨ ਰਾਜਨੀਤਿਕ ਵਿਚਾਰਧਾਰਾ ਦੇ ਦੋ ਬਹੁਮੁੱਲੇ ਨਗੀਨੇ ਹਨ। ਉਹਨਾਂ ਦੋਹਾਂ ਦਾ ਬਹੁਤ ਸਾਰਾ ਵਿਸ਼ਾ ਵਸਤੂ ਸਾਂਝਾ ਹੈ ਜਿਵੇਂ ਰਾਜ ਧਰਮ ਅਤੇ ਅੰਤਰ-ਰਾਜੀ ਸੰਬੰਧਾਂ ਵਿਚ ਆਪਦਧਰਮ ਜਾਂ ਸੰਕਟ ਵਿਚ ਅਪਨਾਏ ਜਾਣ ਵਾਲੇ ਢੰਗਾਂ ਬਾਰੇ ਵਿਚਾਰ।

(2) ਰਾਜਾਂ ਦੀ ਸ਼੍ਰੇਣੀਵੰਡ-ਮਹਾਂਭਾਰਤ ਤੇ ਕੌਟਲਿਆ ਦੇ ਅਰਥ ਸ਼ਾਸਤਰ ਵਿਚ ਸਦਗੁਣ ਨੀਤੀ ਦੇ ਛੇ ਸੂਤਰਾਂ ਦਾ ਵਰਣਨ ਕੀਤਾ ਹੇ ਜਿਵੇਂ ਸੰਧੀ, ਵਿਗ੍ਰਹਿ ਯਾਨ, ਅਸਨ, ਸੰਸ੍ਰਯ ਤੇ ਦਵੈਧੀ ਭਾਵ।

(3) ਚਾਰ ਸੂਤਰੀ ਵਿਦੇਸ਼ੀ ਨੀਤੀ ਜਿਵੇਂ ਕਿ-ਸਾਮ, ਦਾਨ, ਭੇਦ ਦੇ ਦੰਡ-ਇਹਨਾਂ ਚਾਰ ਸੂਤਰੀ ਨੀਤੀਆਂ ਨੂੰ ਲਾਗੂ ਕਰਨਾ।

(4) ਮੰਡਲ ਦੀ ਧਾਰਨਾ ਅਤੇ ਇਸ ਦੀ ਮਹੱਤਤਾ-ਮੰਡਲ ਇਕ ਦਾਇਰਾ ਹੈ ਜਿਸ ਵਿਚ 12 ਕਿਸਮ ਦੇ ਰਾਜ ਹੁੰਦੇ ਹਨ ਜਿਹਨਾਂ ਦੇ ਮੁਖੀ 12 ਰਾਜੇ ਹੁੰਦੇ ਹਨ ਇਹ ਸ਼ਕਤੀ ਸੰਤੁਲਨ ਕਾਇਮ ਕਰਨ ਦਾ ਢੰਗ ਹੈ।

(5) ਕੂਟਨੀਤਿਕ ਪ੍ਰਤਿਨਿਧ-(ੳ) ਰਾਜਦੂਤ ਅਤੇ (ਅ) ਜਾਸੂਸ-ਰਾਜਦੂਤ। ਇਹ ਲਾਇਸੈਂਸ-ਸ਼ੁਦਾ ਤੇ ਖੁਲ੍ਹੇ ਜਾਸੂਸ ਹੁੰਦੇ ਹਨ ਅਤੇ ਇਹ ਵਿਦੇਸ਼ ਨੀਤੀ ਦੇ ਅਹਿਮ ਵਿਸ਼ਿਆਂ ਨਾਲ ਸੰਬੰਧਿਤ ਹੁੰਦੇ ਹਨ। ਜਾਸੂਸਾਂ ਤੋਂ ਵਿਦੇਸ਼ੀ ਰਾਜਾਂ ਬਾਰੇ ਵੱਧ ਤੋਂ ਵੱਧ ਸੰਭਵ ਜਾਣਕਾਰੀ ਪ੍ਰਾਪਤ ਕਰਨ ਦੀ ਆਸ ਕੀਤੀ ਜਾਂਦੀ ਹੈ। ਰਾਜਾਂ ਦਾ ਰਾਜਦੂਤਾਂ ਤੇ ਜਾਸੂਸਾਂ ਪ੍ਰਤਿ ਵਿਹਾਰ ਵੱਖ ਵੱਖ ਹੁੰਦਾ ਹੈ।

(6) ਵਿਦੇਸ਼ੀ ਮਾਮਲਿਆਂ ਲਈ ਆਚਰਣ ਸੰਹਿਤਾ-ਵੱਧ ਤੋਂ ਵੱਧ ਸ਼ਕਤੀਸ਼ਾਲੀ ਬਣਨ ਲਈ ਤੇ ਦੁਸ਼ਮਣ ਨੂੰ ਜਿੱਤਣ ਲਈ ਠੀਕ ਜਾਂ ਗਲਤ, ਉਚਿਤ ਜਾਂ ਅਨੁਚਿਤ ਢੰਗ ਨਾਲ ਅਪਣਾਏ ਜਾਂਦੇ ਹਨ; ਮਹਾਂਭਾਰਤ ਵਿਚ ਕਿਸੇ ਦੁਸ਼ਮਣ ਪ੍ਰਤਿ ਵਿਹਾਰ ਸੰਬੰਧੀ ਜਦੋਂ ਉਸ ਨੂੰ ਸਹਾਇਤਾ

ਦੀ ਲੋੜ ਹੋਵੇ, ਕੋਈ ਇਕਸਾਰਤਾ ਨਹੀਂ ਹੈ। ਮਹਾਂਭਾਰਤ ਤੇ ਮੈਕਾਇਵਲੀ, ਕੁਟਲਿਆ ਦੇ 'ਅਰਥਸ਼ਾਸਤਰ' ਤੇ ਮੈਕਾਇਵਲੀ ਦੇ 'ਪ੍ਰਿੰਸ ਵਿਚ ਮਹੱਤਵਪੂਰਣ ਸਮਾਨਤਾਵਾਂ ਹਨ।

(7) ਸਿੱਟਾ-ਮਹਾਂਭਾਰਤ ਤੇ ਕੌਟਲਿਆ ਦੇ ਅਰਥ ਸ਼ਾਸਤਰ ਵਿਚ ਦਾਰਸ਼ਨਿਕ ਪੱਖ ਤੋਂ ਅੰਤਰ-ਰਾਜੀ ਸੰਬੰਧਾਂ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਹੈ-ਦੋਹਾਂ ਦਾ ਹੀ ਮੱਤ ਹੈ ਕਿ ਸੰਕਟ ਦੇ ਜਾਂ ਆਪਦ ਦੇ ਆਪਣੇ ਹੀ ਨੈਤਿਕ ਨਿਯਮ ਹਨ ਪਰ ਇਹਨਾਂ ਵਿਚੋਂ ਕੋਈ ਵੀ ਮੈਕਾਇਵਲੀ ਵਾਂਗ ਹਮੇਸ਼ਾਂ ਹੀ ਰਾਜਨੀਤੀ ਲਈ ਨੈਤਿਕਤਾ ਨੂੰ ਕੁਰਬਾਨ ਕਰਨ ਲਈ ਤਿਆਰ ਨਹੀਂ ਹੈ।

## BOOKS CONSULTED


1. Ghoshal, U.N. : A History of Indian Political Ideas, Oxford University Press, 1959.
2. Ghoshal, U.N. : A History of Indian Public Life, Vol. II (the Pre-Maurya and the Mauryan Period) Oxford University Press, 1966.
3. Jauhari, Manorma : Politics and Ethics in Ancient India, Bharatiya Vidya Parkasan, Varanasi, 1968.
4. Altekar, A.S. : State and Government in Ancient In dia-Moti LalBanarsidas, Delhi, 1958.
5. Beni Prasad : Theory of Government in Ancient India, Central Book Depot, Allababad, 1968.
6. M.M. Sankndhar : Reflections on Indian Politics, Kumar Brothers, Delhi, 1973.

**ਪਾਠ ਨੰਬਰ : 1.4** **ਲੇਖਕ : ਡਾ.ਜਗਰੂਪ ਕੌਰ**

# ਮਨੂੰ : ਜੀਵਨ ਅਤੇ ਉਸ ਦੀ ਵਿਚਾਰਧਾਰਾ

ਭਾਰਤੀ ਰਾਜਨੀਤਿਕ ਵਿਚਾਰਧਾਰਾ ਦਾ ਇਤਿਹਾਸ ਵਿਸ਼ਵ ਦੇ ਰਾਜਨੀਤਿਕ ਦਰਸ਼ਨ ਦਾ ਮਾਰਗ ਦਰਸ਼ਨ ਕਰਦਾ ਹੈ। ਵੇਦ, ਪੁਰਾਣ, ਉਪਨਿਸ਼ਦ, ਸਿਮ੍ਰਿਤੀ ਅਤੇ ਮੀਮਾਸਾਂ ਗ੍ਰੰਥਾਂ ਵਿਚ ਮਾਨਵ ਜੀਵਨ ਦਾ ਸਰਬ-ਵਿਵੇਚਨ ਕਰਦੇ ਹੋਏ ਸੰਭਾਵੀ ਸਰਬਪ੍ਰਥਮ ਰਾਜਨੀਤਿਕ ਦਰਸ਼ਨ ਦਾ ਆਰੰਭ ਭਾਰਤਵਰਸ਼ ਦੇ ਨਾਮੀ ਰਾਜਨੀਤਿਕ ਚਿੰਤਕਾਂ ਨੇ ਕੀਤਾ। ਹਿੰਦੂਆਂ ਦਾ ਕਾਨੂੰਨੀ ਸਾਹਿਤ ਤਿੰਨ ਵਰਗਾਂ ਵਿੱਚ ਵੰਡਿਆ ਹੋਇਆ ਹੈ — ਧਰਮ ਸੂਤਰ, ਧਰਮ ਸ਼ਾਸਤਰ ਅਤੇ ਟੀਕੇ। ਉਪਰੋਕਤ ਤਿਨਾਂ ਵਰਗਾਂ ਵਿਚ ਧਰਮ ਸ਼ਾਸਤਰ ਦਾ ਮਹੱਤਵ ਬਹੁਤ ਜ਼ਿਆਦਾ ਹੈ ਅਤੇ ਧਰਮ ਸ਼ਾਸਤਰ ਵਿੱਚ ਸਰਬ ਪ੍ਰਮੁੱਖ ਸਥਾਨ ਮਨੂੰ-ਸਿਮ੍ਰਿਤੀ ਅਤੇ ਮਾਨਵ ਧਰਮ ਸ਼ਾਸਤਰ ਦਾ ਹੈ ਜਿਸਦੇ ਰਚਨਹਾਰ ਮਨੂੰ ਹਨ। ਮਨੂੰ ਸਿਮ੍ਰਿਤੀ ਨੂੰ ਹਿੰਦੂ ਕਾਨੂੰਨ ਦੀ ਪੂਰਨ ਵਿਵਸਥਾ ਦੀ ਆਧਾਰ ਸ਼ਿਲਾ ਮੰਨਿਆ ਜਾਂਦਾ ਹੈ ਅਤੇ ਹਿੰਦੂਆਂ ਦੇ ਸਾਧਾਰਨ ਅਤੇ ਵਿਧੀ ਸਾਹਿਤ ਵਿਚ ਵੀ ਇਸ ਨੂੰ ਸਰਬ ਸੰਮਤੀ ਨਾਲ ਸਰਬ ਉੱਚ ਗ੍ਰੰਥ ਮੰਨਿਆ ਜਾਂਦਾ ਹੈ। ਮਨੂੰ ਸਿਮ੍ਰਿਤੀ ਸਿਰਫ ਧਰਮ ਸ਼ਾਸਤਰ ਹੀ ਨਹੀਂ ਬਲਕਿ ਇਕ ਐਸਾ ਗ੍ਰੰਥ ਹੈ ਜਿਸ ਵਿਚ ਮਨੁੱਖ ਦੇ ਪੂਰਨ ਸਮਾਜਿਕ ਜੀਵਨ ਦੀ ਵਿਵਸਥਾ ਬਿਆਨ ਕੀਤੀ ਗਈ ਹੈ। ਮੂਲ ਰੂਪ ਵਿਚ ਮਨੂੰ ਨੇ ਸਮਾਜਕ ਜੀਵਨ ਦੇ ਉਹਨਾਂ ਸਿਧਾਂਤਾਂ ਦਾ ਵਰਣਨ ਕੀਤਾ ਗਿਆ ਹੈ, ਜਿਨ੍ਹਾਂ ਨੂੰ ਹਰ ਕਾਲ ਅਤੇ ਦੇਸ਼ ਵਿਚ ਲਾਗੂ ਕੀਤਾ ਜਾਂਦਾ ਰਿਹਾ ਹੈ। ਵਾਸਤਵ ਵਿਚ ਇਹ ਸਿੱਧਾਂਤ ਦੇਸ਼ ਅਤੇ ਕਾਲ ਦੀ ਸੀਮਾ ਤੋਂ ਪਰੇ ਹਨ ਤੇ ਸਰਬ ਵਿਆਪੀ ਹਨ। ਮਨੂੰ ਦੁਆਰਾ ਰਚਿਤ ਮਨੂੰ ਸਿਮ੍ਰਿਤੀ ਨੂੰ ਸਾਰੇ ਭਾਰਤ ਵਿਚ ਮਾਨਤਾ ਪ੍ਰਾਪਤ ਹੈ। ਮਨੂੰ-ਸਿਮ੍ਰਿਤੀ ਵਿਚ ਮਾਨਵ ਧਰਮ, ਹਿੰਦੂ ਜੀਵਨ ਦਰਸ਼ਨ, ਸਮਾਜ ਸ਼ਾਸਤਰ, ਵਿਧੀ ਸ਼ਾਸਤਰ, ਸੰਵਿਧਾਨ ਅਤੇ ਰਾਜਨੀਤੀ ਸ਼ਾਸਤਰ ਦੇ ਵਿਸ਼ਿਆਂ ਦੀ ਸ੍ਰੇਸ਼ਟ ਪ੍ਰਮਾਣਿਕ ਸਾਮੱਗਰੀ ਉਪਲੱਬਧ ਹੈ।

## ਮਨੂੰ ਦੇ ਜੀਵਨ ਸੰਬੰਧੀ ਜਾਣ-ਪਛਾਣ:

ਪੁਰਾਣਾਂ ਅਨੁਸਾਰ ਮਨੂੰ ਨੂੰ ਮਨੁੱਖ ਜਾਤੀ ਦਾ ਜਨਕ ਅਤੇ ਪਹਿਲਾ ਨਿਆਂਕਾਰ ਮੰਨਿਆ ਜਾਂਦਾ ਹੈ। ਰਿਗਵੇਦ ਵਿੱਚ ਬਾਰ-ਬਾਰ ਮਨੂੰ ਨੂੰ ਮਾਨਵੀ ਸਰਿਸ਼ਟੀ ਦਾ ਪਰਿਵਰਤਕ ਅਤੇ ਸਮੁੱਚੀ ਮਾਨਵ ਜਾਤੀ ਦਾ ਪਿਤਾ ਕਿਹਾ ਗਿਆ ਹੈ। ਮਨੂੰ ਦੇ ਬਾਰੇ ਇਹ ਜਾਣਕਾਰੀ ਥੋੜ੍ਹੇ ਬਹੁਤ ਅੰਤਰ ਨਾਲ ਸਾਰੇ ਹੀ ਧਰਮ ਗ੍ਰੰਥਾਂ ਵਿਚ ਮਿਲਦੀ ਹ। ਅਸਲ ਵਿਚ ਮਨੂੰ ਸ਼ਬਦ 'ਮਨਨ' ਸ਼ਬਦ ਤੋਂ ਬਣਿਆ ਹੈ। ਤੇਤਰੀ ਸਹਿਤਾਂ ਵਿਚ ਮਨੁੱਖ ਜਾਤੀ ਨੂੰ ਮਨੂੰ ਦੀ ਸੰਤਾਨ ਕਿਹਾ ਗਿਆ ਹੈ। ਉਹ ਯੱਗ (ਹਵਨ) ਦੀ ਸ਼ੁਰੂਆਤ ਕਰਨ ਵਾਲਾ ਸੰਸਾਰ ਦਾ ਪਹਿਲਾ ਹਵਨ ਕਰਤਾ ਹੈ। ਪੁਰਾਣਾਂ ਵਿਚ ਉਸ ਨੂੰ ਸੂਰਜ ਦਾ ਪੁੱਤਰ ਅਤੇ ਪਹਿਲਾ ਰਾਜਾ ਮੰਨਿਆ ਗਿਆ ਹੈ। ਮਨੂੰ ਦਾ ਕਾਲ ਮਹਾਂਭਾਰਤ ਦੇ ਕਾਲ ਤੋਂ 25 ਪੀੜ੍ਹੀਆਂ ਪਹਿਲਾਂ ਮੰਨਿਆ ਜਾਂਦਾ ਹੈ। ਪੁਰਾਣਾਂ ਵਿਚ ਇਹ ਜ਼ਿਕਰ ਮਿਲਦਾ ਹੈ ਕਿ ਮਨੂੰ ਇਕ ਨਹੀਂ, 14 ਹੋਏ ਹਨ। ਅਸਲ ਵਿਚ ਇੰਝ ਲਗਦਾ ਹੈ ਕਿ ਆਦਿਪੁਰਖ ਮਨੂੰ ਦੇ ਨਾਂ ਤੇ ਇਕ ਲੜੀ ਚਲਾਈ ਗਈ ਜਿਹੜੀ ਚਲਦੀ ਹੀ ਰਹੀ ਹੋਵੇਗੀ।

ਜਿਸ ਤਰ੍ਹਾਂ ਇੰਗਲੈਂਡ ਦੇ ਰਾਜਿਆਂ ਦੀ ਨਿਰੰਤਰ (ਲਗਾਤਾਰ) ਚੱਲੀ ਆ ਰਹੀ ਇਕ ਲੜੀ ਨੂੰ 'ਕਾਨੂੰਨ' ਕਿਹਾ ਜਾਂਦਾ ਹੈ ਜਾਂ ਸ਼ੰਕਰਾਚਾਰਿਆ ਮਤ ਦੇ ਸਾਰੇ ਅਨੁਯਾਈ ਸ਼ੰਕਰਾਚਾਰਿਆ ਹੀ ਅਖਵਾਉਂਦੇ ਹਨ, ਉਸੇ ਤਰ੍ਹਾਂ ਮੁੱਢਲੇ ਤੇ ਵਿਕਸਿਤ ਹੋ ਰਹੇ ਸਾਰੇ ਮਨੁੱਖੀ ਸਮਾਜ ਦੇ ਹਰੇਕ ਪ੍ਰਤਿਨਿੱਧ ਨੂੰ 'ਮਨੂੰ' ਹੀ ਕਹਿ ਕੇ ਸੱਦਿਆ ਜਾਂਦਾ ਹੋਵੇਗਾ।

ਮਨੁੱਖੀ ਧਰਮ ਸ਼ਾਸਤਰ (ਮਨੂੰ ਸਿਮਰਿਤੀ) ਦੇ ਰਚਨਾਕਾਰ ਨਿਸ਼ਚਿਤ ਤੌਰ ਤੇ ਪਹਿਲਾਂ ਮਨੂੰ ਨਹੀਂ ਸੀ ਜਿਸ ਦਾ ਵਰਣਨ ਮਾਨਵ ਜਾਤੀ ਦੇ ਪਹਿਲੇ ਦੰਪਤੀ (ਜੋੜੇ) ਦੇ ਰੂਪ ਵਿਚ ਕੀਤਾ ਜਾਂਦਾ ਹੈ ਕਿਉਂਕਿ ਉਹ ਤਾਂ ਇਸ ਸਮਾਜ ਵਿਵਸਥਾ ਦੇ ਮੋਢੀ ਹੀ ਹਨ। ਪਰ ਮਨੂੰ ਸਿਮਰਿਤੀ ਵਿਚ ਸਮਾਜ ਵਿਵਸਥਾ ਦੇ ਜਿਸ ਵਿਆਪਕ ਰੂਪ ਦਾ ਚਿਤਰਨ ਕੀਤਾ ਗਿਆ ਹੈ, ਉਹ ਰਾਜ ਸੰਸਥਾ ਦੇ ਪੂਰਨ ਵਿਕਾਸ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ। ਇਸ ਲਈ ਨਿਸ਼ਚਿਤ ਰੂਪ ਵਿਚ ਮਨੂੰ ਸਮਿਰਤੀ ਦੀ ਰਚਨਾ 'ਮਨੂੰਆ' ਦੀ ਇਕ ਲੰਬੀ ਕੜੀ ਨੇ ਕੀਤੀ ਹੈ। ਜਨਮਤ ਦੇ ਆਧਾਰ ਤੇ ਮਨੂੰ ਨੂੰ ਬ੍ਰਹਮਾ ਦਾ ਪੁੱਤਰ ਦੱਸਿਆ ਗਿਆ ਹੈ। ਪੁਰਾਣਾਂ ਵਿਚ ਇਹ ਵਰਣਨ ਮਿਲਦਾ ਹੈ ਕਿ ਜਦੋਂ ਸਮੁੰਦਰ ਮੰਥਨ ਦੇ ਸਮੇਂ ਸਾਰਾ ਸੰਸਾਰ ਨਸ਼ਟ ਹੋ ਗਿਆ ਤਾਂ ਉਸ ਵੇਲੇ ਕਿਸ਼ਤੀ ਵਿਚ ਬੈਠੇ ਮਨੂੰ ਤੇ ਉਹਨਾਂ ਦੀ ਪਤਨੀ ਸ਼ਤਰੂਪਾ ਹੀ ਬਚ ਸਕੇ। ਇਹਨਾਂ ਦੋਹਾਂ ਦੇ ਮਿਲਾਪ ਸਦਕਾ ਦੋ ਪੁੱਤਰ ਤੇ ਤਿੰਨ ਪੁੱਤਰੀਆਂ ਪੈਦਾ ਹੋਈਆਂ। ਉਹਨਾਂ ਦੇ ਪਹਿਲੇ ਪੁੱਤਰ ਪ੍ਰਿਯਵ੍ਰਤ ਦੇ ਵੰਸ਼ ਵਿਚ ਰਿਸ਼ਭਦੇਵ ਅਤੇ ਭਰਤ ਆਦਿ ਹੋਏ ਜਿਨ੍ਹਾਂ ਦੇ ਨਾਂ ਤੇ ਇਸ ਦੇਸ਼ ਦਾ ਨਾਂ ਭਾਰਤ ਰੱਖੇ ਜਾਣ ਦਾ ਅਨੁਮਾਨ ਲਾਇਆ ਜਾਂਦਾ ਹੈ। ਉਹਨਾਂ ਦੇ ਦੂਜੇ ਪੁੱਤਰ ਤੇ ਪੁੱਤਰੀਆਂ ਦੇ ਕੁੱਲ ਵਿਚ ਹੀ ਮਹਾਨ ਰਿਸ਼ੀ ਤੇ ਬਲਸ਼ਾਲੀ ਯੋਧੇ ਹੋਏ। ਇਸ ਤਰ੍ਹਾਂ ਮਨੂੰ ਦੀਆਂ ਸੰਤਾਨਾਂ ਤੋਂ ਮਨੁੱਖੀ ਪਰਿਵਾਰ ਦਾ ਵਾਧਾ ਹੁੰਦਾ ਚਲਿਆ ਗਿਆ ਤੇ ਸਾਰੀ ਮਨੁੱਖ ਜਾਤੀ ਉਹਨਾਂ ਦੇ ਹੀ ਪਰਿਵਾਰ ਦਾ ਅੰਸ਼ ਹੈ।

ਮਨੂੰ ਦੇ ਯੁੱਗ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਬੜਾ ਮਤਭੇਦ ਪਾਇਆ ਜਾਂਦਾ ਹੈ। ਕੁੱਝ ਵਿਦਵਾਨਾਂ ਦਾ ਮਤ ਹੈ ਕਿ ਮਨੂੰ ਸਮ੍ਰਿਤੀ ਮਾਨਵ ਸੱਭਿਅਤਾ ਦੇ ਆਰੰਭ ਵਿਚ ਲਿਖਿਆ ਗਿਆ ਗ੍ਰੰਥ ਹੈ, ਜਦਕਿ ਕੁੱਝ ਹੋਰ ਈਸਾ ਤੋਂ ਸਦੀਆਂ ਬਾਅਦ ਲਿਖਿਆ ਗ੍ਰੰਥ ਮੰਨਦੇ ਹਨ। ਉਦਾਹਰਣ ਵਜੋਂ ਸਰ ਵਿਲਿਅਮ ਜੋਨਜ਼ 1200 ਸਦੀ ਈਸਾ ਪੂਰਬ ਨੂੰ ਮਨੂੰ ਸਮ੍ਰਿਤੀ ਦਾ ਕਾਲ ਮੰਨਦੇ ਹਨ, ਜਦਕਿ ਭੰਡਾਰਕਰ ਅਨੁਸਾਰ ਇਹ ਮੱਧ 200 ਈਸਵੀ ਤੋਂ ਲੈ ਕੇ 500 ਈਸਵੀ ਤੱਕ ਦੀ ਰਚਨਾ ਹੈ। ਹਾਪਕਿਨਜ਼ ਅਨੁਸਾਰ ਇਹ ਈਸਾ ਕਾਲ ਦੇ ਆਰੰਭ ਜਾਂ ਇਸ ਤੋਂ ਕੁੱਝ ਪਹਿਲਾਂ ਦੀ ਰਚਨਾ ਹੈ। ਜਿਵੇਂ ਕਿ ਅਸੀਂ ਪਿੱਛੇ ਚਰਚਾ ਕਰ ਆਏ ਹਾਂ 'ਮਨੂੰ' ਭਾਰਤੀ ਰਾਜਨੀਤਿਕ ਵਿਚਾਰਧਾਰਾ ਵਿਚ ਆਦਿ ਕਾਲ ਵਿਚ ਚਿੰਨ੍ਹ ਜਾਂ symbol ਵਜੋਂ ਸੀ। ਸੋ ਡਾ. ਜਾਇਸਵਾਲ ਦਾ ਵਿਚਾਰ ਠੀਕ ਜਾਪਦਾ ਹੈ ਕਿ ਮਨੂੰ ਸਮ੍ਰਿਤੀ ਦਾ ਲੇਖਕ ਸੁਮਤੀ ਭਾਰਗਵ ਸੀ, ਜਿਸ ਨੇ ਇਹ ਰਚਨਾ 200 ਈਸਵੀ ਵਿਚ ਕੀਤੀ, ਕਿਉਂਕਿ ਉਸ ਨੇ ਮਨੂੰ ਦੁਆਰਾ ਦਿੱਤੇ ਵਿਚਾਰਾਂ ਨੂੰ ਹੀ ਸੰਕਲਿਤ ਤੇ ਵਿਵਸਥਿਤ ਕਰਕੇ ਪੇਸ਼ ਕੀਤਾ। ਇਸ ਲਈ ਉਸ ਨੇ ਆਪਣੇ ਗ੍ਰੰਥ ਦਾ ਨਾਂ 'ਮਨੂੰ ਸਮ੍ਰਿਤੀ' ਰੱਖਿਆ। ਸੋ ਇਸ ਪੱਖ ਤੋਂ ਅਸੀਂ ਇਸ ਨੂੰ 200 ਈਸਵੀ ਦੀ ਰਚਨਾ ਕਹਿ ਸਕਦੇ ਹਾਂ ਅਤੇ ਕੌਟਲਿਆ ਦੇ ਅਰਥ ਸ਼ਾਸਤਰ ਤੋਂ ਬਾਅਦ ਚੌਥੀ ਸਦੀ ਈਸਾ ਪੂਰਵਕਾਲ ਦੀ ਰਚਨਾ ਹੈ। ਭਾਰਤੀ ਸਾਹਿਤ ਵਿਚ ਮਨੂੰ ਦੇ ਸ਼ਾਸਨ ਨੂੰ ਇਕਮਤ ਨਾਲ ਆਦਰਸ਼ ਸ਼ਾਸਨ ਮੰਨਿਆ ਜਾਂਦਾ ਹੈ। ਕਾਲੀਦਾਸ ਆਪਣੇ 'ਰਘੁਵੰਸ਼' ਵਿਚ ਲਿਖਦੇ ਹਨ ਕਿ ''ਰਘੁਵੰਸ਼ੀ ਰਾਜਾ ਮਨੂੰ ਦੁਆਰਾ ਦੱਸੀ ਗਈ ਪੱਧਤੀ ਦੇ ਆਧਾਰ ਤੇ ਸ਼ਾਸਨ ਕਰਦੇ ਹਨ, ਉਹ ਉਸ ਤੋਂ ਜ਼ਰਾ ਵੀ ਇਧਰ-ਉਧਰ ਨਹੀਂ ਸਨ ਹੁੰਦੇ।''

**ਮਨੂੰ ਸਿਮਰਤੀ ਦੀ ਵਿਸ਼ਾ ਸਮੱਗਰੀ ਅਤੇ ਮਹੱਤਵ :**

ਮਨੂੰ ਸਿਮਰਤੀ ਵਿਚ ਬਾਰਾਂ ਅਧਿਆਇ ਅਤੇ 2694 ਸ਼ਲੋਕ ਹਨ, ਜਿਸ ਵਿਚ ਵਰਣਿਤ ਵਿਸ਼ੇ ਇਸ ਪ੍ਰਕਾਰ ਹਨ — ਪਹਿਲੇ ਅਧਿਆਇ ਵਿਚ ਸੰਸਾਰ ਦੀ ਉਤਪੱਤੀ ਅਤੇ ਸੰਸਕਾਰਾਂ ਦੀਆਂ ਵਿਧੀਆਂ ਦਾ ਵਰਣਨ ਹੈ, ਦੂਜੇ ਅਧਿਆਇ ਵਿਚ ਧਰਮ ਉਪਦੇਸ਼, ਚੰਗਾ ਚਾਲ-ਚਲਨ ਅਤੇ ਚਾਰਾਂ ਵਰਣਾਂ ਜਾਂ ਆਸ਼ਰਮਾਂ ਦਾ ਵਰਣਨ ਹੈ, ਤੀਸਰੇ ਅਧਿਆਇ ਵਿਚ ਪੰਜ ਮਹਾਂ ਯੱਗ ਅਤੇ ਨਿਤਯ ਸ਼ਰਾਧ ਵਿਧੀ ਦਾ ਵਰਣਨ ਹੈ, ਚੌਥੇ ਅਧਿਆਇ ਵਿਚ ਗ੍ਰਹਿਸਥ ਦੇ ਨਿਯਮਾਂ ਅਤੇ ਮਨੁੱਖ ਦੇ ਰੋਜ਼ਾਨਾਂ ਕਾਰਜਾਂ ਦਾ ਵਰਣਨ ਹੈ। ਪੰਜਵੇਂ ਅਧਿਆਇ ਵਿਚ ਖਾਣ ਅਤੇ ਨਾ ਖਾਣ ਯੋਗ ਪਦਾਰਥਾਂ ਦਾ, ਛੇਵੇਂ ਅਧਿਆਇ ਵਿੱਚ ਵਾਨ ਪ੍ਰਸਥ ਅਤੇ ਸੰਨਿਆਸ ਧਰਮ ਦੇ ਨਿਯਮਾਂ ਦਾ ਵਰਣਨ ਕੀਤਾ ਗਿਆ ਹੈ। ਰਾਜ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਮਨੂੰ ਸਮਿਰਤੀ ਦੇ ਸਤਵੇਂ ਅਤੇ ਅੱਠਵੇਂ ਅਧਿਆਇ ਦਾ ਉਪਭੋਗ ਸਭ ਤੋਂ ਵੱਧ ਹੈ। ਸੱਤਵੇਂ ਅਧਿਆਇ ਦੇ ਅੰਤਰਗਤ ਰਾਜ ਧਰਮ, ਰਾਜੇ ਦੀ ਜ਼ਰੂਰਤ, ਰਾਜ ਨਿਯਮ, ਰਾਜੇ ਦਾ ਕਰਤੱਵ, ਮੰਤਰੀ ਮੰਡਲ ਅਤੇ ਸੈਨਾ ਸੰਗਠਨ ਆਦਿ ਵਿਸ਼ਿਆਂ ਦਾ ਵਰਣਨ ਕੀਤਾ ਗਿਆ ਹੈ। ਅਠਵੇਂ ਅਧਿਆਇ ਵਿੱਚ ਨਿਆਂ ਸੰਗਠਨ ਅਤੇ ਉਸ ਦੀ ਕਾਰਜ ਪੱਧਤੀ ਦੇ ਵਿਸ਼ੇ ਤੇ ਪ੍ਰਕਾਸ਼ ਪਾਇਆ ਗਿਆ ਹੈ। ਇਹਨਾਂ ਵਿਸ਼ਿਆਂ ਵਿਚ ਮੁਕੱਦਮਿਆਂ ਦੀ ਛਾਣ-ਬੀਣ, ਦੰਡ, ਨਿਯਮ ਗਲਤ ਗਵਾਹੀ ਅਤੇ ਗਵਾਹ ਦੇ ਅਪਰਾਧ ਅਤੇ ਹਰ ਕਿਸਮ ਦੇ ਅਪਰਾਧਾਂ ਦਾ ਉਲੇਖ ਕੀਤਾ ਗਿਆ ਹੈ। ਅਧਿਆਇ ਨੌਂ ਵਿੱਚ ਇਸਤਰੀ ਧਰਮ (ਫਰਜ਼) ਦਾ ਵਰਣਨ ਹੈ। ਅਧਿਆਇ ਦਸ ਵਿਚ ਸੰਕਟ ਕਾਲ ਦੇ ਫਰਜ਼ ਅਤੇ ਧਰਮ, ਅਧਿਆਇ ਗਿਆਰਾਂ ਅਤੇ ਬਾਰਾਂ ਵਿਚ ਪਾਪ ਤੋਂ ਛੁਟਕਾਰੇ ਲਈ ਪਸ਼ਚਾਤਾਪ ਅਤੇ ਮੁਕਤੀ ਆਤਮ ਗਿਆਨ ਆਦਿ ਵਿਸ਼ਿਆਂ ਦਾ ਵਰਣਨ ਹੈ।

**ਮਨੂੰ ਦਾ ਸਮਾਜ ਦਰਸ਼ਨ:** ਮਨੂੰ ਇਕ ਮਹਾਨ ਸਮਾਜ ਸ਼ਾਸਤਰੀ ਵੀ ਸੀ ਕਿਉਂਕਿ ਉਸ ਦਾ ਗ੍ਰੰਥ ਮਨੂੰ ਸਿਮਿਰਤੀ ਸਮਾਜ ਨੂੰ ਇਕ ਸੰਗਠਿਤ ਸਮਾਜ ਵਿਵਸਥਾ ਪ੍ਰਦਾਨ ਕਰਦਾ ਹੈ।

**ਸਮਾਜ ਦੇ ਵਰਗਾਂ ਦੀ ਈਸ਼ਵਰੀ ਰਚਨਾ (Divine Creation of Social Classes):** ਜਗਤ ਸ੍ਰਿਸ਼ਟੀ ਕਰਤਾ ਬ੍ਰਹਮਾ ਨੇ ਧਰਤੀ ਅਤੇ ਅਕਾਸ਼ ਆਦਿ ਲੋਕਾਂ ਦੀ ਰਚਨਾ ਕਰਕੇ ਬਨਸਪਤੀ ਅਤੇ ਵਿਭਿੰਨ ਪ੍ਰਕਾਰ ਦੇ ਜੀਵ ਜੰਤੂਆਂ ਨੂੰ ਪੈਦਾ ਕੀਤਾ। ਲੋਕ ਕਲਿਆਣ ਅਤੇ ਵਿਕਾਸ ਦੀ ਦ੍ਰਿਸ਼ਟੀ ਤੋਂ ਉਹਨਾਂ ਨੇ ਆਪਣੇ ਮੂੰਹ ਤੋਂ ਬ੍ਰਾਹਮਣ, ਬਾਹਾਂ ਤੋਂ ਖੱਤਰੀ, ਪੱਟਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਨੂੰ ਪੈਦਾ ਕੀਤਾ। ਬ੍ਰਹਮਾ ਨੇ ਆਪ ਇਹਨਾਂ ਚਾਰਾਂ ਵਰਗਾਂ ਦੇ ਗੁਣ ਨਿਰਧਾਰਿਤ ਕੀਤੇ। ਇਹ ਵਰਣ ਵਿਵਸਥਾ ਆਰੀਆ ਜਾਤੀ ਦੇ ਕਿੱਤਿਆਂ ਅਤੇ ਆਰਥਕ ਜੀਵਨ ਦਾ ਆਧਾਰ ਸੀ।

**ਵਰਣ ਵਿਵਸਥਾ:**ਕੰਮ ਦੀ ਵੰਡ ਅਤੇ ਕਾਰਜ ਵਿਸ਼ੇਸ਼ੀਕਰਨ, ਵਰਣ ਵਿਵਸਥਾ ਦਾ ਆਧਾਰ ਸੀ। ਮਨੂੰ ਸਿਮ੍ਰਿਤੀ ਵਿਚ ਧਰਮ ਅਤੇ ਕਰਮ ਦੇ ਆਧਾਰ ਤੇ ਸਮਾਜ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ। ਇਹਨਾਂ ਨੂੰ ਵਰਣ ਕਿਹਾ ਜਾਂਦਾ ਹੈ। ਹਰ ਵਰਣ ਦਾ ਕਾਰਜ ਪਹਿਲਾਂ ਹੀ ਨਿਰਧਾਰਿਤ ਸੀ। ਸਮਾਜ ਦੇ ਚਾਰੇ ਵਰਣ ਆਸ਼ਰਮ, ਵੰਡ ਅਤੇ ਕਾਰ ਵਿਸ਼ੇਸ਼ੀਕਰਣ ਦੇ ਆਧਾਰ ਤੇ ਆਪਣੇ ਨਿਰਧਾਰਿਤ ਕਰਤੱਵਾਂ ਨੂੰ ਸੰਪਾਦਿਤ ਕਰਦੇ ਸਨ। ਬ੍ਰਾਹਮਣ ਦੇ ਛੇ ਕਰਮ ਸਨ ਭਾਵ ਅਧਿਐਨ ਕਰਨਾ, ਅਧਿਆਪਨ ਦੁਆਰਾ ਸਮਾਜ ਨੂੰ ਗਿਆਨ ਪ੍ਰਦਾਨ ਕਰਨਾ, ਯੱਗ ਕਰਨਾ ਅਤੇ ਕਰਵਾਉਣਾ, ਦਾਨ ਲੈਣਾ ਅਤੇ ਦੇਣਾ। ਖੱਤਰੀ ਦਾ ਕੰਮ ਪਰਜਾ ਦੀ ਰੱਖਿਆ ਸੀ। ਉਹ ਅੰਗ ਸ਼ਾਸਤਰ ਧਾਰਨ ਕਰਦੇ ਸਨ। ਦਾਨ ਦਿੰਦੇ ਅਤੇ ਯੱਗ ਕਰਦੇ ਸਨ। ਵੈਸ਼ ਵਰਗ ਦਾ ਕੰਮ ਪਸ਼ੂ ਪਾਲਣ, ਖੇਤੀ ਬਾੜੀ ਅਤੇ ਵਪਾਰ ਕਰਨਾ, ਯੱਗ ਕਰਨਾ, ਪੜ੍ਹਣਾ ਦਾਨ ਦੇਣਾ ਆਦਿ ਸਨ। ਸ਼ੂਦਰ ਤਿੰਨ ਵਰਣਾਂ ਦੀ ਸੇਵਾ ਕਰਦੇ ਸਨ। ਮਨੂੰ ਦੀ ਇਹ ਵਿਵਸਥਾ ਯੂਨਾਨੀ ਵਿਦਵਾਨ ਪਲੈਟੋ ਦੇ ਨਿਆਂ ਸਿੱਧਾਂਤ ਨਾਲ ਮਿਲਦੀ ਜੁਲਦੀ ਹੈ। ਪਲੈਟੋ ਨੇ ਸਮਾਜ ਨੂੰ ਤਿੰਨ ਵਰਗਾਂ ਵਿਚ ਵੰਡਿਆ

ਹੈ- ਦਾਰਸ਼ਨਿਕ, ਸੈਨਿਕ ਅਤੇ ਉਤਪਾਦਕ ਵਰਗ। ਮਨੂੰ ਦੇ ਬ੍ਰਾਹਮਣ ਦੀ ਤੁਲਨਾ ਅਸੀਂ ਪਲੈਟੋ ਦੇ ਦਾਰਸ਼ਨਿਕ ਵਰਗ ਨਾਲ ਕਰ ਸਕਦੇ ਹਾਂ। ਖੱਤਰੀ ਵਰਗ ਦੀ ਤੁਲਨਾ ਪਲੈਟੋ ਦੇ ਉਤਪਾਦਕ ਵਰਗ ਨਾਲ ਕਰ ਸਕਦੇ ਹਾਂ ਅਤੇ ਸ਼ੂਦਰਾਂ ਦੀ ਤੁਲਨਾ ਪਲੈਟੋ ਦੀ ਵਿਵਸਥਾ ਵਿਚ ਦਾਸਾਂ ਨਾਲ ਕਰ ਸਕਦੇ ਹਾਂ। ਫਰਕ ਕੇਵਲ ਇੰਨਾ ਹੈ ਕਿ ਮਨੂੰ ਸ਼ੂਦਰ ਵਰਗ ਨੂੰ ਸਮਾਜ ਵਿਵਸਥਾ ਵਿਚ ਹੀ ਸਥਾਨ ਦਿੰਦਾ ਹੈ ਅਤੇ ਪਲੈਟੋ ਸਮਾਜ ਵਿਵਸਥਾ ਤੋਂ ਬਾਹਰ। ਮਨੂੰ ਦੀ ਵਿਵਸਥਾ ਵਿਚ ਸ਼ੂਦਰ ਉਸ ਦਾਸ ਅਟੁੱਟ ਅੰਗ ਹੈ ਅਤੇ ਮਨੂੰ ਦੀ ਵਿਵਸਥਾ ਸਮਾਜ ਦੀ ਚਾਰ ਥੰਮਾਂ ਵਾਲੀ ਵਿਵਸਥਾ ਹੈ। ਨਿਸ਼ਚਿਤ ਰੂਪ ਵਿਚ ਇਹ ਪਲੈਟੋ ਦੀ ਤ੍ਰਿ ਵਰਗਾਂ ਵਾਲੀ ਵਿਵਸਥਾ ਨਾਲੋਂ ਚੰਗੀ ਹੈ ਇਹੀ ਕਾਰਣ ਹੈ ਕਿ ਅੱਜ ਤੱਕ ਚੱਲ ਰਹੀ ਹੈ।

ਵਿਅਕਤੀ, ਸਮਾਜ ਅਤੇ ਵਿਸ਼ਵ ਦੇ ਕਲਿਆਣ ਦੀ ਦ੍ਰਿਸ਼ਟੀ ਤੋਂ ਹਰੇਕ ਵਿਅਕਤੀ ਲਈ ਇਹ ਜ਼ਰੂਰੀ ਸਮਝਿਆ ਜਾਂਦਾ ਸੀ ਕਿ ਉਹਨਾਂ ਉਹਾਂ ਕਾਰਜਾਂ ਨੂੰ ਪੂਰਨ ਕਰੇ ਜਿਨ੍ਹਾਂ ਨੂੰ ਕਰਨ ਲਈ ਦੈਵੀ ਸ਼ਕਤੀ ਨੇ ਉਹਨਾਂ ਨੂੰ ਪੈਦਾ ਕੀਤਾ ਅਤੇ ਸਮਰੱਥ ਬਣਾਇਆ ਹੈ। ਆਪਣੇ ਨਿਰਧਾਰਿਤ ਕਰਤੱਵਾਂ ਨੂੰ ਤਿਆਗ ਕੇ ਹੋਰ ਕਾਰਜ ਕਰਨਾ ਅਸਿਧਾਂਤਕ ਅਤੇ ਦੰਡਨੀਯ ਹੁੰਦਾ ਹੈ। ਰਾਜੇ ਦਾ ਇਹ ਫਰਜ਼ ਸੀ ਕਿ ਉਹ ਇਕ ਵਰਗ ਦੇ ਕਾਰਜਾਂ ਵਿਚ ਦਖਲ- ਅੰਦਾਜ਼ੀ ਨਾ ਕਰਨ ਦੇਵੇ।

**ਬ੍ਰਾਹਮਣਾਂ ਦਾ ਵਿਸ਼ੇਸ਼ ਸਥਾਨ (Special Position of Brahmins):** ਚਾਰ ਵਰਣਾਂ ਦੇ ਸਮਾਜ ਵਿਚ ਬ੍ਰਾਹਮਣਾਂ ਦਾ ਵਿਸ਼ੇਸ਼ ਮਾਣ ਸੀ। ਸਾਧਾਰਨ ਤੌਰ ਤੇ ਹਰ ਇਕ ਵਰਗ ਤੋਂ ਇਹ ਆਸ ਕੀਤੀ ਜਾਂਦੀ ਸੀ ਕਿ ਉਹ ਆਪਣੇ ਨਿਰਧਾਰਿਤ ਕਾਰਜਾਂ ਨੂੰ ਵਿਧੀ ਨਾਲ ਪੂਰਨ ਕਰਕੇ ਲੋਕ ਹਿੱਤ ਦੇ ਕਾਰਜਾਂ ਵਿਚ ਲੱਗਾ ਰਹੇ। ਪਰ ਬ੍ਰਾਹਮਣਾਂ ਨੂੰ ਇਸ ਨਿਯਮ ਦੀ ਉਲੰਘਣਾ ਦੀ ਇਜ਼ਾਜ਼ਤ ਸੀ।

1. ਬ੍ਰਾਹਮਣ ਆਪਣੇ ਕਰਮ ਦੁਆਰਾ ਜਦੋਂ ਆਪਣੀ ਉਪਜੀਵਿਕਾ ਪ੍ਰਾਪਤ ਕਰਨ ਵਿਚ ਅਸਮਰਥ ਹੋ ਜਾਂਦੇ ਸਨ ਤਾਂ ਉਹਨਾਂ ਨੂੰ ਖੱਤਰੀ ਅਤੇ ਵੈਸ਼ ਕਰਮ ਕਰਨ ਦੀ ਆਗਿਆ ਮਿਲ ਜਾਂਦੀ ਸੀ।
2. ਬ੍ਰਾਹਮਣਾਂ ਲਈ ਕੁੱਝ ਕਾਰਜ ਸੁਰੱਖਿਅਤ ਰੱਖੇ ਗਏ ਸਨ। ਖੱਤਰੀਆਂ ਅਤੇ ਵੈਸ਼ਾਂ ਨੂੰ ਇਹਨਾਂ ਸੁਰੱਖਿਅਤ ਕਾਰਜਾਂ ਵਿੱਚ ਦਖਲ-ਅੰਦਾਜ਼ੀ ਕਰਨ ਦਾ ਅਧਿਕਾਰ ਨਹੀਂ ਸੀ।
3. ਬ੍ਰਾਹਮਣ ਦੀ ਉਤਪੱਤੀ ਬ੍ਰਹਮਾ ਦੇ ਮੁੱਖ ਤੋਂ ਹੋਈ ਅਤੇ ਉਹ ਤਿੰਨ ਵਰਗਾਂ ਤੋਂ ਪਹਿਲਾਂ ਪੈਦਾ ਹੋਇਆ ਜਿਸ ਕਰਕੇ ਉਹ ਇਸ ਦ੍ਰਿਸ਼ਟੀ ਤੋਂ ਸਰਵ ਸ੍ਰੇਸ਼ਟ ਹੈ। ਉਹ ਸ੍ਰਿਸ਼ਟੀ ਦਾ ਮਾਲਕ ਹੈ।
4. ਉਹ ਧਰਤੀ ਉੱਤੇ ਧਰਮ ਦਾ ਅਵਤਾਰ ਹੈ। ਇੱਕਲਾ ਬ੍ਰਾਹਮਣ ਹੀ ਧਰਮ ਦੀ ਰੱਖਿਆ ਲਈ ਸਮਰੱਥ ਹੈ ਤੇ ਮੁਕਤੀ ਪ੍ਰਾਪਤ ਕਰਦਾ ਹੈ।
5. ਬ੍ਰਾਹਮਣ ਨੂੰ ਕਿਸੇ ਅਪਰਾਧੀ ਨੂੰ ਰਾਜੇ ਦੇ ਸਾਹਮਣੇ ਪੇਸ਼ ਨਾ ਕਰਕੇ, ਖੁਦ ਆਪ ਹੀ ਸਜ਼ਾ ਦੇਣੀ ਚਾਹੀਦੀ ਹੈ। ਰਾਜੇ ਨਾਲੋਂ ਉਸ ਦਾ ਬਲ ਹੀ ਜ਼ਿਆਦਾ ਹੈ।
6. ਬ੍ਰਾਹਮਣ ਦਾ ਕ੍ਰੋਧ ਵਸ ਵਿਚ ਕਰਨਾ ਸਰਲ ਨਹੀਂ। ਸੰਕਟ ਦੀ ਸਥਿਤੀ ਵਿਚ ਵੀ ਰਾਜੇ ਨੂੰ ਉਹਨੂੰ ਕ੍ਰੋਧਿਤ ਨਹੀਂ ਕਰਨਾ ਚਾਹੀਦਾ। ਉਹ ਉਸ ਦਾ ਸਰਵਨਾਸ਼ ਕਰ ਸਕਦਾ ਹੈ।
7. ਵਿਦਵਾਨ ਅਤੇ ਮੂਰਖ ਬ੍ਰਾਹਮਣ ਉਸੀ ਤਰ੍ਹਾਂ ਸਮਾਨ ਹਨ ਜਿਸ ਤਰ੍ਹਾਂ ਵਿਧੀ ਸਥਾਪਿਤ ਅਗਨੀ ਅਤੇ ਸਮਾਨਯ ਅਗਨੀ।

ਮਨੂੰ ਨੇ ਬ੍ਰਾਹਮਣ ਨੂੰ ਚਾਰਾਂ ਵਰਣਾਂ ਵਿਚੋਂ ਜਠੇਰਾ ਤੇ ਉਹਨਾਂ ਦਾ ਸਵਾਮੀ ਬਣਾ ਕੇ ਅਤਿ ਅਧਿਕ ਮਾਣ

ਪ੍ਰਦਾਨ ਕੀਤਾ। ਬ੍ਰਾਹਮਣ ਨਿਆਂ ਦੀ ਕੁਰਸੀ ਤੇ ਬੈਠਣ ਦੇ ਯੋਗ ਹਨ। ਉਸ ਨੂੰ ਸਹੁੰ ਨਹੀਂ ਚੁੱਕਣੀ ਪੈਂਦੀ। ਉਹ ਆਪ ਹੀ ਸਜ਼ਾ ਦੇ ਸਕਦਾ ਹੈ। ਉਹ ਆਪਣੇ ਕਾਰਜ ਦਾ ਪਰਿਤਿਆਗ ਕਰਨ ਦੇ ਸਮਰੱਥ ਹੈ। ਰਾਜਾ ਮਨੂੰ ਵੱਲੋਂ ਦਰਸਾਈ ਸਮਾਜ ਵਿਵਸਥਾ ਵਿਚ ਚਕਾਚੌਂਧ ਕਰ ਦੇਣ ਵਾਲਾ ਸੂਰਜ ਹੈ।

**ਮਨੂੰ ਦੇ ਅਨੁਸਾਰ ਸਮਾਜ ਦੀ ਆਂਗਿਕ ਏਕਤਾ (Organic Unity of Society):**

ਮਨੂੰ ਨੇ ਸਮਾਜ ਨੂੰ ਚਾਰ ਵਰਣਾਂ ਵਿਚ ਵੰਡਿਆ ਹੈ। ਹਰ ਇਕ ਵਰਣ ਦਾ ਆਪਣਾ ਆਪਣਾ ਕਾਰਜ ਖੇਤਰ ਨਿਰਧਾਰਿਤ ਕੀਤਾ ਹੈ। ਉਹਨਾਂ ਨੂੰ ਆਪਣੇ ਖੇਤਰ ਵਿਚ ਸੁਤੰਤਰਤਾ ਪੂਰਬਕ ਕਾਰਜ ਕਰਨ ਅਤੇ ਦੂਸਰੇ ਵਰਣਾਂ ਦੇ ਕਾਰਜ ਖੇਤਰ ਵਿਚ ਦਖਲ ਨਾ ਦੇਣ ਦਾ ਆਦੇਸ਼ ਦਿੱਤਾ, ਪਰੰਤੂ ਵਰਗਾਂ ਦੀ ਸੁਤੰਤਰਤਾ ਅਤੇ ਪ੍ਰਥੀਕਰਨ ਦਾ ਇਹ ਮਤਲਬ ਨਹੀਂ ਸੀ ਕਿ ਉਹਨਾਂ ਵਿਚ ਏਕਤਾ ਨਹੀਂ ਹੁੰਦੀ ਸੀ। ਸਰੀਰ ਦੇ ਵਿਭਿੰਨ ਅੰਗਾਂ ਵਾਂਗ ਜੋ ਸੁਤੰਤਰ ਹਸਤੀ ਰੱਖਦੇ ਹੋਏ ਵੀ ਸਰੀਰ ਨਾਲ ਜੁੜੇ ਹੋਏ ਹਨ, ਹਰ ਵਰਗ ਵੀ ਸੁਤੰਤਰ ਹਸਤੀ ਰੱਖਦੇ ਹੋਏ ਹੋਰ ਵਰਗਾਂ ਨਾਲ ਗਹਿਰਾ ਸੰਬੰਧ ਰੱਖਦਾ ਹੈ। ਉਹ ਇਕ ਦੂਸਰੇ ਤੇ ਨਿਰਭਰ ਹੁੰਦੇ ਹਨ। ਸਮਾਜਰੂਪੀ ਭਵਨ ਬ੍ਰਾਹਮਣ ਘੱਟ ਜਾਂ ਵੱਧ ਨਾ ਹੋ ਕੇ ਬਰਾਬਰ ਹੀ ਸੀ। ਸ਼ੂਦਰ ਵੀ ਸਮਾਜ ਵਿਚ ਬ੍ਰਾਹਮਣਾਂ ਤੋਂ ਘੱਟ ਉਪਯੋਗੀ ਨਹੀਂ ਮੰਨੇ ਜਾਂਦੇ ਸਨ। ਸ਼ੁਰੂ ਵਿਚ ਵਰਣ ਵਿਵਸਥਾ ਕਰਮ ਦਾ ਪ੍ਰਤੀਕ ਹੁੰਦੀ ਸੀ। ਸਮਾਂ ਬੀਤਣ ਨਾਲ ਇਹ ਜਨਮ ਤੇ ਆਧਾਰਿਤ ਜਾਤ ਵਿਵਸਥਾ ਬਣ ਗਈ।

**ਸਮਾਜਿਕ ਜੀਵਨ ਧਰਮ ਪ੍ਰਧਾਨ ਸੀ (Religion Dominated the Social Life):**

ਪ੍ਰਾਚੀਨ ਕਾਲ ਦਾ ਚਾਰ ਵਰਣੀ ਸਮਾਜ ਧਰਮ ਪ੍ਰਧਾਨ ਸੀ। ਮਾਨਵ ਜੀਵਨ ਦਾ ਅੰਤਿਮ ਉਦੇਸ਼ ਪੂਰਨਤਾ ਜਾਂ ਮੁਕਤੀ ਪ੍ਰਾਪਤ ਕਰਨਾ ਮੰਨਿਆ ਜਾਂਦਾ ਸੀ। ਮੁਕਤੀ ਪ੍ਰਾਪਤ ਕਰਨ ਦੇ ਲਈ ਵਿਅਕਤੀ ਨੂੰ ਸਮਾਜ ਵਿਚ ਰਹਿ ਕੇ ਧਰਮ, ਅਰਥ, ਅਤੇ ਕਾਮ ਦਾ ਵਿਧੀਗਤ ਪਾਲਣ ਕਰਨਾ ਪੈਂਦਾ ਸੀ।

**ਧਰਮ ਕੀ ਹੈ? (What is Religion) :**

ਧਰਮ ਦੀ ਪਰਿਭਾਸ਼ਾ ਕਰਨਾ ਆਸਾਨ ਨਹੀਂ। ਮਨੂੰ ਨੇ ਪ੍ਰਚਲਿਤ ਮਤ-ਮਤਾਂਤਰ ਦੇ ਆਧਾਰ ਉੱਪਰ ਧਰਮ ਦੀ ਵਿਆਪਕ ਵਿਆਖਿਆ ਕੀਤੀ ਹੈ। ਉਸ ਅਨੁਸਾਰ ਵੇਦ, ਸਿਮਿਰਤੀ ਆਦਿ ਗ੍ਰੰਥ ਧਰਮ ਹੀ ਹਨ। ਇਹਨਾਂ ਗ੍ਰੰਥਾਂ ਵਿਚ ਮਾਨਵ ਜੀਵਨ ਦੇ ਸੰਪੂਰਨ ਪੱਖਾਂ ਨਾਲ ਸੰਬੰਧਿਤ ਧਰਮ ਦੀ ਚਰਚਾ ਕੀਤੀ ਗਈ ਹੈ। ਧਰਮ ਦੀ ਉਤਪੱਤੀ ਵੇਦਾਂ ਤੋਂ ਹੀ ਹੋਈ ਹੈ। ਵੇਦ ਸਿਮ੍ਰਿਤੀ ਵਿਚ ਦੱਸਿਆ ਗਿਆ ਹੈ ਕਿ ਆਚਾਰ (conduct) ਹੀ ਉੱਤਮ ਧਰਮ ਹੈ।

ਧਰਮ ਵਿਵਹਾਰ ਅਤੇ ਆਚਾਰ ਮੂਲਕ ਹੋਣ ਦੇ ਕਾਰਨ ਹਮੇਸ਼ਾਂ ਇਕੋ ਜਿਹਾ ਨਹੀਂ ਰਹਿੰਦਾ। ਧਾਰਮਿਕ ਮਾਨਤਾਵਾਂ ਹਰ ਯੁੱਗ ਵਿਚ ਬਦਲਦੀਆਂ ਰਹਿੰਦੀਆਂ ਹਨ। ਸ਼ਰਧਾ, ਭਾਵਨਾਂ ਅਤੇ ਵਿਸ਼ਵਾਸ ਦੇ ਅਨੁਕੂਲ ਯੁੱਗ ਧਰਮ ਹੁੰਦਾ ਹੈ। ਸਤਯੁੱਗ ਵਿਚ ਤਪ ਦਾ ਧਰਮ ਹੁੰਦਾ ਹੈ। ਤ੍ਰੇਤਾ ਵਿਚ ਗਿਆਨ, ਦਵਾਪਰ ਯੁੱਗ ਵਿਚ ਯਗ ਅਤੇ ਕਲਯੁੱਗ ਵਿਚ ਦਾਨ ਹੀ ਧਰਮ ਹੁੰਦਾ ਹੈ। ਧਰਮ ਦੀ ਵਿਆਖਿਆ ਕਰਨ ਲਈ ਸ੍ਰੇਸ਼ਟ ਤਿੰਨਾਂ ਵੇਦਾਂ ਦੇ ਗਿਆਤਾ, ਦਸ ਬ੍ਰਾਹਮਣਾਂ ਜਾਂ ਤਿੰਨ ਬ੍ਰਾਹਮਣਾਂ ਨੂੰ ਧਾਰਮਿਕ ਕਾਰਜ ਨਹੀਂ ਕਰਨਾ ਚਾਹੀਦਾ।

ਇਸ ਪ੍ਰਕਾਰ ਮਨੂੰ ਨੇ ਸਮਾਜ ਨੂੰ ਧਰਮ ਤੇ ਨਿਰਭਰ ਬਣਾ ਦਿੱਤਾ। ਵਿਅਕਤੀ ਦੇ ਜੀਵਨ ਵਿਚ ਬੱਚੇ ਦੇ ਜਨਮ ਤੋਂ ਲੈ ਕੇ ਮਰਨ ਤੱਕ ਸਾਰੇ ਸੰਸਕਾਰ ਧਰਮ ਨਾਲ ਸੰਬੰਧਿਤ ਸਨ। ਪਾਪ ਜਾਂ ਅਧਰਮ ਤੋਂ ਛੁਟਕਾਰਾ ਦਵਾਉਣ ਲਈ ਧਰਮ ਅਨੁਸਾਰ ਕਰਕੇ ਪਛਤਾਵਾ ਕਰਨ ਦਾ ਵਿਧਾਨ ਸੀ। ਜੀਵਨ ਦਾ ਕੋਈ

ਪੱਖ ਧਰਮ ਦੀ ਛਾਇਆ ਤੋਂ ਵੰਚਿਤ ਨਹੀਂ ਰਹਿ ਗਿਆ ਸੀ। ਧਰਮ ਦੇ ਸਮਾਜਿਕ, ਆਰਥਿਕ ਅਤੇ ਸੰਪੂਰਨ ਰਾਜਨੀਤਿਕ ਜੀਵਨ ਨੂੰ ਆਪਣੇ ਵਿਚ ਸਮੋ ਲਿਆ ਸੀ।

**ਪ੍ਰਸ਼ਾਸਨਿਕ ਵਿਵਸਥਾ:**

ਮਨੂੰ ਨੇ ਵਿਵਹਾਰਕ ਪ੍ਰਸ਼ਨ ਪ੍ਰਸ਼ਾਸਨਿਕ ਵਿਵਸਥਾ ਦੇ ਸੰਬੰਧ ਵਿਚ ਵੀ ਵਿਚਾਰ ਦਿੱਤੇ ਹਨ। ਸ਼ਾਸਕ ਵਿਵਸਥਾ ਦਾ ਉਲੇਖ ਕਰਦੇ ਹੋਏ ਉਸ ਨੇ ਕਿਹਾ ਕਿ ਰਾਜਾ ਦੋ, ਤਿੰਨ, ਪੰਜ ਅਤੇ ਸੌ ਪਿੰਡਾਂ ਦੇ ਵਿਚ ਆਪਣਾ ਰਾਜ ਸਥਾਨ ਸਥਾਪਤ ਕਰੇ ਅਤੇ ਇਸ ਖੇਤਰ ਵਿਚ ਸ਼ਾਂਤੀ ਵਿਵਸਥਾ ਬਣਾਈ ਰੱਖਣ ਲਈ ਯੋਗ ਕਰਮਚਾਰੀ ਨਿਯੁਕਤ ਕਰੇ। ਇਹਨਾਂ ਕਰਮਚਾਰੀਆਂ ਦੁਆਰਾ ਕਰ ਵਸੂਲ ਕਰਨ ਅਤੇ ਆਪਣੇ ਖੇਤਰ ਵਿਚ ਹੋਣ ਵਾਲੀਆਂ ਰੋਜ਼ਾਨਾ ਘਟਨਾਵਾਂ, ਅਪਰਾਧਾਂ ਆਦਿ ਦੀ ਰਿਪੋਰਟ ਉਪਰਲੇ ਅਧਿਕਾਰਿਆਂ ਨੂੰ ਦੇਣ ਦਾ ਕਾਰਜ ਕੀਤਾ ਜਾਵੇ। ਪਿੰਡਾਂ ਦੇ ਅਧਿਕਾਰੀਆਂ ਦੇ ਸਾਰੇ ਕਾਰਜਾਂ ਦੀ ਦੇਖ-ਭਾਲ ਕਰਨ ਦੇ ਲਈ ਅਲੱਗ ਮੰਤਰੀ ਹੋਣਾ ਚਾਹੀਦਾ ਹੈ। ਇਸ ਵਿਵਸਥਾ ਤੋਂ ਰਾਜੇ ਨੂੰ ਰਾਜ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਸੂਚਨਾ ਰਹੇਗੀ ਅਤੇ ਉਹ ਆਪਣਾ ਨਿਯੰਤਰਣ ਸਥਾਪਤ ਕਰ ਸਕੇਗਾ।

ਪਿੰਡਾਂ ਦੇ ਪ੍ਰਸ਼ਾਸਨ ਦੇ ਨਾਲ-ਨਾਲ ਮਨੂੰ ਦੇ ਨਗਰਾਂ ਦੇ ਪ੍ਰਸ਼ਾਸਨ ਦਾ ਵਰਣਨ ਕੀਤਾ ਹੈ। ਹਰ ਇਕ ਨਗਰ ਵਿਚ ਨਿਆਇ ਪ੍ਰਸ਼ਾਸਨ ਅਤੇ ਪੁਲਿਸ ਆਦਿ ਸਾਰੇ ਕਾਰਜਾਂ ਉੱਪਰ ਵਿਚਾਰ ਕਰਨ ਵਾਲਾ ਇਕ ਅਧਿਕਾਰੀ ਹੋਣਾ ਚਾਹੀਦਾ ਹੈ। ਰਾਜੇ ਨੂੰ ਦੌਰੇ ਕਰਕੇ ਅਤੇ ਗੁਪਤਚਰਾਂ ਦੁਆਰਾ ਅਧਿਕਾਰੀਆਂ ਦੇ ਕਾਰਜਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਉਹਨਾਂ ਤੇ ਨਿਯੰਤਰਣ ਰੱਖਣਾ ਚਾਹੀਦਾ ਹੈ। ਮਨੂੰ ਦੇ ਅਨੁਸਾਰ ਰਾਜ ਦੇ ਕਰਮਚਾਰੀ ਆਮ ਕਰਕੇ ਭ੍ਰਿਸ਼ਟਾਚਾਰੀ ਹੁੰਦੇ ਹਨ। ਰਾਜੇ ਦੁਆਰਾ ਇਸ ਤਰ੍ਹਾਂ ਦੇ ਅਧਿਕਾਰੀਆਂ ਉੱਪਰ ਪੂਰਾ ਨਿਯੰਤਰਣ ਪ੍ਰਸ਼ਾਸ਼ਨਿਕ ਵਿਵਸਥਾ ਦੇ ਅੰਤਰਗਤ ਸਥਾਨਕ ਸੰਸਥਾਵਾਂ ਦੇ ਮਹੱਤਵ ਨੂੰ ਵੀ ਸਵੀਕਾਰ ਕੀਤਾ ਹੈ ਅਤੇ ਸਥਾਨਕ ਵਿਸ਼ਿਆਂ ਦਾ ਭਾਰ ਇਹਨਾਂ ਸੰਸਥਾਵਾਂ ਨੂੰ ਹੀ ਸੌਂਪਣ ਦਾ ਨਿਰਦੇਸ਼ ਕੀਤਾ ਹੈ।

**ਰਾਜ ਕੋਸ਼ ਅਤੇ ਅਰਥ ਵਿਵਸਥਾ ਸੰਬੰਧੀ :**

ਮਨੂੰ ਇਸ ਗੱਲ ਨੂੰ ਭਲੀ ਪ੍ਰਕਾਰ ਜਾਣਦਾ ਸੀ ਕਿ ਰਾਜ ਦੇ ਸੰਗਠਨ, ਸੰਚਾਲਨ, ਖੁਸ਼ਹਾਲੀ ਲਈ ਕੋਸ਼ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਮਨੂੰ ਦੁਆਰਾ ਰਾਜ ਕੋਸ਼ ਰਾਜ ਦੀ ਆਮਦਨ ਦੀ ਪ੍ਰਮੁੱਖ ਸਾਧਨ ਹੈ। ਬਲੀ (ਭਿੰਨ ਭਿੰਨ ਪ੍ਰਕਾਰ ਦੇ ਕਰ) ਸ਼ੁਲਕ (ਬਾਜ਼ਾਰ ਵਿਚ ਵਪਾਰੀਆਂ ਦੁਆਰਾ ਵਿਕਰੀ ਉੱਪਰ ਲਾਈ ਗਈ ਚੁੰਗੀ) ਅਤੇ ਦੰਡ ਕਰ (ਜੁਰਮਾਨਾ) ਇਹਨਾਂ ਵਿਚੋਂ ਪਹਿਲੀ ਪ੍ਰਕਾਰ ਦੀ ਕਰ ਵਿਵਸਥਾ ਹੀ ਮਹੱਤਵਪੂਰਨ ਸਾਧਨ ਹੈ। ਮਨੂੰ ਨੇ ਇਸ ਵਿਵਸਥਾ ਸਹਿਤ ਚਰਚਾ ਕੀਤੀ ਹੈ।

**ਮਨੂੰ ਦਾ ਰਾਜਨੀਤਿਕ ਅਰਥ-ਸ਼ਾਸਤਰ:** ਮਨੂੰ ਸਿਮ੍ਰਿਤੀ ਵਿਚ ਰਾਜਨੀਤਿਕ ਅਰਥ-ਸ਼ਾਸਤਰ ਉੱਪਰ ਵੀ ਵਿਚਾਰ ਮਿਲਦੇ ਹਨ। ਮਨੂੰ ਦੇ ਆਰਥਿਕ ਵਿਚਾਰ ਇਸ ਗੱਲ ਤੋਂ ਸ਼ੁਰੂ ਹੁੰਦੇ ਹਨ ਕਿ ਰਾਜੇ ਨੂੰ ਬਗਲੇ ਦੀ ਤਰ੍ਹਾਂ ਚਿੰਤਨ ਕਰਨਾ ਚਾਹੀਦਾ ਹੈ। ਮਨੂੰ ਦਾ ਵਿਚਾਰ ਹੈ ਕਿ ਰਾਜੇ ਨੂੰ ਚਲਾਉਣ ਲਈ ਧਨ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ ਕਿਉਂਕਿ ਧਨ ਦੇ ਬਿਨਾਂ ਪ੍ਰਸ਼ਾਸਨ ਨਹੀਂ ਚੱਲ ਸਕਦਾ ਇਸ ਲਈ ਮਨੂੰ ਨੇ ਕਰਾਂ ਦੀ ਵਿਵਸਥਾ ਕੀਤੀ ਹੈ। ਮਨੂੰ ਅਨੁਸਾਰ ਰਾਜ ਨੂੰ ਕਰ ਘੱਟ ਲਗਾਉਣੇ ਚਾਹੀਦੇ ਹਨ। ਮਨੂੰ ਨੇ ਰਾਜ ਨੂੰ ਇਹ ਕਰ ਲਗਾਉਣ ਲਈ ਕਿਹਾ ਹੈ, ਬਲੀ, ਸ਼ੁਲਕ, ਦੰਡ ਅਤੇ ਭਾਗ। ਬਲੀ ਇਕ ਵਿਸ਼ੇਸ਼ ਪ੍ਰਕਾਰ ਦਾ ਕਰ ਹੁੰਦਾ ਹੈ ਜੋ ਭੂਮੀਪਤੀਆਂ ਤੇ ਲਗਾਇਆ ਜਾਂਦਾ ਹੈ। ਇਹ ਜਨਤਾ ਦੁਆਰਾ ਰਾਜੇ ਨੂੰ ਸਵੈ-ਇੱਛਾ ਨਾਲ ਦਿੱਤਾ ਜਾਂਦਾ ਹੈ। ਸ਼ੂਲਕ ਉਹ ਕਰ ਕਹਾਉਂਦਾ ਹੈ ਜੋ ਵਪਾਰਕ ਵਸਤੂਆਂ ਉੱਪਰ ਲਗਾਇਆ ਜਾਂਦਾ ਹੈ। ਇਸ ਨੂੰ ਅਸੀਂ ਚੁੰਗੀ ਵਰਗ ਮੰਨ ਸਕਦੇ ਹਾਂ। ਦੰਡ ਵਿਚ ਰਾਜਾ ਜਾਂ

ਉਸ ਦੇ ਅਧਿਕਾਰੀਆਂ ਦੁਆਰਾ ਅਪਰਾਧ ਕਰਨ ਤੇ ਲਾਏ ਗਏ ਜੁਰਮਾਨੇ ਸ਼ਾਮਲ ਹਨ। ਮਨੂੰ ਅਨੁਸਾਰ ਜ਼ੁਰਮਾਨੇ ਦੀ ਰਾਸ਼ੀ ਰਾਜ ਕੋਸ਼ ਵਿਚ ਜ਼ਰੂਰੀ ਤੌਰ ਤੇ ਜਮ੍ਹਾਂ ਕਰਨੀ ਚਾਹੀਦੀ ਹੈ ਅਤੇ ਉਸ ਦਾ ਉਪਯੋਗ ਜਨ ਭਲਾਈ ਲਈ ਹੋਣਾ ਚਾਹੀਦਾ ਹੈ। ਭਾਗ ਉਸ ਕਰ ਨੂੰ ਕਹਿੰਦੇ ਹਨ ਜੋ ਮਨੂੰ ਦੇ ਅਨੁਸਾਰ ਭੂਮੀਪਤੀਆਂ ਤੋਂ ਭੂਮੀ ਕਰ ਦੇ ਰੂਪ ਵਿਚ ਰਾਜਾ ਲੈਂਦਾ ਸੀ। ਇਸ ਨੂੰ ਅੱਜ ਕੱਲ੍ਹ ਲਗਾਨ ਕਹਿ ਸਕਦੇ ਹਾਂ। ਇਹ ਉਪਜ ਦਾ ਇਕ ਚੌਥਾਈ ਤਕ ਦਿੱਤਾ ਜਾਂਦਾ ਸੀ। ਇਸ ਦੇ ਇਲਾਵਾ ਮਨੂੰ ਸਿਮਰਤੀ ਵਿਚ ਤਟ ਕਰ, ਰਾਜ ਪਥ ਕਰ, ਪਸ਼ੂ ਕਰ, ਸ਼ਿਲਪ ਕਰ ਵਰਗੇ ਆਧੁਨਿਕ ਕਰਾਂ ਦਾ ਵੀ ਵਰਣਨ ਕੀਤਾ ਗਿਆ ਹੈ। ਤਟ ਕਰ ਨਦੀ ਨਾਲਿਆਂ ਉੱਪਰ ਵੀ ਲਗਦਾ ਹੈ। ਪਰੰਤੂ ਬ੍ਰਾਹਮਚਾਰੀਆਂ ਅਤੇ ਵਾਨ ਪ੍ਰਸਥੀਆਂ ਅਤੇ ਸੰਨਿਆਸੀਆਂ ਨੂੰ ਇਸ ਕਰ ਤੋਂ ਮੁਕਤ ਰੱਖਿਆ ਗਿਆ ਸੀ। ਰਾਜ ਪਥ ਕਰ ਉਨ੍ਹਾ ਵਿਅਕਤੀਆਂ ਤੇ ਲਗਦਾ ਸੀ ਜੋ ਰਾਜ ਮਾਰਗ ਦਾ ਕਿਸੇ ਨਾ ਕਿਸੇ ਰੂਪ ਵਿਚ ਉਪਯੋਗ ਕਰਦੇ ਸੀ। ਪਸ਼ੂ ਕਰ ਪਸ਼ੂਆਂ ਤੇ ਲਗਾਇਆ ਜਾਂਦਾ ਸੀ। ਮਨੂੰ ਸਿਮਰਤੀ ਵਿਚ ਉਤਪਾਦਨ ਕਰ ਦਾ ਵੀ ਜ਼ਿਕਰ ਆਉਂਦਾ ਹੈ।

ਇਸ ਦੇ ਨਾਲ ਹੀ ਮਨੂੰ ਨੇ ਕਰ ਇੱਕਠਾ ਕਰਨ ਦੇ ਮਹੱਤਵਪੂਰਨ ਸਿਧਾਂਤਾਂ ਤੇ ਵੀ ਚਰਚਾ ਕੀਤੀ ਹੈ। ਉਨ੍ਹਾਂ ਦਾ ਮੱਤ ਸੀ ਕਿ ਕਰ ਇਸ ਪ੍ਰਕਾਰ ਵਸੂਲ ਕੀਤੇ ਜਾਣੇ ਚਾਹੀਦੇ ਹਨ ਜਿਸ ਅਨੁਸਾਰ ਗਰੀਬ ਜਨਤਾ ਉੱਪਰ ਕਰ ਦਾ ਭਾਰ ਘੱਟ ਪਵੇ ਅਤੇ ਖੁਸ਼ਹਾਲ ਲੋਕਾਂ ਤੇ ਕਰ ਦਾ ਭਾਰ ਜ਼ਿਆਦਾ ਪਵੇ।

ਮਨੂੰ ਕਹਿੰਦਾ ਹੈ ਕਿ ''ਕਰ ਨਾ ਲੈਣ ਦਾ ਕਾਰਨ ਰਾਜਾ ਦਾ ਅਤੇ ਜ਼ਿਆਦਾ ਕਰ ਲੈਣ ਕਾਰਨ ਪਰਜਾ ਦੇ ਜੀਵਨ ਦਾ ਅੰਤ ਹੋ ਜਾਂਦਾ ਹੈ।''[1] ਰਾਜਾ ਦੁਆਰਾ ਪਰਜਾ ਤੋਂ ਵਸੂਲ ਕਰਨ ਦਾ ਕਾਰਜ ਨਿਰਧਾਰਿਤ ਸਿੱਧਾਂਤਾਂ ਦੇ ਆਧਾਰ ਉੱਪਰ ਹੀ ਹੋਣਾ ਚਾਹੀਦਾ ਹੈ।

ਉਸ ਦੇ ਅਨੁਸਾਰ ਇਹ ਸਿਧਾਂਤ ਇਸ ਤਰ੍ਹਾਂ ਹਨ :

1. **ਪਰਜਾ ਦੀ ਰੱਖਿਆ ਦਾ ਸਿੱਧਾਂਤ :** ਮਨੂੰ ਅਨੁਸਾਰ ਕਰ ਲੈਣ ਦਾ ਉਦੇਸ਼ ਅਤੇ ਆਧਾਰ ਪਰਜਾ ਦੀ ਰੱਖਿਆ ਕਰਨਾ ਹੈ। ਰਾਜੇ ਦੁਆਰਾ ਕਰ ਲੈਣ ਦੇ ਬਦਲੇ ਪਰਜਾ ਦੇ ਜੀਵਨ ਅਤੇ ਸੰਪਤੀ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਕਰ ਵੀ ਇਸ ਦ੍ਰਿਸ਼ਟੀ ਤੋਂ ਲਏ ਜਾਣੇ ਚਾਹੀਦੇ ਹਨ। ਇਸ ਦਾ ਭਾਵ ਹੈ ਕਿ ਜੇ ਰਾਜਾ ਪਰਜਾ ਦੀ ਰੱਖਿਆ ਕਰਨ ਵਿਚ ਅਸਮਰਥ ਹੈ ਤਾਂ ਉਸ ਨੂੰ ਪਰਜਾ ਤੋਂ ਕਰ ਲੈਣ ਦਾ ਕੋਈ ਅਧਿਕਾਰ ਨਹੀਂ ਹੈ।

2. **ਲਾਭ ਉੱਤੇ ਕਰ ਦਾ ਸਿਧਾਂਤ :** ਇਸ ਦਾ ਮਤਲਬ ਇਹ ਹੈ ਕਿ ਕਿਸੇ ਪੇਸ਼ੇ ਵਿਚ ਸਭ ਪ੍ਰਕਾਰ ਦੇ ਖਰਚ ਦੇਣ ਤੋਂ ਬਾਅਦ ਜੋ ਅਸਲੀ ਲਾਭ ਹੁੰਦਾ ਹੈ। ਉਸ ਉੱਪਰ ਹੀ ਕਰ ਲਗਾਉਣਾ ਚਾਹੀਦਾ ਹੈ। ਇਸ ਪ੍ਰਕਾਰ ਮਨੂੰ ਦਾ ਵਿਚਾਰ ਹੈ ਕਿ ਮੂਲਧਨ ਤੇ ਪੇਸ਼ੇ ਸੰਬੰਧੀ ਕਾਰਜਾਂ ਵਿਚ ਲੱਗੇ ਧਨ ਨੂੰ ਕਰ ਮੁਕਤ ਰੱਖ ਦੇਣਾ ਚਾਹੀਦਾ ਹੈ।

3. **ਰਾਸ਼ਟਰੀ ਯੋਜਨਾ ਸਿਧਾਂਤ:** ਮਨੂੰ ਦੇ ਅਨੁਸਾਰ ਰਾਜੇ ਲਈ ਇਹ ਜ਼ਰੂਰੀ ਹੈ ਕਿ ਉਹ ਰਾਸ਼ਟਰ ਨੂੰ ਖੁਸ਼ਹਾਲ ਬਣਾਉਣ ਲਈ ਕੌਮੀ ਯੋਜਨਾਵਾਂ ਨੂੰ ਦ੍ਰਿਸ਼ਟੀਗੋਚਰ ਰੱਖਦੇ ਹੋਏ ਕਰ ਲਗਾਵੇ।

4. **ਕਸ਼ਟ ਮੁਕਤੀ ਦਾ ਸਿੱਧਾਂਤ:** ਰਾਜਾ ਦੁਆਰਾ ਪਰਜਾ ਤੋਂ ਕਰ ਇਸ ਪ੍ਰਕਾਰ ਅਨੁਭਵ ਨਾ ਹੋਵੇ। ਮਨੂੰ ਦੇ ਅਨੁਸਾਰ, 'ਜਿਸ ਪ੍ਰਕਾਰ ਜੋਕ, ਵੱਛਾ ਅਤੇ ਸ਼ਹਿਦ ਦੀ ਮੱਖੀ ਆਪਣੇ ਖਾਣ ਲਈ ਨਿਤਕ੍ਰਮ ਅਨੁਸਾਰ ਥੋੜ੍ਹਾ ਥੋੜ੍ਹਾ ਖੂਨ, ਦੁੱਧ ਅਤੇ ਸ਼ਹਿਦ ਇੱਕਠਾ ਕਰਦੇ ਹਨ ਉਸੀ ਪ੍ਰਕਾਰ ਰਾਜੇ ਨੂੰ ਪਰਜਾ ਤੋ ਥੋੜ੍ਹਾ ਥੋੜ੍ਹਾ ਸਾਲਾਨਾ ਕਰ ਇੱਕਠਾ ਕਰਨਾ ਚਾਹੀਦਾ ਹੈ।''

**5.** f} n kdk eo fBFX f; ZKls L ਮਨੂੰ ਇਸ ਗੱਲ ਦੇ ਵਿਰੁੱਧ ਹੈ ਕਿ ਰਾਜਾ ਪਰਜਾ ਉੱਤੇ ਉਸ ਦੀ ਸਮਰਥਾ ਤੋਂ ਬਾਹਰ ਕਰ ਲਗਾਏ। ਉਸ ਦੇ ਅਨੁਸਾਰ, 'ਜੋ ਰਾਜਾ ਮੂਰਖਤਾ ਵਸ ਆਪਣੀ ਪਰਜਾ ਤੋਂ ਜ਼ਿਆਦਾ ਕਰ ਵਸੂਲ ਕਰਦਾ ਹੈ ਉਹ ਖੁਦ ਆਪਣਾ ਅਤੇ ਆਪਣੇ ਰਿਸ਼ਤੇਦਾਰਾਂ ਦਾ ਹੀ ਨਾਸ਼ ਕਰਦਾ ਹੈ।''

ਮਨੂੰ ਸਿਮ੍ਰਿਤੀ ਵਿਚ ਕਰਾਂ ਦੀ ਦਰ ਦੇ ਵਿਸ਼ੇ ਬਾਰੇ ਕਈ ਗੱਲਾਂ ਕਹੀਆਂ ਗਈਆਂ ਹਨ। ਵਪਾਰੀਆਂ ਤੋਂ ਕਰ ਉਹਨਾਂ ਦੇ ਹਰ ਪ੍ਰਕਾਰ ਦੇ ਲਾਭ ਜਾਂ ਖਰਚ ਨੂੰ ਦੇਖ ਕੇ ਲਿਆ ਜਾਣਾ ਚਾਹੀਦਾ ਹੈ। ਰਾਜੇ ਨੂੰ ਕਰ ਦੇ ਰੂਪ ਵਿਚ ਪਸ਼ੂ ਅਤੇ ਸੋਨੇ ਦਾ ਪੰਜਾਹਵਾਂ ਹਿੱਸਾ ਅਤੇ ਭੂਮੀ ਦੀ ਸ੍ਰੇਸ਼ਟਤਾ, ਉਪਜਾਊਪਨ ਅਤੇ ਮਿਹਨਤ ਆਦਿ ਦਾ ਵਿਚਾਰ ਕਰਕੇ ਧਨ ਦਾ ਛੇਵਾਂ, ਅੱਠਵਾਂ ਜਾਂ ਬਾਰ੍ਹਵਾਂ ਹਿੱਸਾ ਗ੍ਰਹਿਣ ਕਰਨਾ ਚਾਹੀਦਾ ਹੈ। ਦਰਖਤ, ਮਾਸ, ਘੀ, ਗੰਧ ਅਸ਼ੁੱਧੀ, ਕਪੜਾ, ਮਿੱਟੀ ਦੇ ਬਰਤਨ ਅਤੇ, ਪੱਥਰ ਦੀਆਂ ਬਣੀਆਂ ਸਾਰੀਆਂ ਚੀਜ਼ਾਂ ਦਾ ਛੇਵੇਂ ਹਿੱਸੇ ਦੇ ਰੂਪ ਵਿਚ ਕਰ ਲਿਆ ਜਾਣਾ ਚਾਹੀਦਾ ਹੈ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਬਜ਼ੀ ਆਦਿ ਵਸਤੂਆਂ ਦੀ ਖਰੀਦ ਅਤੇ ਵਿਕਰੀ ਉੱਪਰ ਨਿਰਭਰ ਵਿਅਕਤੀਆਂ ਤੋ ਬਹੁਤ ਘੱਟ ਕਰ ਲਵੇ। ਕਾਰੀਗਰ, ਤਰਖਾਣ, ਪਲੇਦਾਰ ਆਦਿ ਤੋਂ ਰਾਜਾ ਪ੍ਰਤੀ ਮਹੀਨਾ ਇਕ ਦਿਨ ਕੰਮ ਕਰਵਾਏ। ਰਾਜੇ ਨੂੰ ਅੰਨੇ, ਮੂਰਖ ਅਤੇ ਅੰਗਹੀਣ ਅਤੇ ਸੱਤਰ ਸਾਲਾਂ ਤੋ ਵੱਧ ਬਿਰਧ ਵਿਅਕਤੀਆਂ ਤੋ ਕਰ ਨਹੀਂ ਲੈਣਾ ਚਾਹੀਦਾ। ਮਨੂੰ ਅਨੁਸਾਰ ਰਾਜਾ ਨੂੰ ਕਿਸੇ ਵੀ ਹਾਲਤ ਵਿਚ ਵੇਦ, ਪਾਠੀ ਬ੍ਰਾਹਮਣ ਤੋਂ ਕਰ ਨਹੀਂ ਲੈਣਾ ਚਾਹੀਦਾ ਅਤੇ ਉਸ ਦੇ ਦੁਆਰਾ ਇਸ ਤਰ੍ਹਾਂ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ ਕਿ ਬ੍ਰਾਹਮਣ ਭੁੱਖ ਤੋਂ ਪੀੜਿਤ ਨਾ ਹੋਣ।

## ਦੂਜੇ ਰਾਸ਼ਟਰਾਂ ਨਾਲ ਸੰਬੰਧ

ਮਨੂੰ ਦੇ ਦੂਜੇ ਰਾਸ਼ਟਰਾਂ ਨਾਲ ਸੰਬੰਧਾਂ ਤੇ ਵਿਚਾਰ ਕਰਦੇ ਹੋਏ ਦੋ ਪ੍ਰਮੁੱਖ ਸਿੱਧਾਂਤਾਂ ਦੀ ਵਿਆਖਿਆ ਕੀਤੀ ਹੈ। ਇਹ ਹਨ ਮੰਡਲ ਸਿੱਧਾਂਤ ਅਤੇ ਸ਼ਡ ਭਾਵ ਛੇ ਗੁਣ ਨੀਤੀ।

## ਮੰਡਲ ਸਿੱਧਾਂਤ :

ਮਨੂੰ ਦੇ ਅਨੁਸਾਰ ਰਾਜੇ ਨੂੰ ਪ੍ਰੇਰਨਾ ਸ੍ਰੋਤ ਹੋਣਾ ਚਾਹੀਦਾ ਹੈ ਅਤੇ ਖੇਤਰ ਦਾ ਵਿਸਥਾਰ ਕਰਨ ਲਈ ਲਗਾਤਾਰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਕ ਦ੍ਰਿਸ਼ਟੀ ਤੋਂ ਰਾਜੇ ਨੂੰ ਮੰਡਲ ਸਿੱਧਾਂਤ ਦੇ ਆਧਾਰ ਉੱਪਰ ਦੂਜੇ ਰਾਜਾਂ ਦੇ ਨਾਲ ਸੰਬੰਧ ਸਥਾਪਿਤ ਕਰਨੇ ਚਾਹੀਦੇ ਹਨ। ਰਾਜ ਮੰਡਲ ਜਾਂ ਮੰਡਲ ਸਿੱਧਾਂਤ ਦਾ ਅਰਥ ਹੈ ਰਾਜ ਦਾ ਪ੍ਰਭਾਵ ਖੇਤਰ (sphere of influence)। ਇਸ ਦਾ ਕੇਂਦਰ ਬਿੰਦੂ ਵਿਜਿਗਸੂ ਰਾਜਾ (ਜਿੱਤ ਹਾਸਲ ਕਰਨ ਦੀ ਇੱਛਾ ਰੱਖਣ ਵਾਲਾ ਰਾਜਾ) ਹੁੰਦਾ ਹੈ।

ਮੰਡਲ ਸਿੱਧਾਂਤ ਵਿਜਿਗਸੂ ਰਾਜਾ ਦਾ ਸਿੱਧਾਂਤ ਹੈ ਅਤੇ ਇਸ ਦਾ ਸੰਬੰਧ ਰਾਜ ਦੀ ਸੀਮਾ ਦੇਣ ਵਿਸਥਾਰ ਨਾਲ ਹੈ। ਰਾਜ ਮੰਡਲ ਦੇ ਰਾਜਾਂ ਦੀਆਂ ਚਾਰ ਮੂਲ ਪ੍ਰਵਿਰਤੀਆਂ ਇਹ ਹਨ: ਵਿਜਿਗਸੂ, ਮਿੱਤਰ, ਉਦਾਸੀਨ ਅਤੇ ਸ਼ਤਰੂ। ਸਾਰਿਆਂ ਰਾਜਾਂ ਨੂੰ ਇਹਨਾਂ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਸ ਦੇ ਇਲਾਵਾ ਸ਼ਤਰੂ ਤੇ ਮਿੱਤਰ ਦੇ ਭੇਦ ਤੋਂ ਹੋਰ ਸ਼ਾਖਾਵਾਂ ਵੀ ਨਿਕਲਦੀਆਂ ਹਨ ਅਤੇ ਰਾਜ ਮੰਡਲ ਦੀਆਂ ਕੁੱਲ ਮਿਲਾ ਕੇ ਬਾਰਾਂ ਪ੍ਰਵਿਰਤੀਆਂ ਹਨ।

ਮੰਡਲ ਸਿਧਾਂਤ ਵਿਜਿਗਸੂ (ਜਿੱਤ ਦੇ ਚਾਹਵਾਨ) ਰਾਜਾ ਦਾ ਸਿਧਾਂਤ ਹੈ ਤੇ ਇਸਦਾ ਸੰਬੰਧ ਰਾਜ ਦੀ ਸੀਮਾ ਦਾ ਵਿਸਥਾਰ ਕਰਨਾ ਹੈ। ਲੜਨਾ, ਜਿੱਤਣਾ ਅਤੇ ਆਪਣੇ ਰਾਜ ਦਾ ਵਿਸਥਾਰ ਕਰਨਾ ਕਸ਼ਤਰੀ ਦਾ ਧਰਮ ਮੰਨਿਆ ਜਾਂਦਾ ਹੈ। ਇਸ ਕਰਕੇ ਰਾਜ ਦਾ ਗੁਆਂਢੀ ਰਾਜ ਸਦਾ ਹੀ ਰਾਜ ਦੁਸ਼ਮਣ ਹੈ। ਮੰਡਲ ਸਿੱਧਾਂਤ

ਅਨੁਸਾਰ ਮੁੱਖ ਤੌਰ ਤੇ ਰਾਜ ਚਾਰ ਪ੍ਰਕਾਰ ਦੇ ਹੋ ਸਕਦੇ ਹਨ ਵਿਜਿਗਸੂ, ਮਿੱਤਰ, ਉਦਾਸੀਨ ਅਤੇ ਸ਼ਤਰੂ। ਇਸ ਦੇ ਨਾਲ ਹੀ ਮਿੱਤਰ ਤੇ ਸ਼ਤਰੂ (friend and enemy) ਦੇ ਭੇਦ ਤੋਂ ਹੋਰ ਸ਼ਾਖਾਵਾਂ ਨਿਕਲਦੀਆਂ ਹਨ ਜਿਹਨਾਂ ਦੇ ਆਧਾਰ ਤੇ ਰਾਜ ਮੰਡਲ ਦੀਆਂ ਕੁੱਲ ਮਿਲਾ ਕੇ 12 ਪ੍ਰਵਿਰਤੀਆਂ ਹਨ– ਭਾਵ ਮੰਡਲ ਵਿਚ ਵਿਜਗਸੂ (ਜਿੱਤ ਦੇ ਚਾਹਵਾਨ) ਤੋਂ ਇਲਾਵਾ 11 ਹੋਰ ਰਾਜ ਹੁੰਦੇ ਹਨ। ਇਹਨਾਂ ਵਿਚੋਂ ਪੰਜ ਵਿਜਿਗਸੂ ਰਾਜ ਦੇ ਅਗਲੇ ਪਾਸੇ, ਚਾਰ ਪਿਛਲੇ ਪਾਸੇ ਅਤੇ ਦੋ ਕਿਧਰੇ ਵੀ ਹੋ ਸਕਦੇ ਹਨ।

ਅਗਲੇ ਪਾਸੇ ਦੇ ਰਾਜ ਹਨ (i) ਆਰੀ ਭਾਵ ਦੁਸ਼ਮਣ ਰਾਜ (enemy) (ii) ਮਿੱਤਰ ਭਾਵ ਦੋਸਤ ਰਾਜ (iii) ਆਰੀ ਮਿੱਤਰ ਭਾਵ ਦੁਸ਼ਮਣ ਦਾ ਦੋਸਤ ਰਾਜ (enemy's friend) (iv) ਮਿੱਤਰ, ਮਿੱਤਰ ਭਾਵ ਦੋਸਤ ਰਾਜ ਦਾ ਦੋਸਤ (friend's friend)।

ਜਿਸ ਤਰ੍ਹਾਂ ਅਗਲੇ ਪਾਸੇ ਦੇ ਗੁਆਂਢੀ ਰਾਜ ਨੂੰ 'ਆਰੀ' ਕਿਹਾ ਗਿਆ ਹੈ, ਉਸੇ ਤਰ੍ਹਾਂ ਪਿਛਲੇ ਗੁਆਂਢੀ ਰਾਜ ਨੂੰ (ਜੋ ਇਸ ਸਿੱਧਾਂਤ ਅਨੁਸਾਰ ਦੁਸ਼ਮਣ ਹੀ ਹੋਵੇਗਾ) 'ਪਰਸ਼ਨੀ ਗ੍ਰਹਿ' ਕਿਹਾ ਗਿਆ ਹੈ (ਭਾਵ ਪਿਛਲੇ ਪਾਸੇ ਵਾਲਾ ਸ਼ਤਰੂ ਰਾਜ) ਅਤੇ ਉਸਦਾ ਗੁਆਂਢੀ ਰਾਜ, ਜੋ ਕਿ ਵਿਜਿਗਸੂ ਦਾ ਮਿੱਤਰ ਹੋਵੇਗਾ ਨੂੰ 'ਅਕਰੰਦ'। ਪਿਛਲੇ ਪਾਸੇ ਦੇ 'ਦੁਸ਼ਮਣ ਦੇ ਦੋਸਤ ਰਾਜ' ਨੂੰ 'ਪਰਸ਼ਨੀ ਗ੍ਰਹਿ ਸਾਰ' ਕਿਹਾ ਗਿਆ ਹੈ ਅਤੇ ਪਿਛਲੇ ਪਾਸੇ ਦੇ ਮਿੱਤਰ ਰਾਜ ਦੇ ਮਿੱਤਰ ਨੂੰ ਅਕਰੰਦ ਸਾਰ।

ਦੋ ਹੋਰ ਰਾਜ ਹਨ 'ਮਧਿਅਮ' ਭਾਵ ਅਜਿਹਾ ਰਾਜ ਜੋ ਵਿਜਿਗਸ਼ੂ ਅਤੇ ਉਸਦੇ ਦੁਸ਼ਮਣ ਦੋਹਾਂ ਦਾ ਹੀ ਮਿੱਤਰ ਹੋਵੇ ਅਤੇ 'ਉਦਾਸੀਨ' (neutral) ਜੋ ਕਿਸੇ ਵਲ ਵੀ ਨਹੀਂ ਹੈ।

ਅੰਤਰ ਰਾਸ਼ਟਰੀ ਖੇਤਰ ਵਿਚ ਜਸ ਪ੍ਰਾਪਤ ਕਰਨ ਲਈ ਰਾਜੇ ਨੂੰ ਇਹੋ ਜਿਹੇ ਖੇਤਰਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ ਅਤੇ ਇਹੋ ਜਿਹੀ ਨੀਤੀ ਅਪਣਾਉਣੀ ਚਾਹੀਦੀ ਹੈ, ਜਿਸ ਅਨੁਸਾਰ ਸ਼ਕਤੀ ਸੰਤੁਲਨ ਉਸ ਦੇ ਪੱਖ ਵਿਚ ਰਹੇ। ਰਾਜ ਮੰਡਲ ਵਿਚ ਰਾਜ ਵਿਸਥਾਰ ਦਾ ਸਿੱਧਾਂਤ ਰਾਜਾਂ ਦੇ ਸੰਤੁਲਨ ਨੂੰ ਖਤਮ ਕਰ ਦਿੰਦਾ ਹੈ। ਰਾਜ ਦੀ ਹੋਂਦ ਬਣਾਈ ਰੱਖਣ ਦੇ ਲਈ ਲਗਾਤਾਰ ਸਤਰਕਤਾ ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ।

## ਛੇ ਗੁਣੀ ਨੀਤੀ:

ਜਿੱਤ ਦੇ ਚਾਹਵਾਨ ਰਾਜੇ ਨੂੰ ਚਾਹੀਦਾ ਹੈ ਕਿ ਉਹ ਦੁਸ਼ਮਣ ਰਾਜਿਆਂ ਨਾਲ 'ਸਾਮ', 'ਦਾਮ', 'ਭੇਦ' ਅਤੇ 'ਦੰਡ' ਆਦਿ ਉਪਾਵਾਂ ਦੀ ਵੱਖ ਵੱਖ ਮੌਕਿਆਂ ਅਨੁਸਾਰ ਜਾਂ ਇੱਕਠੀ ਵਰਤੋਂ ਕਰਕੇ ਪੁਰਸ਼ਾਰਥ ਅਤੇ ਨੀਤੀ ਨਾਲ ਉਹਨਾਂ ਸਭ ਨੂੰ ਆਪਣੇ ਵਸ ਵਿਚ ਕਰੇ। ਇਸ ਸੰਬੰਧ ਵਿਚ ਰਾਜੇ ਦੁਆਰਾ 'ਸੰਧੀ', 'ਵਿਗ੍ਰਹਿ', 'ਯਾਨ', 'ਅਸਨ', 'ਸੰਸ਼ਰਘ' (ਭਾਵ ਅਧੀਨਤਾ ਜਾਂ ਆਸਰਾ) ਅਤੇ 'ਦਵੈਧ ਭਾਵ' (dual policy) ਵਾਲੀ ਨੀਤੀ ਜਾਂ ਛੇ ਗੁਣੀ ਨੀਤੀ ਵੀ ਸਮੇਂ ਦੀ ਲੋੜ ਅਨੁਸਾਰ ਰਾਜੇ ਦੁਆਰਾ ਅਪਣਾਈ ਜਾਣੀ ਚਾਹੀਦੀ ਹੈ। ਇਸ ਨੀਤੀ ਦਾ ਪਾਲਣ ਰਾਜੇ ਨੂੰ ਆਪਣੀ ਲਾਭ ਹਾਨੀ ਦਾ ਵਿਚਾਰ ਕਰਕੇ ਕਰਨਾ ਚਾਹੀਦਾ ਹੈ। ਰਾਜੇ ਨੂੰ ਇਸ ਤਰ੍ਹਾਂ ਦੇ ਸਾਰੇ ਉਪਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਸ ਨਾਲ ਉਸ ਦੇ ਦੁਸ਼ਮਣ, ਮਾਧਿਅਮ ਜਾਂ ਉਦਾਸੀਨ ਅਤੇ ਉਦਾਸੀਨ ਰਾਜਾਂ ਦੀ ਅਧਿਕਤਾ ਨਾ ਹੋਵੇ ਕਿਉਂਕਿ ਉਹਨਾਂ ਦੀ ਅਧਿਕਤਾ ਹੋਣ ਨਾਲ ਧਨ ਲੋਭ ਤੋਂ ਮਿੱਤਰ ਦੇ ਵੀ ਦੁਸ਼ਮਣ ਹੋ ਜਾਣ ਤੇ ਉਸ ਦੇ ਅਧੀਨ ਹੋਣ ਦੀ ਆਸ਼ੰਕਾ ਬਣੀ ਰਹਿੰਦੀ ਹੈ।

ਜਿੱਥੋਂ ਤੱਕ ਸ਼ਾਂਤੀਪੂਰਨ (peaceful times) ਦੌਰਾਨ ਸੰਬੰਧਾਂ ਦੀ ਗੱਲ ਹੈ, ਰਾਜਾ ਨੂੰ ਰਾਜਦੂਤਾਂ ਦੀ ਅਦਲਾ ਬਦਲੀ ਕਰਦੇ ਹੋਏ ਦੂਸਰੇ ਰਾਜਾਂ ਨਾਲ ਕੂਟਨੀਤਿਕ ਸੰਬੰਧ ਰੱਖਣੇ ਚਾਹੀਦੇ ਹਨ। ਰਾਜਦੂਤ ਹੀ ਮਿੱਤਰਾਂ

ਨੂੰ ਬਣਾਉਣ ਅਤੇ ਵਿਗਾੜਨ ਵਾਲੇ ਹਨ ਅਤੇ ਦੂਸਰੇ ਰਾਜਾਂ ਨਾਲ ਯੁੱਧ ਜਾਂ ਸ਼ਾਂਤੀ ਉਸ ਤੇ ਨਿਰਭਰ ਕਰਦੀ ਹੈ। ਰਾਜਦੂਤ ਸਾਰੇ ਸ਼ਾਸਤਰਾਂ ਦਾ ਵਿਦਵਾਨ ਆਕਾਰ ਅਤੇ ਚੇਸ਼ਟਾ ਨੂੰ ਜਾਣਨ ਵਾਲਾ, ਸ਼ੁੱਧ ਹਿਰਦੇ ਵਾਲਾ, ਚਤੁਰ ਅਤੇ ਕੁਲੀਨ ਹੋਣਾ ਚਾਹੀਦਾ ਹੈ। ਇਹ ਛੇ ਨੀਤੀ ਅਤੇ ਸਮੇਂ ਨੂੰ ਜਾਣਨ ਵਾਲਾ, ਸਮਰਥ ਅਤੇ ਧਰਮ, ਅਰਥ ਅਤੇ ਕਾਮ ਅਤੇ ਦੁਸ਼ਮਣ ਦੁਆਰਾ ਆਪਣੇ ਵਸ ਵਿਚ ਨਾ ਹੋ ਸਕਣ ਵਾਲਾ ਹੋਣਾ ਚਾਹੀਦਾ ਹੈ। ਉਸ ਦੀ ਵਿਵੇਕ ਸ਼ਕਤੀ ਕਾਫੀ ਵਿਕਸਿਤ ਹੋਣੀ ਚਾਹੀਦੀ ਹੈ ਅਤੇ ਮਨੋਵਿਗਿਆਨ ਦਾ ਚੰਗਾ ਗਿਆਤਾ ਹੋਣਾ ਚਾਹੀਦਾ ਹੈ।

ਮਨੂੰ ਦਾ ਵਿਚਾਰ ਹੈ ਕਿ ''ਰਾਜਾ ਸਾਮ, ਦਾਮ, ਦੰਡ ਅਤੇ ਭੇਦ ਦੀ ਨੀਤੀ ਇਕ ਇਕ ਕਰਕੇ ਜਾਂ ਸੰਮਿਲਤ (ਸੰਯੁਕਤ) ਰੂਪ ਨਾਲ ਪ੍ਰਯੋਗ ਕਰਕੇ ਹੋਰ ਰਾਜਾਂ ਨੂੰ ਜਿੱਤਣ ਦਾ ਯਤਨ ਕਰੇ, ਯੁੱਧ ਦੁਆਰਾ ਨਹੀਂ ਕਿਉਂਕਿ ਯੁੱਧ ਵਿਚ ਦੋਨਾਂ ਧਿਰਾਂ ਦਾ ਖਾਤਮਾ ਹੋ ਜਾਂਦਾ ਹੈ ਪਰ ਕਈ ਪਰਿਸਥਿਤੀਆਂ ਵਿਚ ਯੁੱਧ ਜ਼ਰੂਰੀ ਹੁੰਦਾ ਹੈ। ਜਦੋਂ ਜ਼ਰੂਰਤ ਹੋਵੇ ਤਾਂ ਬਿਨਾਂ ਕਿਸੀ ਸ਼ੰਕਾ ਦੇ ਯੁੱਧ ਦਾ ਆਸਰਾ ਲਿਆ ਜਾਣਾ ਚਾਹੀਦਾ ਹੈ। ਯੁੱਧ ਵਿਚ ਜਿੱਤ ਪ੍ਰਾਪਤ ਕਰਨ ਨਾਲ ਰਾਜ ਲਾਭ ਅਤੇ ਸਾਹਮਣੇ ਲੜਦੇ ਹੋਏ ਮਰਨ ਨਾਲ ਸਵਰਗ ਲਾਭ ਪ੍ਰਾਪਤ ਹੁੰਦਾ ਹੈ ਅਰਥਾਤ ਰਾਜੇ ਨੂੰ ਜ਼ਰੂਰਤ ਹੋਣ ਤੇ ਯੁੱਧ ਤੋਂ ਬੇਮੁੱਖ ਨਹੀਂ ਹੋਣਾ ਚਾਹੀਦਾ। ਪਰੰਤੂ ਜਦੋਂ ਨਿਸ਼ਚਿਤ ਰੂਪ ਨਾਲ ਹਾਰ ਜਾਣ ਦੀ ਸ਼ੰਕਾ ਹੋਵੇ ਤਾਂ ਯੁੱਧ ਖੇਤਰ ਤੋਂ ਹੱਟ ਕੇ ਆਤਮ ਰੱਖਿਆ ਕਰਨੀ ਚਾਹੀਦੀ ਹੈ। ਕਿਉਂਕਿ ਮਰਨ ਉਪਰੰਤ ਕੋਈ ਮਨੁੱਖ ਕਾਰਜ ਸਿੱਧ ਨਹੀਂ ਕਰ ਸਕਦਾ। ਜਿੱਤ ਦੀ ਲਾਲਸਾ ਰੱਖਣ ਵਾਲੇ ਰਾਜੇ ਨੂੰ ਪੂਰੀ ਸੈਨਿਕ ਤਿਆਰੀ ਦੇ ਬਾਅਦ ਦੂਸਰੇ ਰਾਜੇ ਉੱਪਰ ਚੜ੍ਹਾਈ ਕਰਨੀ ਚਾਹੀਦੀ ਹੈ। ਉਸ ਨੂੰ ਕੋਸ਼, ਰਸਦ ਅਤੇ ਕੂਟਨੀਤਿਕ ਉਪਾਵਾਂ ਦਾ ਵੀ ਪੂਰਾ ਪ੍ਰਬੰਧ ਕਰ ਲੈਣਾ ਚਾਹੀਦਾ ਹੈ।

ਮਨੂੰ ਦੇ ਅਨੁਸਾਰ ਜੇਤੂ ਰਾਜਾ ਦੁਆਰਾ ਹਾਰੇ ਹੋਏ ਰਾਜੇ ਦੇ ਪ੍ਰਤੀ ਚੰਗਾ ਵਰਤਾਓ ਕਰਨਾ ਚਾਹੀਦਾ ਹੈ। ਉਸ ਦੇ ਦੁਆਰਾ ਹਾਰੇ ਹੋਏ ਰਾਜ ਦੇ ਲੋਕਾਂ ਦੇ ਧਰਮ, ਰੀਤੀ ਰਿਵਾਜ, ਮਰਯਾਦਾ ਅਤੇ ਪਰੰਪਰਾਵਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਹਾਰੇ ਹੋਏ ਰਾਜ ਦੀ ਜਨਤਾ ਨੂੰ ਨੁਕਸਾਨ ਪਹੁੰਚਾਉਣ ਵਾਲਾ ਕੋਈ ਵੀ ਕਾਰਜ ਨਹੀਂ ਕਰਨਾ ਚਾਹੀਦਾ। ਹਾਰੇ ਹੋਏ ਰਾਜੇ ਦੇ ਦੇਸ਼ ਵਿਚ ਪੈਦਾ ਹੋਏ ਕਿਸੇ ਸੁਯੋਗ ਵਿਅਕਤੀ ਨੂੰ ਉਥੋਂ ਦਾ ਰਾਜਾ ਨਿਯੁਕਤ ਕਰ ਦੇਣਾ ਚਾਹੀਦਾ ਹੈ ਅਤੇ ਉਸ ਦੇ ਨਾਲ ਸੰਧੀ ਕਰਕੇ ਉਸ ਨੂੰ ਮਿੱਤਰ ਬਣਾ ਲੈਣਾ ਚਾਹੀਦਾ ਹੈ। ਮਨੂੰ ਕਹਿੰਦਾ ਹੈ ਕਿ ਰਾਜੇ ਦੀ ਤਰੱਕੀ ਸੋਨੇ ਅਤੇ ਭੂਮੀ ਤੋਂ ਇਤਨੀ ਨਹੀਂ ਹੋਵੇਗੀ ਜਿਤਨੀ ਕਿ ਭਵਿੱਖ ਵਿਚ ਕਮਜ਼ੋਰ ਰਾਜੇ ਤੋਂ ਸਹਾਇਤਾ ਪ੍ਰਾਪਤ ਹੋਣ ਦੀ ਆਸ ਨਾਲ ਹੁੰਦੀ ਹੈ।

## ਯੁੱਧ ਨੀਤੀ :

ਰਾਜ ਜਾਂ ਅੰਤਰ ਰਾਸ਼ਟਰੀ ਸੰਬੰਧਾਂ ਦੀ ਪ੍ਰਮੁੱਖ ਸਮੱਸਿਆ ਯੁੱਧ ਹੈ। ਇਕ ਰਾਜ ਦਾ ਹੋਰ ਰਾਜਾਂ ਨਾਲ ਵਿਵਹਾਰ ਨਿਰਧਾਰਿਤ ਕਰਦੇ ਸਮੇਂ ਰਾਜਨੀਤਿਕ ਵਿਚਾਰਕ ਯੁੱਧ ਦੇ ਵਿਸ਼ੇ ਵਿਚ ਜ਼ਰੂਰੀ ਵਿਚਾਰ ਕਰਦੇ ਹਨ। ਮਨੂੰ ਦੇ ਯੁੱਧ ਦੇ ਵਿਸ਼ੇ ਵਿਚ ਪਰਸਪਰ ਦੋ ਵਿਰੋਧੀ ਦ੍ਰਿਸ਼ਟੀਕੋਣ ਹਨ :

**(1) ਯੁੱਧ ਦਾ ਪ੍ਰਬਲ ਸਮਰਥਨ :** ਉਹ ਯੁੱਧ ਦਾ ਅਨੁਯਾਈ ਪ੍ਰਤੀਤ ਹੁੰਦੇ ਹਨ, ਰਾਜ ਮੰਡਲ ਵਿਚ ਵਿਜਿਗਸ਼ੂ ਵਿਜੈ ਅਭਿਲਾਸ਼ੀ ਸ਼ਾਸ਼ਕ ਹੁੰਦਾ ਹੈ। ਉਹ ਦੁਰਲੱਭ ਨੂੰ ਪ੍ਰਾਪਤ ਕਰਨ, ਪ੍ਰਾਪਤ ਦੀ ਰਖਿਆ ਅਤੇ ਰਖਿਅਤ ਨੂੰ ਵਧਾਉਣ ਲਈ ਸਦਾ ਉਤਸੁਕ ਰਹਿੰਦਾ ਹੈ। ਇਨ੍ਹਾਂ ਤਿਨਾਂ ਕਾਰਜਾਂ ਦੇ ਲਈ ਉਸ ਵਾਸਤੇ ਯੁੱਧ ਦਾ ਆਸਰਾ ਗ੍ਰਹਿਣ ਕਰਨਾ ਸੁਭਾਵਿਕ ਹੈ। ਇਸ ਦੇ ਇਲਾਵਾ ਮਨੂੰ ਨੇ ਸਪੱਸ਼ਟ ਸ਼ਬਦਾਂ ਵਿਚ ਯੁੱਧ ਦਾ ਸਮਰਥਨ ਕੀਤਾ। ਪਰਜਾ ਦਾ ਭਲੀ ਭਾਂਤ ਪਾਲਣ ਕਰਨ ਵਾਲਾ ਰਾਜਾ ਯੁੱਧ ਦੇ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ। ਹੋਰ ਰਾਜੇ ਦੇ ਲਲਕਾਰਨ ਤੇ ਉਸ ਦੀ ਸ਼ਕਤੀ ਦੇ ਅਧਿਕ, ਸਮਾਨ

ਜਾਂ ਘੱਟ ਦੀ ਚਿੰਤਾ ਕੀਤੇ ਬਿਨਾਂ ਹੀ ਯੁੱਧ ਵਿਚ ਲੱਗ ਜਾਣਾ ਖੱਤਰੀ ਦਾ ਪਵਿੱਤਰ ਧਰਮ ਹੈ। ਮੈਦਾਨ ਵਿਚ ਪਿੱਠ ਦਿਖਾਣਾ ਸ਼ੋਭਾ ਨਹੀਂ ਦਿੰਦਾ। ਯੁੱਧ ਵਿਚ ਲੜ ਕੇ ਮਰਨ ਵਾਲੇ ਇਸ ਲੋਕ ਵਿਚ ਜਸ ਅਤੇ ਪਰਲੋਕ ਵਿਚ ਸਵਰਗ ਪ੍ਰਾਪਤ ਕਰਦੇ ਹਨ।

ਯੁੱਧ ਧਰਮ ਯੁੱਧ ਹੁੰਦਾ ਹੈ। ਯੁੱਧ ਵਿਚ ਜਟਿਲ ਉਪਾਅ, ਵਿਆਪਕ ਅਤੇ ਅਗਨੀ ਪ੍ਰਜ ਜਟਿਲ ਸ਼ਾਸਤਰਾਂ ਦਾ ਪ੍ਰਯੋਗ ਨਹੀਂ ਕੀਤਾ ਜਾਣਾ ਚਾਹੀਦਾ। ਕੇਸ ਖਿੰਡਾਏ, ਮੁਆਫੀ ਮੰਗਣ ਵਾਲਾ, ਸ਼ਰਨਗਤ, ਕਵਚਹੀਨ, ਸ਼ਸਤਰਰਹਿਤ, ਯੁੱਧ ਦਰਸ਼ਕ, ਦੂਸਰੇ ਦੇ ਨਾਲ ਯੁੱਧ ਕਰਨ ਵਾਲੇ ਆਦਿ ਨੂੰ ਕਦੇ ਵੀ ਨਹੀਂ ਮਾਰਨਾ ਚਾਹੀਦਾ।

ਮਨੂੰ ਨੇ ਦੁਸ਼ਮਣ ਤੇ ਚੜ੍ਹਾਈ ਕਰਨ ਦੇ ਲਈ ਰੁੱਤ ਅਨੁਸਾਰ ਅਵਸਰ ਵੀ ਦੱਸੇ ਹਨ। ਉਸ ਨੇ ਕਿਹਾ ਕਿ ਵਿਜੈ ਅਭਿਲਾਸ਼ੀ ਰਾਜੇ ਨੂੰ ਆਪਣੀ ਸੈਨਾ ਸਮੇਤ ਮੱਘਰ, ਫਗਨ ਜਾਂ ਚੇਤ ਮਹੀਨੇ ਵਿਚ ਯੁੱਧ ਦੇ ਲਈ ਯਤਨ ਕਰਨਾ ਚਾਹੀਦਾ ਹੈ। ਪਰੰਤੂ ਇਸ ਦਾ ਮਤਲਬ ਇਹ ਨਹੀਂ ਕਿ ਹੋਰ ਕਿਸੇ ਸਮੇਂ ਤੇ ਹਮਲਾ ਨਹੀਂ ਕੀਤਾ ਜਾ ਸਕਦਾ। ਮਨੂੰ ਨੇ ਦੋ ਸਥਿਤੀਆਂ – (1) ਆਪਣੀ ਜਿੱਤ ਨਿਸਚਿਤ ਹੋਣ, (2) ਦੁਸ਼ਮਣ ਦੀਆਂ ਬੁਰੀਆਂ ਆਦਤਾਂ ਤੇ ਫੁੱਟ ਆਦਿ ਤੋਂ ਦੁਰਬਲ ਹੋਣ 'ਚ– ਕਿਸੇ ਵੀ ਸਮੇਂ ਦੁਸ਼ਮਣ ਤੇ ਹਮਲਾ ਕਰਨ ਦੀ ਅਨੁਮਤੀ ਦਿੱਤੀ ਹੈ। ਉਸ ਨੇ ਯੁੱਧ ਵਿਚ ਸੈਨਾ ਸੰਚਾਲਨ, ਸੈਨਾ ਰਚਨਾ ਅਤੇ ਦੁਸ਼ਮਣ ਪੀੜਾ ਆਦਿ ਉਪਰ ਵੀ ਚਾਨਣਾ ਪਾਇਆ ਹੈ।

**(2) ਜਿਥੋਂ ਤੱਕ ਸੰਭਵ ਹੋ ਸਕੇ ਯੁੱਧ ਦਾ ਤਿਆਗ :** ਯੁੱਧ ਦਾ ਤਿਆਗ ਮਨੂੰ ਦੇ ਵਿਚਾਰਾਂ ਦਾ ਦੂਸਰਾ ਪੱਖ ਵੀ ਹੈ। ਉਹਜਿਸ ਦ੍ਰਿੜ੍ਹਤਾ ਨਾਲ ਕਸ਼ੱਤਰੀ ਦਾ ਯੁੱਧ ਕਰਨ ਅਤੇ ਮਰ ਕੇ ਸਵਰਗ ਜਾਣ ਦਾ ਸਮਰਥਨ ਕਰਦਾ ਹੈ। ਉਸੀ ਢੰਗ ਨਾਲ ਉਹ ਯੁੱਧ ਦਾ ਵਿਰੋਧ ਵੀ ਕਰਦਾ ਹੈ। ਉਸ ਨੇ ਇਹ ਵਿਚਾਰ ਵੀ ਦਿੱਤਾ ਹੈ ਕਿ ਜਿੱਥੋਂ ਤੱਕ ਸੰਭਵ ਹੋਵੇ ਰਾਜੇ ਨੂੰ ਯੁੱਧ ਨਹੀਂ ਕਰਨਾ ਚਾਹੀਦਾ। ਪਹਿਲਾਂ ਆਪਣੇ ਵਿਵਾਦਾਂ ਤੇ ਸਮੱਸਿਆਵਾਂ ਦਾ ਹੱਲ ਕੂਟਨੀਤਿਕ ਉਪਾਵਾਂ ਸਾਮ, ਦਾਮ, ਭੇਦ ਆਦਿ ਦੇ ਅਲੱਗ ਅਲੱਗ ਜਾਂ ਸਮੂਹਿਕ ਉਪਯੋਗ ਦੁਆਰਾ ਕੱਢਣਾ ਉਚਿਤ ਰਹਿੰਦਾ ਹੈ। ਯੁੱਧ ਵਿਚ ਜਿੱਤ ਅਤੇ ਹਾਰ ਨਿਸ਼ਚਿਤ ਨਹੀਂ ਹੁੰਦੀ, ਇਸ ਲਈ ਸਾਮ, ਭੇਦ ਆਦਿ ਉਪਾਵਾਂ ਦੇ ਅਫਸਲ ਹੋਣ ਤੇ ਹੀ ਯੁੱਧ ਕੀਤਾ ਜਾਣਾ ਚਾਹੀਦਾ ਹੈ। ਯੁੱਧ ਅੰਤਮ ਅਸਤਰ ਹੈ। ਮਨੂੰ ਯੁੱਧ ਦਾ ਸਮਰਥਨ ਅਤੇ ਯਥਾ ਸੰਭਵ ਯੁੱਧ ਦਾ ਤਿਆਗ ਇਨ੍ਹਾਂ ਦੋ ਵਿਰੋਧੀ ਵਿਚਾਰਾਂ ਵਿਚ ਜਿਹਨਾਂ ਨੂੰ ਸਮਝ ਸਕਣਾ ਸੰਭਵ ਨਹੀਂ।

## ਯੁੱਧ ਉਪਰੰਤ ਨੀਤੀ :

ਯੁੱਧ ਦੇ ਉਪਰੰਤ ਰਾਜੇ ਦਾ ਕਰਤੱਵ ਪਰਜਾ ਦੇ ਹਿਰਦੇ ਉਪਰ ਜਿੱਤ ਪ੍ਰਾਪਤ ਕਰਨਾ ਹੁੰਦਾ ਹੈ। ਮਨੋਵਿਗਿਆਨਿਕ ਉਪਾਵਾਂ ਦੇ ਆਧਾਰ ਤੇ ਪਰਜਾ ਦਾ ਮਨ ਆਪਣੇ ਵਸ ਕਰਨ, ਉਨ੍ਹਾਂ ਨੂੰ ਰਾਜ ਭਗਤ ਬਨਾਉਣ, ਨਿਸ਼ਕਪਟ ਰਾਜ ਭੋਗਣ ਦੀ ਦ੍ਰਿਸ਼ਟੀ ਤੋਂ ਜ਼ਰੂਰੀ ਹੈ। ਰਾਜੇ ਨੂੰ ਇਹ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਪਰਜਾ ਆਪਣਾ ਧਰਮ ਤਿਆਗ ਕਰਨਾ ਪਸੰਦ ਨਹੀਂ ਕਰਦੀ। ਇਸ ਲਈ ਪਰਜਾ ਨੂੰ ਧਰਮ ਪਾਲਕ ਕਰਨ ਦੀ ਪੂਰਨ ਸੁਵਿਧਾ ਅਤੇ ਸਰਵਜਨਕ ਮੁਆਫੀ ਦੀ ਘੋਸ਼ਣਾ ਕਰਕੇ ਵਸ ਵਿਚ ਕਰੇ। ਖੁਦ ਧਾਰਮਿਕ ਕੰਮ ਸੰਪਾਦਿਤ ਕਰੇ, ਦੇਵਤਿਆਂ ਦੀ ਪੂਜਾ, ਯੱਗ, ਕਰ ਆਦਿ ਜਿੱਤ ਦੀਆਂ ਉਪਲਬਧੀਆਂ ਨੂੰ ਸੱਚ ਪਾਤਰਾਂ ਨੂੰ ਦਾਨ ਵਿਚ ਦੇਵੇ। ਧਾਰਮਿਕ ਜੀਵਨ ਬਿਤਾਉਣ ਵਾਲੇ ਬ੍ਰਾਹਮਣਾਂ ਨੂੰ ਗਾਂ, ਭੂਮੀ, ਅਤੇ ਸੋਨਾ ਭੇਟ ਕਰੇ। ਜਿੱਤੇ ਹੋਏ ਪ੍ਰਦੇਸ਼ ਦੀ ਭੂਮੀ ਆਪਣੇ ਰਾਜ ਦੀ ਸੀਮਾ ਵਿਚ ਨਾ ਮਿਲਾਵੇ। ਉਸ ਤੇ ਆਪਣਾ ਸਵਾਮੀਤਵ ਲੱਦਣ ਦੀ ਬਜਾਏ ਪਰਜਾ ਦੀ ਇੱਛਾ ਜਾਣ ਕੇ ਰਾਜਵੰਸ਼ ਦੇ ਹੀ ਯੋਗ ਵਿਅਕਤੀ

ਨੂੰ ਸ਼ਾਸਨ ਸੌਂਪ ਦੇਵੇ। ਉਸ ਸ਼ਾਸ਼ਕ ਨਾਲ ਜ਼ਰੂਰੀ ਸੰਧੀ ਕਰੇ। ਭਵਿੱਖ ਦੀ ਉਨੱਤੀ ਦੇ ਲਈ ਬਜਾਏ ਭੂਮੀ ਸਥਾਈ ਮਿੱਤਰ ਜ਼ਿਆਦਾ ਲਾਭਦਾਇਕ ਹੁੰਦਾ ਹੈ।

## Suggested Books

1. Shri Aurobindo : Foundation of Indian Culture.
2. K.P. Jayaswal : Hindu Polity
3. Romila Thapar : Early India : From the Origins to AD 1300.
4. Asha Rani Tripathi : Manu Samriti : A Critical study and its Rel evance in the Modern Times.

# ਰਾਜ ਦੀ ਉਤਪੱਤੀ ਅਤੇ ਨਿਆਂ ਬਾਰੇ ਮਨੂੰ ਦੇ ਵਿਚਾਰ

ਪ੍ਰਾਚੀਨ ਗ੍ਰੰਥਾਂ ਤੇ ਉਸ ਸਮੇਂ ਦੇ ਪੌਰਾਣਿਕ ਸਾਹਿਤ ਤੋਂ ਸਾਨੂੰ ਖੁਸ਼ਹਾਲੀ ਤੇ ਸਦਭਾਵਨਾ ਦੇ ਇਕ ਅਜਿਹੇ 'ਸੁਨਹਿਰੇ ਯੁੱਗ' ਦੀ ਜਾਣਕਾਰੀ ਮਿਲਦੀ ਹੈ ਜਿਸ ਵਿਚ ਲੋਕ ਸ਼ਾਂਤੀਪੂਰਨ ਅਤੇ ਖੁਸ਼ਹਾਲੀ ਜੀਵਨ ਬਤੀਤ ਕਰਦੇ ਸਨ। ਭਾਵੇਂ ਇਸ ਯੁੱਗ ਵਿਚ ਕੋਈ ਸ਼ਾਸਨ ਵਿਵਸਥਾ ਵੀ ਮੌਜੂਦ ਨਹੀਂ ਸੀ, ਪਰ ਲੋਕ ਸੁਭਾਵਿਕ ਹੀ ਚੰਗੇ ਸਨ ਅਤੇ ਇਸ ਗੱਲ ਦਾ ਪੂਰਾ ਧਿਆਨ ਰੱਖਦੇ ਸਨ ਕਿ ਪ੍ਰਕ੍ਰਿਤਿਕ ਕਾਨੂੰਨ ਦੀ ਪਾਲਣਾ ਕੀਤੀ ਜਾਏ। ਪੋਰਾਣਿਕ ਸਾਹਿਤ ਵਿਚ ਇਸ ਤੱਥ ਦਾ ਵਰਣਨ ਮਿਲਦਾ ਹੈ ਕਿ ਇਹ ਖੁਸ਼ਹਾਲ ਤੇ ਸ਼ਾਂਤੀ ਪੂਰਵਕ ਜੀਵਨ ਖੇਤੀਬਾੜੀ ਦੇ ਵਿਕਾਸ ਨਾਲ ਜਿਸ ਦੁਆਰਾ ਲੋਕ ਆਪਣੀ ਲੋੜ ਤੋਂ ਵੱਧ ਉਪਜਾ ਸਕਣ ਦੇ ਸਮਰੱਥ ਹੋ ਗਏ- ਖਤਮ ਹੋ ਗਿਆ। ਪੁਰਾਣਾਂ ਵਿਚ ਇਹ ਵੀ ਵਰਣਨ ਆਉਂਦਾ ਹੈ ਕਿ ਇਕ ਵਾਰੀ ਜਦੋਂ ਲੋਕਾਂ ਦੀ ਰੋਟੀ ਰੋਜੀ ਦੇ ਸਾਧਨ ਉਪਲਬਧ ਹੋ ਗਏ ਤਾਂ ਫਿਰ ਚਾਰ ਵਰਣ ਹੋਂਦ ਵਿਚ ਆ ਗਏ, ਜਿਹਨਾਂ ਦਾ ਰਾਜ ਦੀ ਉਤਪੱਤੀ ਵਿਚ ਮੁੱਖ ਯੋਗਦਾਨ ਹੈ। ਵਾਯੂ ਪੁਰਾਣਾਂ ਅਨੁਸਾਰ ਇਹਨਾਂ ਚਾਰ ਵਰਣਾਂ ਵਿਚ ਆਪਸੀ ਝਗੜੇ ਤੇ ਵਾਦ ਵਿਵਾਦ ਹੋਣ ਲੱਗ ਪਿਆ, ਜਿਸ ਕਾਰਣ ਬ੍ਰਹਮਾਂ ਨੇ ਰਾਜੇ ਜਾਂ ਸ਼ਾਸ਼ਕ ਦੀ ਰਚਨਾ ਕੀਤੀ ਤੇ ਉਸ ਨੂੰ 'ਦੰਡ' ਦੇਣ ਦੀ ਸ਼ਕਤੀ ਵੀ ਪ੍ਰਦਾਨ ਕੀਤੀ ਤਾਂ ਜੋ ਉਹ ਦੁਸ਼ਟ ਤੇ ਗਲਤੀਆਂ ਕਰਨ ਵਾਲਿਆਂ ਨੂੰ ਸਜਾ ਦੇ ਸਕੇ। ਸ਼ਾਂਤੀਪੂਰਨ (ਮਹਾਂਭਾਰਤ) ਵਿਚ ਵੀ ਇੱਕ ਥਾਂ ਤੇ ਇਹ ਜ਼ਿਕਰ ਆਉਂਦਾ ਹੈ ਕਿ ਲੋਕ ਆਪਣੀ ਸੰਪਤੀ, ਪਰਿਵਾਰ ਤੇ ਵਰਣ ਵਿਵਸਥਾ ਦੀ ਸੁਰੱਖਿਆ ਲਈ ਸ਼ਾਸ਼ਕ ਦੀ ਖੋਜ ਵਿਚ ਲੱਗ ਗਏ। ਇਸ ਸੁਰੱਖਿਆ ਦੇ ਬਦਲੇ ਉਹ ਸ਼ਾਸ਼ਕ ਜਾਂ ਰਾਜੇ ਨੂੰ ਆਪਣੀ ਸੰਪਤੀ ਦਾ ਕੁੱਝ ਹਿੱਸਾ ਅਤੇ ਸ਼ਾਦੀ ਦੁਆਰਾ ਸੁੰਦਰ ਇਸਤਰੀਆਂ ਭੇਟ ਕਰਨ ਲਈ ਤਿਆਰ ਸਨ। ਸੋ ਮਨੂੰ ਨੇ ਉਹਨਾਂ ਦੀ ਬੇਨਤੀ ਮੰਨ ਕੇ ਰਾਜਾ ਬਣਨਾ ਤੇ ਉਹਨਾਂ ਦੀ ਸੰਪੱਤੀ, ਪਰਿਵਾਰ ਅਤੇ ਵਰਣ ਵਿਵਸਥਾ ਦੀ ਸੁਰੱਖਿਆ ਕਰਨਾ ਸਵੀਕਾਰ ਕਰ ਲਿਆ। ਪੁਰਾਣ, ਖਾਸ ਕਰਕੇ 'ਵਾਯੂ ਪੁਰਾਣ' ਵਿਚ ਵੀ ਇਸੇ ਵਿਚਾਰ ਦਾ ਸਮਰਥਨ ਕੀਤਾ ਗਿਆ ਹੈ ਕਿ ਮਨੂੰ ਨੂੰ ਪਹਿਲਾਂ ਰਾਜਾ ਜਾਂ ਸ਼ਾਸ਼ਕ ਬਣਾਇਆ ਗਿਆ ਸੀ ਤੇ ਉਸ ਦੇ ਨਾਲ ਹੀ ਚਾਰ ਵਰਣਾਂ ਤੇ ਨੈਤਿਕ ਨਿਯਮਾਂ ਦਾ ਨਿਰਮਾਣ ਵੀ ਕੀਤਾ ਗਿਆ ਸੀ।

ਧਰਮ ਸ਼ਾਸਤਰਾਂ ਵਿਚ ਇਕ ਵੱਖਰਾ ਵਿਚਾਰ ਦਿੱਤਾ ਗਿਆ ਹੈ। ਇਹਨਾਂ ਅਨੁਸਾਰ ਜਦੋਂ 'ਸੁਨਹਿਰੇ ਯੁੱਗ' ਦਾ ਅੰਤ ਹੋਇਆ ਤਾਂ ਸਮਾਜ ਵਿਚ ਅਵਿਵਸਥਾ ਤੇ ਜੰਗਲ ਦਾ ਰਾਜ ਸਥਾਪਿਤ ਹੋ ਗਿਆ। ਇਹ ਅਜਿਹੀ ਅਵਸਥਾ ਸੀ ਜਿਸ ਵਿਚ ਲੋਕ ਆਪਣੀ ਸੰਪੱਤੀ, ਪਰਿਵਾਰ ਤੇ ਵਰਣ ਵਿਵਸਥਾ ਬਾਰੇ ਬਹੁਤ ਅਸੁਰੱਖਿਅਤ ਮਹਿਸੂਸ ਕਰਦੇ ਸਨ। ਸੋ ਅਜਿਹੀ ਸਥਿਤੀ ਦੇ ਫਲਸਰੂਪ ਵਿਵਹਾਰ ਜਾਂ ਰਾਜ ਦੀ ਸੱਤਾ ਹੋਂਦ ਵਿਚ ਆਈ ਤਾਂ ਕਿ ਸਮਾਜ ਵਿਚ ਕਾਨੂੰਨ ਤੇ ਵਿਵਸਥਾ ਸਥਾਪਿਤ ਕੀਤੀ ਜਾ ਸਕੇ।

## ਪ੍ਰਾਕ੍ਰਿਤਿਕ ਅਵਸਥਾ (State of Nature):

ਰਾਜ ਦੀ ਉਤਪੱਤੀ ਤੋਂ ਪਹਿਲਾਂ ਬਣੀ ਸ੍ਰਿਸ਼ਟੀ ਪ੍ਰਾਕ੍ਰਿਤਿਕ ਅਵਸਥਾ ਵਿਚ ਸੀ। ਇਹ ਪ੍ਰਾਕ੍ਰਿਤਿਕ ਅਵਸਥਾ

ਹਾਬਸ ਦੀ ਅਰਾਜਕਤਾ ਦੀ ਅਵਸਥਾ ਨਾਲ ਮਿਲਦੀ ਜੁਲਦੀ ਸੀ। ਰਾਜੇ ਦੀ ਅਣਹੋਂਦ ਦੇ ਕਾਰਨ ਹਰ ਜਗ੍ਹਾ ਅਵਿਵਸਥਾ ਫੈਲੀ ਹੋਈ ਸੀ। ਮਨੁੱਖ ਸ਼ਕਤੀ ਦੇ ਆਧਾਰ ਤੇ ਆਪਣੇ ਸੰਬੰਧ ਨਿਰਧਾਰਿਤ ਕਰਦੇ ਸਨ। ਸੰਘਰਸ਼ ਅਤੇ ਅਨਿਆਂ ਦੇ ਕਾਰਨ ਮਤਸਨਿਆਂ (might is right) ਦੀ ਸਥਿਤੀ ਹੋ ਗਈ ਸੀ। ਸ਼ਕਤੀਸ਼ਾਲੀ ਨਿਰਬਲਾਂ ਉੱਤੇ ਅਤਿਆਚਾਰ ਕਰਦੇ ਸਨ। ਉਹਨਾਂ ਦੇ ਆਤੰਕ ਤੋਂ ਭੈ-ਭੀਤ ਹੋ ਕੇ ਆਪਣੇ ਪ੍ਰਾਣਾਂ ਦੀ ਰੱਖਿਆ ਲਈ ਇੱਧਰ ਉੱਧਰ ਭੱਜਦੇ ਫਿਰਦੇ ਸਨ। ਪ੍ਰਿਥਵੀ ਦੀ ਇਸ ਅਰਾਜਕਤਾਪੂਰਣ ਅਵਸਥਾ ਨੂੰ ਦੂਰ ਕਰਕੇ ਇਸ ਦੀ ਰੱਖਿਆ ਲਈ ਪ੍ਰਮਾਤਮਾ ਨੇ ਰਾਜੇ ਦੀ ਰਚਨਾ ਕੀਤੀ।

## ਦੈਵੀ ਉਤਪੱਤੀ ਅਤੇ ਸਮਝੌਤਾ ਸਿੱਧਾਂਤ ਦਾ ਸੁਮੇਲ

## (Combination of Divine Origin and Contract Theory)

ਮਨੂੰ ਨੇ ਰਾਜ ਦੀ ਉਤਪੱਤੀ ਦਾ ਦੈਵੀ ਸਿੱਧਾਂਤ ਪ੍ਰਦਾਨ ਕੀਤਾ ਹੈ, ਪਰੰਤੂ ਉਹ ਉਸ ਸਮੇਂ ਪ੍ਰਚਲਿਤ ਭਾਰਤੀ ਰਾਜ ਦਰਸ਼ਨ ਦੇ ਪ੍ਰਮਾਣਿਤ ਸਮਝੌਤਾ ਸਿੱਧਾਂਤ ਦੀ ਨਿਰਾਦਰੀ ਨਾ ਕਰ ਸਕੇ। ਇਸ ਲਈ ਉਹਨਾਂ ਦਾ ਰਾਜ ਦੀ ਉਤਪੱਤੀ ਦਾ ਸਿੱਧਾਂਤ ਦੈਵੀ ਅਤੇ ਸਮਝੌਤਾ ਸਿੱਧਾਂਤ ਦਾ ਵਚਿੱਤਰ ਸੁਮੇਲ ਹੈ।

ਅਰਾਜਕਤਾ ਵਾਲੀ ਅਵਸਥਾ ਦਾ ਅੰਤ ਕਰਨ ਲਈ ਪ੍ਰਮਾਤਮਾ ਨੇ ਰਾਜੇ ਦੀ ਰਚਨਾ ਕੀਤੀ। ਰਾਜੇ ਨੂੰ ਅਦੁੱਤੀ ਸ਼ਕਤੀ ਦਾ ਮਾਲਕ ਅਤੇ ਤੇਜ਼ਧਾਰੀ ਬਣਾਉਣ ਲਈ ਪ੍ਰਮਾਤਮਾ ਨੇ ਦੇਵਤਿਆਂ ਦੇ ਅੱਠ ਤੱਤਾਂ ਨੂੰ ਲੈ ਕੇ ਉਹਨਾਂ ਦੀ ਰਚਨਾ ਕੀਤੀ। ਇੰਦਰ, ਵਾਯੂ, ਯਮ, ਸੂਰਜ, ਅਗਨੀ, ਵਰੁਨ, ਚੰਦਰਮਾ ਅਤੇ ਕੁਬੇ ਰ ਆਦਿ ਦੇਵਤਿਆਂ ਦਾ ਅੰਸ਼ ਹੀ ਪ੍ਰਿਥਵੀ ਉਪਰ ਰਾਜੇ ਦੇ ਰੂਪ ਵਿਚ ਅਵਤਾਰ ਧਾਰਦਾ ਹੈ। ਅੰਤ ਉਹ ਆਪਣੇ ਤੇਜ਼ ਨਾਲ ਧਰਤੀ ਉਪਰ ਸਾਰੇ ਜੀਵਾਂ ਤੇ ਜਿੱਤ ਹਾਸਲ ਕਰਦਾ ਹੈ। ਇਸ ਤਰ੍ਹਾਂ ਮਨੂੰ, ਰਾਜ ਦੀ ਦੈਵੀ ਉਤਪੱਤੀ ਦੀ ਹੇਠ ਲਿਖੇ ਆਧਾਰਾਂ ਤੇ ਸਮਰਥਨ ਕਰਦਾ ਹੈ :

1. ਰਾਜੇ ਦੀ ਉਤਪੱਤੀ ਪ੍ਰਮਾਤਮਾ ਦੁਆਰਾ ਅਰਾਜਕਤਾ ਵਾਲੀ ਅਵਸਥਾ ਦਾ ਅੰਤ ਕਰਨ ਲਈ ਹੋਈ।
2. ਰਾਜਾ ਧਰਤੀ ਉਪਰ ਅੱਠ ਦੇਵਤਿਆਂ ਦਾ ਸਾਰਭੂਤ ਅੰਸ਼ ਹੈ।
3. ਉਹ ਸਭ ਪ੍ਰਾਣੀਆਂ ਵਿਚ ਤੇਜ਼ਵਾਨ ਹੈ। ਮਨੁੱਖ ਦੇ ਰੂਪ ਵਿਚ ਮਹਾਨ ਦੇਵਤਾ ਹੈ।

ਰਾਜ ਦੀ ਉਤਪੱਤੀ ਦਾ ਬਾਹਰਲਾ ਢਾਂਚਾ ਦੈਵੀ ਹੋਣ ਤੇ ਵੀ ਉਸ ਦਾ ਅੰਦਰੂਨੀ ਹਿੱਸਾ ਸਮਝੌਤਾਵਾਦੀ ਹੈ। ਡਾ. ਜਾਇਸਵਾਲ ਨੇ ਹਿੰਦੂ ਰਾਜ-ਦਰਸ਼ਨ ਵਿਚ ਸਮਝੌਤਾ ਵਾਦੀ ਪੱਖ ਦਾ ਸਮਰਥਨ ਕੀਤਾ ਹੈ। ਉਹਨਾਂ ਦੇ ਮਤ ਅਨੁਸਾਰ ਰਾਜਪਦ ਗ੍ਰਹਿਣ ਕਰਨ ਸਮੇਂ ਰਾਜੇ ਦੁਆਰਾ ਪਰਜਾ ਦੇ ਹਿੱਤ ਜੁਟੇ ਰਹਿਣ ਦੀ ਜੋ ਕਸਮ ਲਈ ਜਾਂਦੀ ਹੈ ਉਹ ਸਮਝੌਤੇ ਦਾ ਰੂਪ ਸੀ। ਇਸੇ ਤਰ੍ਹਾਂ ਮਨੂੰ ਸਮ੍ਰਿਤੀ ਦੇ ਅਧਿਆਇ ਵਿਚ ਹਿੰਦੂ ਰਾਜ ਦਰਸ਼ਨ ਦੀ ਸਮਝੌਤਾਵਾਦੀ ਪਰੰਪਰਾ ਦੀ ਅਣਹੋਂਦ ਹੈ। ਮਿਸਾਲ ਦੇ ਲਈ :

(1) ਦੈਵੀ ਸਿੱਧਾਂਤ ਸ਼ਾਸ਼ਕ ਦੀ ਨਿਰੰਕੁਸ਼ ਅਤੇ ਸਵੈ ਇੱਛਾਧਾਰੀ ਸ਼ਕਤੀ ਦਾ ਸਮਰਥਨ ਕਰਦਾ ਹੈ। ਇਸ ਦੇ ਅਨੁਸਾਰ ਸ਼ਾਸ਼ਕ ਆਪਣੇ ਕਾਰਜਾਂ ਦੇ ਲਈ ਪ੍ਰਮਾਤਮਾ ਦੇ ਪ੍ਰਤੀ ਹੀ ਉੱਤਰਦਾਈ ਹੁੰਦਾ ਹੈ। ਪਰੰਤੂ ਮਨੂੰ ਨੇ ਅਨੇਕ ਥਾਵਾਂ ਤੇ ਸ਼ਾਸ਼ਕ ਦੇ ਕਰਤੱਵਾਂ ਦੀ ਚਰਚਾ ਕਰਦੇ ਹੋਏ ਉਸ ਨੂੰ ਪਰਜਾ ਦੇ ਹਿੱਤਾਂ ਲਈ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਕਿਉਂਕਿ ਪਰਜਾ ਦੇ ਹਿੱਤਾਂ ਦੀ ਪੂਰਤੀ ਕਰਨ ਵਾਲਾ ਸ਼ਾਸ਼ਕ ਹੀ ਸਫਲ ਹੋ ਸਕਦਾ ਹੈ।

(2) ਦੈਵੀ ਸ਼ਾਸ਼ਕ ਧਰਮ ਅਧਰਮ ਦੀ ਚਿੰਤਾਂ ਤੋਂ ਦੂਰ ਰਹਿੰਦਾ ਹੈ ਪਰੰਤੂ ਮਨੂੰ ਸਮ੍ਰਿਤੀ ਵਿਚ ਇਹ ਸਪਸ਼ੱਟ ਦੱਸਿਆ ਗਿਆ ਹੈ ਕਿ ਪਰਜਾ ਦੀ ਰੱਖਿਆ ਨਾ ਕਰ ਸਕਣ ਵਾਲੇ ਰਾਜੇ ਨੂੰ ਅਧਰਮ ਦਾ ਛੇ

ਵਾਂ ਹਿੱਸਾ ਪ੍ਰਾਪਤ ਹੁੰਦਾ ਹੈ। ਪਰਜਾ ਤੋਂ ਕਰ ਆਦਿ ਲੈਣ ਵਾਲਾ ਰਾਜਾ, ਪਰਜਾ ਦੀ ਰੱਖਿਆ ਕਰਨ ਵਿਚ ਅਸਮਰਥ ਹੋਣ ਤੇ ਨਰਕ ਭੋਗਦਾ ਹੈ। ਇਹ ਰਾਜੇ ਦੇ ਦੈਵੀ ਸਰੂਪ ਤੋਂ ਸਮਝੌਤਾ ਸਿੱਧਾਂਤ ਦੇ ਜ਼ਿਆਦਾ ਨੇੜੇ ਹੈ।

(3) ਦੈਵੀ ਸ਼ਾਸ਼ਕ, ਮਰਿਯਾਦਾ ਰਹਿਤ ਹੁੰਦਾ ਹੈ। ਪਰੰਤੂ ਮਨੂੰ ਉਸ ਨੂੰ ਸ਼ਾਸਤਰਾਂ ਤੋਂ ਮਰਿਯਾਦਾ ਕਰਕੇ ਸਮਝੌਤੇ ਦੇ ਨੇੜੇ ਲਿਆਉਂਦਾ ਹੈ। ਮਨੂੰ ਦੇ ਅਨੁਸਾਰ ਸ਼ਾਸਤਰਾਂ ਦੀ ਮਰਯਾਦਾ ਨਾ ਮੰਨਣ ਵਾਲੇ ਨਾਸਤਿਕ ਉਚਿਤ, ਅਨੁਚਿਤ ਦਾ ਭੇਦ ਕੀਤੇ ਬਿਨਾਂ ਦੰਡ ਆਦਿ ਦੁਆਰਾ ਧਨ ਲੈਣ ਵਾਲੇ ਰਾਜੇ ਦਾ ਪਤਨ ਹੁੰਦਾ ਹੈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਰਾਜੇ ਨੂੰ ਸ਼ਾਸਤਰਾਂ ਅਤੇ ਉਚਿੱਤਤਾ ਦੇ ਨਿਯਮਾਂ ਦੇ ਅਧੀਨ ਕਰ ਦਿੱਤਾ ਗਿਆ।

(4) ਰਾਜ ਅਸ਼ਟ ਦੇਵਤਿਆਂ ਦੇ ਸਾਰਭੂਤ ਅੰਸ਼ ਤੋਂ ਨਿਰਮਿਤ ਹੋਇਆ, ਅਰਥਾਤ ਉਹ ਧਰਤੀ ਉਤੇ ਪ੍ਰਮਾਤਮਾ ਦਾ ਅਵਤਾਰ ਹੈ। ਇਸ ਦੇ ਵਿਰੋਧ ਵਿਚ ਮਨੂੰ ਸਮ੍ਰਿਤੀ ਦੇ ਅਧਿਆਇ 9 ਦੇ ਸਲੋਕ 303 ਤੋਂ ਲੈ ਕੇ 311 ਤੱਕ ਇਹ ਸਪਸ਼ੱਟ ਕੀਤਾ ਗਿਆ ਹੈ ਕਿ ਇਹਨਾਂ ਦੇਵਤਿਆਂ ਦੀ ਗਣਨਾ ਪ੍ਰਸੰਸਾਯੋਗ ਹੈ ਅਰਥਾਤ ਇੰਦਰ, ਸੂਰਜ, ਵਾਯੂ, ਯਮ ਆਦਿ ਦੇ ਗੁਣ ਅਤੇ ਕਰਮ ਤੋਂ ਰਾਜੇ ਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ। ਸੂਰਜ ਅੱਠਵੇਂ ਮਹੀਨੇ ਤੱਕ ਹੌਲੀ ਹੌਲੀ ਕਿਰਨਾਂ ਦੁਆਰਾ ਜਲ ਉਡਾਉਂਦਾ ਹੈ। ਇੰਦਰ ਅੰਨ ਦੇ ਵਾਧੇ ਲਈ ਚਾਰ ਮਹੀਨੇ ਤੱਕ ਜਲ ਵਰਸਾਉਂਦਾ ਹੈ। ਰਾਜੇ ਨੂੰ ਸੂਰਜ ਦੇ ਸਮਾਨ ਪਰਜਾ ਤੋਂ ਕਰ ਲੈ ਕੇ ਇੰਦਰ ਦੇ ਸਮਾਨ ਪਰਜਾ ਦੇ ਹਿੱਤ ਵਿਚ ਖਰਚ ਕਰ ਦੇਣਾ ਚਾਹੀਦਾ ਹੈ। ਇਹ ਉਪਮਾ ਰਾਜ ਦੀ ਸਮਝੌਤਾਵਾਦੀ ਭਾਵਨਾ ਦਾ ਅਹਿਸਾਸ ਦਿੰਦੀ ਹੈ।

(5) ਮਨੂੰ ਨੇ ਪਰਜਾ ਦੇ ਰਾਜੇ ਤੋਂ ਕ੍ਰੋਧਿਤ ਹੋ ਜਾਣ, ਰਾਜੇ ਦਾ ਸਵਰਗ ਤੋਂ ਵੰਚਿਤ ਹੋ ਜਾਣ ਦਾ ਉਲੇਖ ਕੀਤਾ ਹੈ। ਦੈਵੀ ਸਿੱਧਾਂਤ ਤੋਂ ਬਣੇ ਰਾਜਾਂ ਤੋਂ ਪਰਜਾ ਦੇ ਅਸੰਤੁਸ਼ਟ ਜਾਂ ਕ੍ਰੋਧਿਤ ਹੋਣ ਦੀ ਕਲਪਨਾ ਵੀ ਰਾਜ ਦਰਸ਼ਨ ਦਾ ਵਿਦਿਆਰਥੀ ਨਹੀਂ ਕਰ ਸਕਦਾ।

(6) ਰਾਜਾ ਪ੍ਰਮਾਤਮਾ ਦਾ ਅਵਤਾਰ ਨਹੀਂ ਹੈ। ਉਸ ਨੂੰ ਹੋਰਾਂ ਦੇ ਮੁਕਾਬਲੇ ਵਿਚ ਵੱਧ ਸਜ਼ਾ ਭੁਗਤਣੀ ਪੈਂਦੀ ਹੈ। ਜਿਸ ਅਪਰਾਧ ਲਈ ਸਧਾਰਨ ਮਨੁੱਖਾਂ ਨੂੰ ਇੱਕ ਪਣ ਦਾ ਦੰਡ ਦਿੱਤਾ ਜਾਂਦਾ ਹੈ ਉਸ ਅਪਰਾਧ ਲਈ ਰਾਜੇ ਨੂੰ ਸੌ ਪਣ ਦਾ ਦੰਡ ਮਿਲਦਾ ਹੈ।

ਮਨੂੰ ਨੇ ਰਾਜ ਦੀ ਉਤਪੱਤੀ ਦੇ ਦੈਵੀ ਸਿੱਧਾਂਤ ਅਤੇ ਸਮਝੌਤਾ ਸਿੱਧਾਂਤ ਦੋਹਾਂ ਦਾ ਮਿਲਿਆ ਜੁਲਿਆ ਚਿੱਤਰ ਪੇਸ਼ ਕੀਤਾ ਹੈ। ਮਨੂੰ ਦੇ ਸ਼ਾਸ਼ਕ ਬ੍ਰਹਮਾ ਨੇ ਅਸ਼ਟ ਦੇਵਤਿਆਂ ਤੇ ਤੱਤਾਂ ਦੇ ਗੁਣਾਂ ਨੂੰ ਆਧਾਰ ਬਣਾਇਆ ਹੈ ਉਹ ਉਹਨਾਂ ਦੇ ਹਿਤ ਵਿਚ ਰਹਿ ਕੇ ਹੀ ਆਪਣਾ ਅਸਤਿਤਵ ਕਾਇਮ ਰੱਖ ਸਕਦਾ ਹੈ। ਪਰਜਾ ਦੇ ਕਲਿਆਣਕਾਰੀ ਕਾਰਜ ਤੋਂ ਬੇਮੁੱਖ ਹੁੰਦੇ ਹੀ ਉਸ ਨੂੰ ਅਧਰਮ, ਪਾਪ ਅਤੇ ਨਰਕ ਭੋਗਣਾ ਪੈਂਦਾ ਹੈ। ਉਹ ਰਿਸ਼ਤੇਦਾਰਾਂ ਸਮੇਤ ਨਸ਼ਟ ਹੋ ਜਾਂਦਾ ਹੈ ਅਰਥਾਤ ਅਸੀਂ ਕਹਿ ਸਕਦੇ ਹਾਂ ਕਿ ਰਾਜ ਦੀ ਉਤਪੱਤੀ ਦਾ ਸਿੱਧਾਂਤ ਦੈਵੀ ਅਤੇ ਸਮਝੌਤਾਵਾਦੀ ਸਿੱਧਾਂਤ ਦੇ ਸੁਮੇਲ ਪ੍ਰਤੀਤ ਹੁੰਦਾ ਹੈ।

## ਰਾਜ ਦੀ ਪ੍ਰਕ੍ਰਿਤੀ ਜਾਂ ਸਪਤਾਂਗ ਰਾਜ ਦਾ ਸਿੱਧਾਂਤ

## (Nature of State or Seven Organs of State)

ਵਰਤਮਾਨ ਰਾਜਨੀਤਿਕ ਵਿਚਾਰਧਾਰਾ ਅਧੀਨ ਰਾਜ ਦੇ ਚਾਰ ਤੱਤ ਮੰਨੇ ਜਾਂਦੇ ਹਨ ਪਰੰਤੂ ਪ੍ਰਾਚੀਨ ਭਾਰਤੀ ਰਾਜਨੀਤਿਕ ਸ਼ਾਸਤਰੀ ਰਾਜ ਦੀ ਸਪਤਾਂਗ ਪ੍ਰਕ੍ਰਿਤੀ ਦੇ ਸਮਰਥਕ ਸਨ ਅਤੇ ਰਾਜ ਦੇ ਸੱਤ ਤੱਤ ਮੰਨਦੇ ਸਨ। ਕੋਟਲਿਆ ਨੇ ਰਾਜ ਦੇ ਸੱਤ ਅੰਗਾਂ ਦੀ ਵਿਆਖਿਆ ਕੀਤੀ ਹੈ। ਮਨੂੰ ਨੇ ਵੀ ਥੋੜ੍ਹੇ ਬਹੁਤ

ਪਰਿਵਰਤਨ ਨਾਲ ਸਪਤਾਂਗ ਰਾਜ ਦਾ ਹੀ ਅਨੁਕਰਨ ਕੀਤਾ। ਮਨੂੰ ਦੇ ਅਨੁਸਾਰ ਰਾਜ ਦੇ ਨਿਮਨਲਿਖਿਤ ਸੱਤ ਅੰਗ ਹਨ :

1. ਸੁਆਮੀ (King)
2. ਮੰਤਰੀ (Ministers)
3. ਪੁਰ (State Capital City)
4. ਰਾਸ਼ਟਰ (The Kingdom)
5. ਕੋਸ਼ (Treasure)
6. ਦੰਡ (Danda or punishment)
7. ਮਿੱਤਰ (Friends)।

ਕੋਟਲਿਆ 'ਦੁਰਗ' ਭਾਵ ਕਿਲ੍ਹਿਆਂ (forts) ਅਤੇ 'ਜਨਪਦ' ਨੂੰ ਜਿਸ ਵਿਚ ਭੂਮੀ ਭਾਗ ਤੇ ਜਨਤਾ ਦੋਵੇਂ ਸ਼ਾਮਿਲ ਹਨ, ਨੂੰ ਰਾਜ ਦੇ ਜ਼ਰੂਰੀ ਅੰਗ ਮੰਨਦਾ ਹੈ, ਮਨੂੰ ਇਨ੍ਹਾਂ ਤੱਤਾਂ ਦੀ ਥਾਂ 'ਪੁਰ' ਰਾਜਧਾਨੀ ਅਤੇ 'ਰਾਸ਼ਟਰ' ਨੂੰ ਸੱਤ ਅੰਗਾਂ ਵਿਚ ਸਥਾਨ ਦਿੰਦਾ ਹੈ- ਇਨ੍ਹਾਂ ਤੋਂ ਅਸਲ ਭਾਵ ਕੀ ਹੈ? ਇਸਦੇ ਸਪਸ਼ਟੀਕਰਣ ਵੱਲ ਉਸ ਨੇ ਧਿਆਨ ਨਹੀਂ ਦਿੱਤਾ ਪਰ ਇਸ ਗੱਲ ਤੇ ਜ਼ਰੂਰ ਜ਼ੋਰ ਦਿੱਤਾ ਹੈ ਕਿ ਹਰ ਅੰਗ ਸਮਾਨ ਹੁੰਦਾ ਹੈ। ਕਿਸੇ ਇਕ ਅੰਗ ਨੂੰ ਘੱਟ ਜਾਂ ਜ਼ਿਆਦਾ ਮਹੱਤਵ ਪ੍ਰਦਾਨ ਨਹੀਂ ਕੀਤਾ ਜਾ ਸਕਦਾ। ਜੋ ਕਾਰਜ ਜਿਸ ਅੰਗ ਦੁਆਰਾ ਕੀਤਾ ਜਾਂਦਾ ਹੈ, ਉਸ ਕਾਰਣ ਉਸ ਅੰਗ ਦੀ ਮਹੱਤਤਾ ਹੈ, ਤੇ ਇਸ ਲਈ ਉਸਨੂੰ ਸ੍ਰੇਸ਼ਠ ਮੰਨਿਆ ਜਾਂਦਾ ਹੈ। ਇਹਨਾਂ ਵਿਚੋਂ ਕਿਸੇ ਇਕ ਦੀ ਵੀ ਅਣਹੋਂਦ ਤੇ ਰਾਜ ਦੀ ਪ੍ਰਕ੍ਰਿਤੀ ਖੰਡਿਤ ਹੋ ਜਾਂਦੀ ਹੈ ਅਤੇ ਉਹ ਰਾਜ ਨਹੀਂ ਰਹਿੰਦਾ। ਮਨੂੰ ਨੇ ਤਿਪਾਈ (Three Legged Stool) ਦਾ ਉਦਾਹਰਣ ਦਿੰਦੇ ਹੋਏ ਦੱਸਿਆ ਹੈ ਕਿ ਜਿਸ ਪ੍ਰਕਾਰ ਤਿਪਾਈ ਦੀ ਇਕ ਟੰਗ ਟੁੱਟਣ ਨਾਲ ਉਸ ਦੀ ਉਪਯੋਗਤਾ ਨਸ਼ਟ ਹੋ ਜਾਂਦੀ ਹੈ ਉਸੀ ਤਰ੍ਹਾਂ ਰਾਜ ਦਾ ਅਸਤਿਤਵ ਵੀ ਕਿਸੇ ਇਕ ਅੰਗ ਦੇ ਨਾ ਹੋਣ ਨਾਲ ਖਤਮ ਹੋ ਜਾਂਦਾ ਹੈ। ਹਰ ਅੰਗ ਦਾ ਮਹੱਤਵ ਬਰਾਬਰ ਹੈ।

ਇਸ ਤਰ੍ਹਾਂ ਮਨੂੰ ਨੇ ਰਾਜ ਨੂੰ ਸਪਤਾਂਗ ਮੰਨਿਆ ਹੈ ਅਰਥਾਤ ਰਾਜ ਇਕ ਸਰੀਰ ਹੈ ਜਿਸ ਦੇ ਸੱਤ ਅੰਗ ਹਨ।

**ਕੀ ਰਾਜ ਨਿਰੰਕੁਸ਼ ਹੈ :–** ਮਨੂੰ ਦੁਆਰਾ ਵਰਣਨ ਕੀਤੇ ਗਏ ਰਾਜ ਦੇ ਦੈਵੀ ਸਿੱਧਾਂਤ ਦੀ ਤੁਲਨਾ ਅਕਸਰ ਪੱਛਮੀ ਵਿਦਵਾਨਾਂ ਦੁਆਰਾ ਦਿੱਤੇ ਗਏ ਦੈਵੀ ਸਿੱਧਾਂਤ ਨਾਲ ਕੀਤੀ ਜਾਂਦੀ ਹੈ। ਪਰੰਤੂ ਦੋਹਾਂ ਵਿਚ ਬਹੁਤ ਜ਼ਿਆਦਾ ਅੰਤਰ ਹੈ। ਪੱਛਮੀ ਵਿਦਵਾਨਾਂ ਨੇ ਰਾਜ ਦੀ ਉਤਪੱਤੀ ਦੇ ਦੈਵੀ ਸਿੱਧਾਂਤ ਦੀ ਵਿਆਖਿਆ ਕਰਦੇ ਹੋਏ ਰਾਜੇ ਨੂੰ ਨਿਰੰਕੁਸ਼ ਸੱਤਾ ਪ੍ਰਦਾਨ ਕੀਤੀ ਹੈ। ਉਦਾਹਰਣ ਦੇ ਤੌਰ ਤੇ ਇਸ ਸਿੱਧਾਂਤ ਦੇ ਆਧਾਰ ਤੇ ਹੀ ਫਰਾਂਸ ਦਾ ਰਾਜਾ ਲੂਈ ਚੌਧਵਾਂ ਕਿਹਾ ਕਰਦਾ ਸੀ ਕਿ ''ਮੈਂ ਹੀ ਰਾਜ ਹਾਂ। ਮੇਰੀ ਇੱਛਾ ਹੀ ਕਾਨੂੰਨ ਹੈ। ਮੈਂ ਇਸ ਧਰਤੀ ਉਪਰ ਪ੍ਰਮਾਤਮਾ ਦਾ ਪ੍ਰਤੀਨਿੱਧੀ ਬਣ ਕੇ ਸ਼ਾਸਨ ਕਰਦਾ ਹਾਂ।''

ਪਰੰਤੂ ਮਨੂੰ ਨੇ ਰਾਜੇ ਨੂੰ ਐਸੀ ਨਿਰੰਕੁਸ਼ ਸੱਤਾ ਪ੍ਰਦਾਨ ਨਹੀਂ ਕੀਤੀ। ਮਨੂੰ ਨੇ ਰਾਜੇ ਨੂੰ ਧਰਮ ਦੇ ਅਧੀਨ ਰੱਖਿਆ ਹੈ ਅਤੇ ਇਸ ਗੱਲ ਉੱਪਰ ਬਲ ਦਿੱਤਾ ਹੈ ਕਿ ਰਾਜਾ ਹਮੇਸ਼ਾ ਪਰਜਾ ਦੀ ਰੱਖਿਆ ਅਤੇ ਪਾਲਣਾ ਕਰੇ। ਰਾਜੇ ਨੂੰ ਦੈਵੀ ਅਰਥਾਤ ਦੇਵਤੇ ਦਾ ਅੰਸ਼ ਦੱਸਿਆ ਗਿਆ ਹੈ। ਪਰੰਤੂ ਬਲ ਉਸ ਦੇ ਦੈਵੀਤਵ

ਉਪਰ ਹੈ ਨਾ ਕਿ ਉਸ ਦੇ ਅਧਿਕਾਰ ਉੱਤੇ। ਮੈਟਵਾਨੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਰਾਜੇ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਧਰਮ ਦੇ ਨਿਯਮਾਂ ਦੇ ਅਧੀਨ ਹੈ। ਕੋਈ ਵੀ ਰਾਜਾ ਧਰਮ ਦੇ ਵਿਰੁੱਧ ਵਿਵਹਾਰ ਨਹੀਂ ਕਰ ਸਕਦਾ। ਧਰਮ ਰਾਜਿਆਂ ਅਤੇ ਮਨੁੱਖਾਂ ਉੱਪਰ ਇਕ ਸਮਾਨ ਸ਼ਾਸਨ ਕਰਦਾ ਹੈ। ਇਸ ਦੇ ਇਲਾਵਾ ਰਾਜਾ ਰਾਜਨੀਤਿਕ ਪ੍ਰਭੂ ਸੱਤਾ ਭਾਵ ਜਨਤਾ ਦੇ ਵੀ ਅਧੀਨ ਹੈ। ਉਹ ਆਪਣੀਆਂ ਸ਼ਕਤੀਆਂ ਦੇ ਪ੍ਰਯੋਗ ਵਿਚ ਜਨਤਾ ਦੀ ਆਗਿਆ ਪਾਲਣ ਦੀ ਸਮਰਥਾ ਤੱਕ ਹੀ ਸੀਮਿਤ ਹੈ। ਇਸੀ soQjh;bNb (Saletore) ਨੇ ਕਿਹਾ ਹੈ ਕਿ ਮਨੂੰ ਅਨੁਸਾਰ ਜਨਤਾ ਰਾਜਾ ਨੂੰ ਗੱਦੀ ਤੋਂ ਉਤਾਰ ਸਕਦੀ ਹੈ ਤੇ ਉਹਨੂੰ ਮਾਰ ਵੀ ਸਕਦੀ ਹੈ, ਜੇਕਰ ਉਹ ਆਪਣੀ ਮੂਰਖਤਾ ਨਾਲ ਪਰਜਾ ਨੂੰ ਤੰਗ ਕਰਦਾ ਹੈ।'' ਮਨੂੰ ਦਾ ਰਾਜਾ ਵਿਰਾਜ ਦੈਵ ਹੋ ਕੇ ਵੀ ਸਾਧਾਰਨ ਵਿਅਕਤਆਂ ਦੀ ਤਰ੍ਹਾਂ ਦੰਡ ਭੋਗਦਾ ਹੈ।

## ਰਾਜਪਦ ਲਈ ਯੋਗਤਾਵਾਂ
## (Qualifications of the King)

ਹਿੰਦੂ ਰਾਜਨੀਤਿਕ ਚਿੰਤਨ ਅਧੀਨ ਪਰਜਾ ਦੇ ਹਿਤਾਂ ਦੇ ਅਨੁਕੂਲ ਰਾਜਤੰਤਰ ਦਾ ਬੋਲਬਾਲਾ ਸੀ। ਰਾਜਾ ਸ਼ਾਸਨ ਦਾ ਆਧਾਰ ਹੁੰਦਾ ਸੀ। ਉਸ ਨੂੰ ਪ੍ਰਮਾਤਮਾ ਦਾ ਪ੍ਰਤੀਨਿਧ ਵੀ ਮੰਨਿਆ ਜਾਂਦਾ ਸੀ ਪਰੰਤੂ ਇਸ ਦੇ ਨਾਲ ਹੀ ਉਸ ਦਾ ਸਾਰੇ ਗੁਣਾਂ ਭਰਪੂਰ ਹੋਣਾ ਵੀ ਜ਼ਰੂਰੀ ਸੀ। ਮਨੂੰ ਨੇ ਰਾਜੇ ਵਿਚ ਜੋ ਗੁਣ ਅਤੇ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ, ਉਹਨਾਂ ਦੀ ਵਿਸਥਾਰ ਨਾਲ ਚਰਚਾ ਕੀਤੀ ਹੈ। ਰਾਜਾ ਇਕ ਸਤਭਾਸ਼ੀ ਬੁੱਧੀ ਦਾ ਮਾਲਕ ਅਰਥਾਤ ਵਿਵੇਕਪੂਰਨ, ਧਰਮ ਅਰਥ ਦਾ ਗਿਆਨੀ, ਸ਼ਾਸਤਰਾਂ ਅਨੁਸਾਰ ਕਾਰਜ ਕਰਨ ਵਾਲਾ ਵਿਅਕਤੀ ਹੀ ਹੋ ਸਕਦਾ ਹੈ। ਇਸ ਦੇ ਇਲਾਵਾ ਉਸ ਵਿਚ ਹੇਠ ਲਿਖੇ ਗੁਣ ਵੀ ਹੋਣੇ ਚਾਹੀਦੇ ਹਨ :

**ਵਿਦਵਾਨ ਬ੍ਰਾਹਮਣ ਅਤੇ ਬ੍ਰਿਧ ਜਨਸੇਵੀ :** ਰਾਜੇ ਦੇ ਹਿਰਦੇ ਵਿਚ ਰਿਗਵੇਦ, ਯਜੁਰਵੇਦ ਅਤੇ ਸਾਮਵੇਦ ਦੇ ਜਾਨਣ ਵਾਲੇ ਵਿਦਵਾਨਾਂ, ਬ੍ਰਾਹਮਣਾਂ ਅਤੇ ਬਿਰਧਾਂ ਦੇ ਪ੍ਰਤੀ ਸੁਭਾਵਿਕ ਸ਼ਰਧਾ ਹੋਣੀ ਚਾਹੀਦੀ ਹੈ। ਉਸ ਨੂੰ ਹਰ ਰੋਜ਼ ਸਵੇਰੇ ਉਠ ਕੇ ਉਹਨਾਂ ਦੀ ਸੇਵਾ ਕਰਨੀ ਚਾਹੀਦੀ ਹੈ।

**ਨਿਮਰਤਾ:** ਰਾਜੇ ਦਾ ਦੂਸਰਾ ਗੁਣ ਨਿਮਰਤਾ ਹੈ। ਨਿਮਰਤਾ ਦੀ ਸਿੱਖਿਆ ਵਿਦਵਾਨਾਂ ਤੋਂ ਪ੍ਰਾਪਤ ਹੁੰਦੀ ਹੈ। ਵਿਨਿਮਰ ਸਾਸ਼ਕ ਨਿਰੰਤਰ ਖੁਸ਼ਹਾਲੀ ਪ੍ਰਾਪਤ ਕਰਦੇ ਹਨ। ਉਦਾਹਰਣ ਦੇ ਲਈ ਮਨੂੰ ਅਤੇ ਪ੍ਰਿਥੂ ਨੇ ਰਾਜ, ਕੁਬੇਰ ਨੇ ਧਨ ਅਤੇ ਵਿਸ਼ਵਾਮਿੱਤਰ ਨੇ ਖੱਤਰੀ ਹੋਣ ਤੇ ਵੀ ਨਿਮਰਤਾ ਦੇ ਕਾਰਨ ਹੀ ਬ੍ਰਾਹਮਣਤਵ ਪ੍ਰਾਪਤ ਕੀਤਾ। ਨਿਮਰ ਰਾਜ ਕਦੇ ਵੀ ਖਤਮ ਨਹੀਂ ਹੁੰਦਾ। ਕਠੋਰਤਾ ਰਾਜਿਆਂ ਨੂੰ ਧਨਹੀਣ ਕਰਕੇ ਵਿਨਾਸ਼ ਕਰਦੀ ਹੈ। ਪਿਜਵਨ ਪੁੱਤਰ, ਸਦਾ ਸੁਮੁਖ ਅਤੇ ਨੇਮ ਅਵਿਨਯ ਦੇ ਕਾਰਨ ਹੀ ਨਾਸ਼ ਹੋ ਗਏ।

**ਵਿਦਿਆ ਪ੍ਰੇਮੀ:** ਰਾਜੇ ਨੂੰ ਵਿਦਿਆ, ਦੰਡ ਨੀਤੀ ਅਤੇ ਵੱਰਤਾ ਭਾਵ ਅਰਥ ਸ਼ਾਸਤਰ ਵਿਚ ਨਿਪੁੰਨ ਹੋਣਾ ਜ਼ਰੂਰੀ ਹੈ। ਨੀਤੀ ਅਨੀਤੀ ਤਰਕ ਅਤੇ ਲੋਕ ਵਿਵਹਾਰ ਵਿਸ਼ਿਆਂ ਦਾ ਗਿਆਨ ਸ਼ਾਸਨ ਵਿਚ ਸਹਾਇਕ ਹੁੰਦਾ ਹੈ।

**ਇੰਦਰਯਜਯੀ :** ਇੰਦਰੀਆ ਉਪਰ ਨਿਯੰਤਰਣ ਰੱਖਣਾ ਸਾਸ਼ਕ ਲਈ ਬਹੁਤ ਜ਼ਰੂਰੀ ਹੈ। ਜਿਸ ਰਾਜੇ ਦਾ ਆਪਣੀਆਂ ਇੰਦਰੀਆਂ ਉਪਰ ਕਾਬੂ ਨਹੀਂ ਹੁੰਦਾ, ਪਰਜਾ ਵੀ ਉਸ ਦੇ ਵਸ ਵਿਚ ਨਹੀਂ ਰਹਿੰਦੀ।

**ਵਿਯਸਨ (ਬੁਰੀਆਂ ਆਦਤਾਂ) ਮੁਕਤ :** ਵਿਯਸਨ ਦੋ ਪ੍ਰਕਾਰ ਦੇ ਹੁੰਦੇ ਹਨ:

**(ੳ) ਕਾਮ ਤੋਂ ਉਤਪੰਨ ਵਿਯਸਨ–** ਸ਼ਿਕਾਰ, ਜੂਆ, ਦਿਨ ਵਿਚ ਸੌਣਾ, ਪਰਾਈ ਨਿੰਦਾ,

ਇਸਤਰੀ ਆਸਕਤੀ, ਮਦ, ਨ੍ਰਿਤ ਆਦਿ ਆਸਕਤੀ, ਵਿਅਰਥ ਭ੍ਰਮਣ।

(ਅ) ਕ੍ਰੋਧ ਵਿਯਸਨ–ਚੁਗਲੀ, ਧੋਖਾ, ਈਰਖਾ, ਮੰਦਭਾਵਨਾ, ਧਨ ਦੀ ਚੋਰੀ, ਕਠੋਰ ਵਚਨ, ਕਠੋਰ ਦੰਡ।

ਰਾਜੇ ਨੂੰ ਇਹਨਾਂ ਵਿਯਸਨਾਂ ਤੋਂ ਮੁਕਤ ਰਹਿਣਾ ਚਾਹੀਦਾ ਹੈ। ਇਹ ਵਿਯਸਨ ਰਾਜੇ ਨੂੰ ਧਰਮ, ਅਰਥ ਅਤੇ ਆਤਮਾ ਤੋਂ ਭ੍ਰਿਸ਼ਟ ਕਰ ਦਿੰਦੇ ਹਨ।

oki /dhn K: ŀ skt Ksl fJbkt kw~ B/n: ŀ skt K(disqualifications) ਦਾ ਵੀ ਵਰਣਨ ਕੀਤਾ ਹੈ। ਮੂਰਖ, ਲੋਭੀ, ਸ਼ਾਸਤਰ ਗਿਆਨਹੀਣ ਭਾਵ ਸ਼ਾਸਤਰ ਦਾ ਗਿਆਨ ਨਾ ਰੱਖਣ ਵਾਲਾ ਵਿਅਕਤੀ ਰਾਜਾ ਬਣਨ ਦੇ ਯੋਗ ਨਹੀਂ ਹੁੰਦਾ।

## ਮੰਤਰੀਆਂ ਦੀ ਨਿਯੁਕਤੀ

## (Appointment of the Ministers)

ਸੌਖੇ ਤੋਂ ਸੌਖੇ ਕਾਰਜਾਂ ਨੂੰ ਵੀ ਇਕੱਲੇ ਇਕੱਲੇ ਵਿਅਕਤੀ ਦੁਆਰਾ ਕਰਨਾ ਔਖਾ ਹੁੰਦਾ ਹੈ। ਇਸ ਲਈ ਰਾਜ ਕਾਰਜ ਜੋ ਜਟਿਲ, ਵਿਵਿਧਤਾਪੂਰਨ ਅਤੇ ਵਿਸਤ੍ਰਿਤ ਖੇਤਰ ਵਾਲੇ ਹੁੰਦੇ ਹਨ, ਨੂੰ ਰਾਜੇ ਦੁਆਰਾ ਹੀ ਇਕੱਲੇ ਨਿਭਾਣਾ ਮੁਸ਼ਕਲ ਹੈ। ਰਾਜ ਦੇ ਪ੍ਰਸ਼ਾਸਨ ਵਿਚ ਇਸ ਲਈ ਸਹਿਯੋਗ ਅਤੇ ਸਲਾਹ ਮਸ਼ਵਰਾ ਦੇਣ ਅਤੇ ਸ਼ਾਸਨ ਦੀ ਜ਼ਿੰਮੇਵਾਰੀ ਉਠਾਉਣ ਲਈ ਨੌ ਜਾਂ ਸੱਤ ਮੰਤਰੀ ਨਿਯੁਕਤ ਕਰਨ ਦੀ ਸਲਾਹ ਦਿੱਤੀ ਹੈ। ਰਾਜਾ ਭਿੰਨ ਭਿੰਨ ਕਿਸਮ ਦੀਆਂ ਪਰੀਖਿਆਵਾਂ ਦੇ ਆਧਾਰ ਤੇ ਉੱਚ ਕੁਲ ਵਿਚ ਪੈਦਾ ਹੋਏ ਸ਼ਾਸਤਰ ਗਿਆਤਾ, ਸ਼ਸਤਰ ਵਿਦਿਆ ਵਿਚ ਨਿਪੁੰਨਤਾ ਰੱਖਣ ਵਾਲੇ, ਸੂਰਬੀਰ ਵਿਅਕਤੀਆਂ ਨੂੰ ਮੰਤਰੀ ਚੁਣਨਾ ਚਾਹੀਦਾ ਹੈ। ਮੰਤਰੀ ਸਥਿਰ ਚਿਤ, ਆਲਸ ਰਹਿਤ, ਉਤਸ਼ਾਹ ਪੂਰਵਕ ਕਾਰਜ ਕਰਨ ਵਾਲੇ, ਬੁੱਧੀਮਾਨ ਵਿਅਕਤੀ ਹੋਣੇ ਚਾਹੀਦੇ ਹਨ। ਇਹਨਾਂ ਵਿੱਚ ਵਿੱਤ ਵਿਭਾਗ ਲਈ ਸ਼ੁੱਧ ਅਰਥਾਤ ਧਨ ਲਾਲਚ ਤੋਂ ਰਹਿਤ ਵਿਅਕਤੀਆਂ ਨੂੰ ਨਿਯੁਕਤ ਕਰਨਾ ਚਾਹੀਦਾ ਹੈ। ਰਾਜੇ ਦੇ ਨਿਵਾਸ, ਭੋਜਨ ਅਤੇ ਇਸ਼ਨਾਨ ਗ੍ਰਹਿ ਦੇ ਪ੍ਰਬੰਧ ਲਈ ਡਰਪੋਕ ਵਿਅਕਤੀ ਹੀ ਉਚਿਤ ਹੁੰਦੇ ਹਨ।

**ਮੰਤਰਣ (ਬੈਠਕ) ਦਾ ਸਮਾਂ ਆਦਿ :**

(1) ਕਾਰਜ ਪ੍ਰਾਰੰਭ ਦਾ ਉਪਾਅ;

(2) ਪੁਰਸ਼ ਦ੍ਰਵ ਸੰਪਤੀ;

(3) ਦੇਸ਼ ਕਾਲ ਵਿਭਾਗ ਦਾ ਗਿਆਨ;

(4) ਵਿਨਿਪਾਤ ਦਾ ਪ੍ਰਤੀਕਾਰ;

(5) ਕਾਰਜ ਸਿੱਧੀ।

ਮੰਤਰਣਾ (ਬੈਠਕ) ਸਦਾ ਗੁਪਤ ਰਹਿਣ ਉਪਰ ਹੀ ਲਾਹੇਵੰਦ ਹੁੰਦੀ ਹੈ ਅਰਥਾਤ ਗੁਪਤ ਉੱਤੇ ਹੋਣੀ ਚਾਹੀਦੀ ਹੈ। ਮੰਤਰਣਾ ਸੱਥਲ ਦੇ ਆਸ ਪਾਸ ਦੁਸ਼ਮਣ ਦੇ ਗੁਪਤਚਰ, ਪਸ਼ੂ, ਗੂੰਗੇ, ਬਹਿਰੇ, ਅਤਿਅੰਤ ਬਿਰਧ, ਇਸਤਰੀ, ਮਲੇਛ, ਰੋਗੀ, ਘੱਟ ਜਾਂ ਵੱਧ ਅੰਗਾਂ ਵਾਲੇ ਵਿਅਕਤੀਆਂ ਨੂੰ ਵੀ ਨਹੀਂ ਆਉਣ ਦੇ ਣਾ ਚਾਹੀਦਾ, ਕਿਉਂਕਿ ਇਹਨਾਂ ਤੋਂ ਮੰਤਰਣਾ ਦਾ ਰਹੱਸ ਪ੍ਰਗਟ ਕਰ ਦੇਣ ਦਾ ਭੈ ਬਣਿਆ ਰਹਿੰਦਾ ਹੈ। ਰਾਜੇ ਨੂੰ ਨਿਰੰਜਨ ਦੰਗਲ, ਪਹਾੜੀ ਦੀ ਚੋਟੀ ਜਾਂ ਇਕਾਂਤ ਮਾਹੌਲ ਵਿਚ ਹੀ ਪੂਜਨ ਕਰਕੇ ਮੰਤਰਣਾ ਦੇ

ਕਮਰੇ ਵਿਚ ਪ੍ਰਵੇਸ਼ ਕਰਨਾ ਚਾਹੀਦਾ ਹੈ। ਪਰਜਾ ਨੂੰ ਯਥਾ ਅਨੁਸਾਰ ਸੰਤੁਸ਼ਟ ਕਰਕੇ ਵਿਸਰਜਤ ਕਰਨਾ ਚਾਹੀਦਾ ਹੈ। ਅੰਤ ਵਿੱਚ ਮੰਤਰਣਾ ਕਰਨੀ ਚਾਹੀਦੀ ਹੈ। ਮੰਤਰੀਆਂ ਨਾਲ ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ ਸਲਾਹ ਮਸ਼ਵਰਾ ਕਰਕੇ ਰਾਜੇ ਨੂੰ ਖੁਦ ਹੀ ਫੈਸਲਾ ਕਰਨਾ ਚਾਹੀਦਾ ਹੈ। ਸ਼ਡਗੁਣ (ਛੇ ਗੁਣਾਂ) ਦਾ ਵਿਚਾਰ ਵਿਦਵਾਨ ਧਰਮ ਯੁਕਤ ਬ੍ਰਾਹਮਣ ਮਤੰਰੀਆਂ ਨਾਲ ਕਰੇ।

## ਰਾਜੇ ਦਾ ਨਿਵਾਸ (State Capital City):

ਰਾਜੇ ਦਾ ਨਿਵਾਸ ਇਹੋ ਜਿਹੀ ਜਗ੍ਹਾ ਹੋਣਾ ਚਾਹੀਦਾ ਹੈ ਜਿਥੇ ਰਮਣੀਕ ਵਾਤਾਵਰਣ ਹੋਵੇ। ਉਥੋਂ ਦੇ ਨਿਵਾਸੀ ਨਿਮਰਤਾ ਵਾਲੇ ਹੋਣ, ਧਰਮ ਵਿਚ ਉਹਨਾਂ ਦੀ ਰੁਚੀ ਹੋਵੇ, ਜ਼ਿਆਦਾ ਬਾਰਸ਼ ਨਾ ਹੁੰਦੀ ਹੋਵੇ ਖੁੱਲ੍ਹੀ ਹਵਾ, ਸੂਰਜ ਦਾ ਪ੍ਰਕਾਸ਼, ਧਨ ਧਾਨਯ, ਰੋਜ਼ਗਾਰ ਪ੍ਰਾਪਤੀ ਦੀ ਸੁਵਿਧਾ, ਅਧਿਕ ਮਾਤਰਾ ਵਿਚ ਪ੍ਰਾਪਤ ਹੋਵੇ। ਦੁਸ਼ਮਣ ਦਾ ਡਰ ਨਾ ਹੋਵੇ। ਸ੍ਰੇਸ਼ਟ ਦੁਰਗ (ਮਨੁੱਖ ਦੁਰਗ ਅਤੇ ਗਿਰੀ ਦੁਰਗ) ਦੇ ਮੱਧ ਵਿਚ ਵਿਸ਼ਾਲ ਭਵਨ, ਰਿਤੂ ਅਨੁਕੂਲ, ਸੁਰੱਖਿਅਤ ਅਤੇ ਉਚਿਤ ਸਥਾਨ ਨੂੰ ਗ੍ਰਹਿਣ ਕਰਨ ਦੇ ਲਈ ਉਚਿਤ ਹੁੰਦਾ ਹੈ।

ਮਨੂੰ ਸਿਮ੍ਰਿਤੀ ਅਨੁਸਾਰ ਰਾਜੇ ਨੂੰ ਆਪਣੀ ਸੁਰੱਖਿਆ ਲਈ ਪਹਾੜੀ ਕਿਲ੍ਹੇ ਵਿਚ ਨਿਵਾਸ ਕਰਨਾ ਚਾਹੀਦਾ ਹੈ ਕਿਉਂਕਿ ਇਹ ਸਾਰੇ ਕਿਲ੍ਹਿਆਂ ਨਾਲੋਂ ਉਤੱਮ ਹੁੰਦਾ ਹੈ। ਕਿਲ੍ਹ ਵਿਚ ਇਕ ਵੱਡਾ ਸੁਰੱਖਿਅਤ ਮਹਿਲ ਬਨਵਾਉਣਾ ਚਾਹੀਦਾ ਹੈ ਜਿਸ ਵਿਚ ਇਸਤਰੀ ਗ੍ਰਹਿ, ਦੇਵ ਮੰਦਰ ਅਤੇ ਅਗਨੀਸ਼ਾਲਾ ਆਦਿ ਦੀ ਵਿਵਸਥਾ ਹੋਵੇ। ਮਹਿਲ ਵਿਚ ਸਾਰੀਆਂ ਰੁੱਤਾਂ ਵਾਲੇ ਵੱਧਣ ਫੁਲਣ ਵਾਲੇ ਦਰਖਤ, ਫੁੱਲ, ਕਪੜਾ ਅਤੇ ਟੋਭਾ ਆਦਿ ਵੀ ਹੋਣੇ ਚਾਹੀਦੇ ਸਨ। ਰਾਜੇ ਨੂੰ ਆਪਣੀ ਜਾਤੀ ਵਾਲੀ ਸ਼ੁਭ ਗੁਣਾਂ ਵਾਲੀ ਸੁੰਦਰ ਅਤੇ ਗੁਣਵਾਨ ਇਸਤਰੀ ਨਾਲ ਵਿਆਹ ਕਰਨਾ ਚਾਹੀਦਾ ਹੈ। ਰਾਜੇ ਨੂੰ ਅਸ਼ਵਮੇਧ ਵਿਸ਼ਵਜੀਤ ਆਦਿ ਯੱਗ ਕਰਵਾਉਣੇ ਚਾਹੀਦੇ ਹਨ ਤੇ ਬ੍ਰਾਹਮਣਾਂ ਨੂੰ ਦਾਨ ਦੇਣਾ ਚਾਹੀਦਾ ਹੈ। ਉਸ ਨੂੰ ਬ੍ਰਾਹਮਣਾਂ ਦੀ ਪੂਜਾ ਕਰਨੀ ਚਾਹੀਦੀ ਹੈ।

## ਰਾਜੇ ਦੇ ਕਰਤੱਵ:

ਰਾਜੇ ਨੂੰ ਰਾਜ ਦੀ ਸੁਰੱਖਿਆ ਅਤੇ ਦੁਸ਼ਮਣਾਂ ਦਾ ਨਾਸ਼ ਕਰਨਾ ਚਾਹੀਦਾ ਹੈ। ਉਸ ਨੂੰ ਆਪਣੀ ਪਰਜਾ ਨਾਲ ਪਿਤਾ ਸਮਾਨ ਵਿਵਹਾਰ ਕਰਨਾ ਚਾਹੀਦਾ ਹੈ। ਕਿਉਂਕਿ ਪ੍ਰਜਾ ਦਾ ਪਾਲਣ ਕਰਨਾ ਰਾਜੇ ਦਾ ਉੱਤਮ ਧਰਮ ਹੈ ਅਤੇ ਪਰਜਾ ਪਾਲਣ ਦੁਆਰਾ ਸ਼ਾਸਤਰਾਂ ਅਨੁਸਾਰ ਫਲ ਨੂੰ ਭੋਗਣ ਵਾਲਾ ਰਾਜਾ ਧਰਮੀ ਹੁੰਦਾ ਹੈ। ਰਾਜੇ ਨੂੰ ਸਮੇਂ ਦੀ ਲੋੜ ਅਨੁਸਾਰ ਸਖਤ ਜਾਂ ਨਰਮ ਹੋਣਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਦਾ ਰਾਜਾ ਹੀ ਲੋਕਪ੍ਰਿਯ ਹੁੰਦਾ ਹੈ।

ਰਾਜਾ ਆਪਣੇ ਵਿਸ਼ਵਾਸ ਪਾਤਰ ਵਿਅਕਤੀਆਂ ਰਾਹੀਂ ਜਨਤਾ ਤੋਂ ਸਾਲਾਨਾ ਟੈਕਸ ਵਸੂਲ ਕਰੇ ਅਤੇ ਲੋਕਾਂ ਤੋਂ ਕਰ ਲੈਣ ਵੇਲੇ ਨਿਆਇਯੁਕਤ ਵਿਵਹਾਰ ਕਰੇ। ਰਾਜੇ ਨੂੰ ਸਾਰੇ ਕਾਰਜਾਂ (ਸੈਨਾ, ਕੋਸ਼, ਸੰਗ੍ਰਹਿ ਅਤੇ ਦੂਤ ਆਦਿ) ਲਈ ਵਿਭਿੰਨ ਅਧਿਕਾਰੀ ਨਿਯੁਕਤ ਕਰਨੇ ਚਾਹੀਦੇ ਹਨ ਅਤੇ ਇਹਨਾਂ ਅਧਿਕਾਰੀਆਂ ਦੇ ਕੰਮਾਂ ਦਾ ਖੁਦ ਦੇਖ ਭਾਲ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਉਸ ਨੂੰ ਪਿੰਡਾਂ ਅਤੇ ਨਗਰਾਂ ਦੀ ਦੇਖ ਭਾਲ ਕਰਨ ਲਈ ਅਧਿਕਾਰੀ ਨਿਯੁਕਤ ਕਰਨੇ ਚਾਹੀਦੇ ਹਨ। ਰਾਜੇ ਨੂੰ ਗੁਪਤਚਰਾਂ ਰਾਹੀਂ ਇਹਨਾਂ ਅਧਿਕਾਰੀਆਂ ਦੇ ਕੰਮਾਂ ਕਾਰਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ। ਜੋ ਅਧਿਕਾਰੀ ਪਰਜਾ ਪਾਸੋਂ ਅਨੁਚਿਤ ਢੰਗ ਨਾਲ ਧਰਨ ਇੱਕਠਾ ਕਰੇ ਜਾਂ ਭ੍ਰਿਸ਼ਟਾਚਾਰ ਕਰੇ ਉਸ ਨੂੰ ਰਾਜ ਤੋਂ ਬਾਹਰ ਕੱਢ ਦੇਣਾ ਚਾਹੀਦਾ ਹੈ।

ਰਾਜੇ ਨੂੰ ਯੁੱਧ ਤੋਂ ਕਦੇ ਵੀ ਨਹੀਂ ਡਰਨਾ ਚਾਹੀਦਾ ਕਿਉਂਕਿ ਲੜਨਾ ਕਸ਼ਤਰੀ ਦਾ ਧਰਮ ਹੈ। ਉਸ ਨੂੰ ਦੁਰਲੱਭ ਚੀਜ਼ ਨੂੰ ਪ੍ਰਾਪਤ ਕਰਨ ਦੀ ਇੱਛਾ ਅਤੇ ਧਰਮੀ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਸੁਰੱਖਿਅਤ ਧਰਮੀ ਨੂੰ ਵਧਾਉਣ ਲਈ ਜਾਂ ਵਧਾਏ ਹੋਏ ਪਦਾਰਥਾਂ ਅਤੇ ਭੂਮੀ ਨੂੰ ਸਤਪਾਤਰਾਂ ਵਿਚ ਦਾਨ ਕਰ ਦੇ ਣਾ ਚਾਹੀਦਾ ਹੈ। ਰਾਜਾ ਸੈਨਾ ਨੂੰ ਤਿਆਰ ਰੱਖੇ, ਸੈਨਿਕ ਸ਼ਕਤੀ ਦਾ ਪ੍ਰਦਰਸ਼ਨ ਕਰਦਾ ਰਹੇ, ਗੁਪਤ ਰੱਖਣ ਯੋਗ ਵਿਚਾਰਾਂ ਅਤੇ ਰਾਜ ਦੇ ਕਾਰਜਾਂ ਨੂੰ ਸਦਾ ਪ੍ਰਾਪਤ ਰੱਖੇ ਅਤੇ ਹਮੇਸ਼ਾਂ ਦੁਸ਼ਮਣ ਦੀਆਂ ਕਮੀਆਂ ਨੂੰ ਦੇਖਦਾ ਰਹੇ। ਰਾਜੇ ਦੁਆਰਾ ਸਾਰੇ ਲੋਕਾਂ ਨੂੰ ਸਜ਼ਾ ਦੇ ਆਧਾਰ ਤੇ ਵਸ ਵਿਚ ਰੱਖਿਆ ਜਾਣਾ ਚਾਹੀਦਾ ਹੈ। ਮੰਤਰੀ ਆਦਿ ਨਾਲ ਧੋਖਪਾਤ ਤੋਂ ਰਹਿਤ ਵਰਤਾਓ ਕਰਨਾ ਚਾਹੀਦਾ ਹੈ ਅਤੇ ਗੁਪਤਚਰਾਂ ਦੁਆਰਾ ਦੁਸ਼ਮਨ ਦੇ ਵਿਵਹਾਰ ਦੀ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਰਾਜੇ ਨੂੰ ਅਵਿਸ਼ਵਾਸ ਵਿਅਕਤੀ ਉੱਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਅਤੇ ਸ਼ੁਭਚਿੰਤਕ ਤੇ ਵੀ ਉਹ ਜ਼ਿਆਦਾ ਵਿਸ਼ਵਾਸ ਨਾ ਕਰੇ। ਬਗਲੇ ਵਾਂਗ ਅਰਥ ਚਿੰਤਨ ਕਰੇ ਅਤੇ ਸ਼ੇਰ ਦੇ ਵਾਂਗ ਸਾਹਸੀ ਬਣੇ। ਭੇੜੀਏ ਦੇ ਵਾਂਗ ਦੁਸ਼ਮਣ ਦਾ ਅੰਤ ਕਰੇ ਅਤੇ ਖਰਗੋਸ਼ ਵਾਂਗ ਦੁਸ਼ਮਣ ਦੇ ਘੇਰੇ ਵਿਚੋਂ ਨਿਕਲ ਜਾਵੇ। ਸਦੀਆਂ ਬਾਅਦ ਮੇਕਾਅਵਲੀ ਨੇ ਇਹੀ ਵਿਚਾਰ ਦਿੱਤੇ।

ਇਸ ਪ੍ਰਕਾਰ ਰਾਜੇ ਦਾ ਸਭ ਤੋਂ ਪ੍ਰਮੁੱਖ ਕਰਤੱਵ ਪਰਜਾ ਦੀ ਰੱਖਿਆ ਕਰਨ ਅਤੇ ਦੁਸ਼ਟਾਂ ਨੂੰ ਸਜ਼ਾ ਦੇਣਾ ਹੈ।

**ਰਾਜ ਦਾ ਕਾਰਜ :**

ਮਨੂੰ ਨੇ ਆਪਣੇ ਵਿਚਾਰ ਦਰਸ਼ਨ ਦੇ ਅੰਤਰਗਤ ਰਾਜ ਦੇ ਸਾਰੇ ਕਾਰਜ ਖੇਤਰਾਂ ਦਾ ਵੀ ਵਰਣਨ ਕੀਤਾ ਹੈ। ਮਨੂੰ ਦੇ ਅਨੁਸਾਰ ਅੰਦਰੂਨੀ ਸ਼ਾਂਤੀ ਸਥਾਪਿਤ ਰੱਖਣਾ, ਬਾਹਰੀ ਹਮਲੇ ਤੋਂ ਦੇਸ਼ ਦੀ ਰੱਖਿਆ ਕਰਨਾ ਅਤੇ ਨਾਗਰਿਕਾਂ ਦੇ ਪਰਸਪਰ ਵਿਵਾਦਾਂ ਦਾ ਨਿਰਣਾ ਕਰਨਾ ਰਾਜ ਦੇ ਸਭ ਤੋਂ ਅਧਿਕ ਮਹੱਤਵਪੂਰਨ ਕਾਰਜ ਹਨ। ਇਨ੍ਹਾਂ ਤੋਂ ਇਲਾਵਾ ਕੀਮਤਾਂ ਉਪਰ ਨਿਯੰਤਰਣ ਰੱਖਣਾ, ਵਿਭਿੰਨ ਸਮੁਦਾਵਾਂ ਦੇ ਵਿਚਕਾਰ ਹੋਣ ਵਾਲੇ ਝਗੜਿਆਂ ਦਾ ਨਿਪਟਾਰਾ ਕਰਨਾ, ਵੈਸ਼ ਅਤੇ ਸ਼ੂਦਰਾਂ, ਨੂੰ ਆਪਣੇ ਆਪਣੇ ਕਰਤੱਵਾਂ ਦਾ ਪਾਲਣ ਕਰਨ ਲਈ ਬਾਧਿਤ ਕਰਨਾ ਵੀ ਰਾਜ ਦੇ ਕਾਰਜ ਦੇ ਅੰਤਰਗਤ ਆਉਂਦਾ ਹੈ। ਰਾਜੇ ਨੂੰ ਸਿੱਖਿਆ ਦੀ ਵਿਵਸਥਾ ਵੀ ਕਰਨੀ ਚਾਹੀਦੀ ਹੈ। ਅਤੇ ਸਿਖਿਆਰਥੀਆਂ ਦਾ ਵਿਸ਼ੇਸ਼ ਰੂਪ ਵਿਚ ਧਿਆਨ ਰੱਖਣਾ ਚਾਹੀਦਾ ਹੈ। ਰਾਜੇ ਨੂੰ ਵੇਦ ਦਾ ਅਧਿਐਨ ਅਤੇ ਅਧਿਆਪਨ ਕਰਨ ਵਾਲੇ ਬ੍ਰਾਹਮਣਾਂ ਨੂੰ ਦਾਨ ਦੇਣਾ ਚਾਹੀਦਾ ਹੈ। ਉਸ ਨੂੰ ਬਿਨਾਂ ਸੰਤਾਨ ਇਸਤਰੀਆਂ, ਵਿਧਵਾਵਾਂ ਅਤੇ ਰੋਗ ਗ੍ਰਸਤ ਇਸਤਰੀਆਂ ਦੀ ਦੇਖ ਭਾਲ ਕਰਨੀ ਚਾਹੀਦੀ ਹੈ ਅਤੇ ਨਾਬਾਲਗ ਦੀ ਸੰਪੱਤੀ ਦੀ ਵਿਸ਼ੇਸ਼ ਰੂਪ ਵਿਚ ਰੱਖਿਆ ਕਰਨੀ ਚਾਹੀਦੀ ਹੈ। ਇਸਤਰੀਆਂ ਦੀ ਸੰਪੱਤੀ ਦਾ ਗਬਨ ਕਰਨ ਵਾਲਿਆਂ ਨੂੰ ਬਹੁਤ ਕਠੋਰ ਸਜ਼ਾ ਦੇਣੀ ਚਾਹੀਦੀ ਹੈ। ਜੋ ਵਿਅਕਤੀ ਗੁੰਮ ਹੋ ਗਏ ਹਨ ਰਾਜ ਦੁਆਰਾ ਉਨ੍ਹਾਂ ਦੀ ਸੰਪੱਤੀ ਆਪਣੇ ਅਧੀਨ ਕਰ ਲੈਣੀ ਚਾਹੀਦੀ ਹੈ ਅਤੇ ਜਦੋਂ ਉਹ ਪ੍ਰਗਟ ਹੋਣ ਤਾਂ ਉਨ੍ਹਾਂ ਦੀ ਸੰਪੱਤੀ ਵਾਪਸ ਕਰ ਦੇਣੀ ਚਾਹੀਦੀ ਹੈ। ਰਾਜ ਦੁਆਰਾ ਰਿਸ਼ਵਤਖੋਰ, ਜੂਆ ਖੇਡਣ ਵਾਲਿਆਂ, ਧੋਖੇਬਾਜਾਂ, ਅਤੇ ਦੁਸ਼ਟ ਵਿਅਕਤੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਅਤੇ ਗਲਤ ਢੰਗ ਨਾਲ ਇਲਾਜ ਕਰਨ ਵਾਲਿਆਂ ਨੂੰ ਭਾਰੀ ਜ਼ੁਰਮਾਨਾ ਕਰਨਾ ਚਾਹੀਦਾ ਹੈ। ਭਾਵੇਂ ਆਧੁਨਿਕ ਯੁੱਗ ਦੀ ਕਲਿਆਣਕਾਰੀ ਰਾਜ ਦੀ ਧਾਰਣਾ ਦਾ ਵਿਚਾਰ ਉਸ ਸਮੇਂ ਉਚਿਤ ਨਹੀਂ ਸੀ ਹੋਇਆ ਫਿਰ ਵੀ ਭਾਰਤੀ ਸ਼ਾਸਕ ਜਨਤਾ ਦੇ ਹਿਤਕਾਰੀ ਕਾਰਜਾਂ ਨੂੰ ਕਰਨਾ ਆਪਣਾ ਟੀਚਾ ਸਮਝਦੇ ਸਨ। ਸੋ ਅਸੀਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਮਨੂੰ ਨੇ ਕਲਿਆਣਕਾਰੀ ਰਾਜ ਦਾ ਸਮਰਥਨ ਕੀਤਾ।

# ਨਿਆਂ ਜਾਂ ਵਿਵਹਾਰ ਬਾਰੇ ਮਨੂੰ ਦੇ ਵਿਚਾਰ

## (Justice or Vyavahara)

ਰਾਜ ਵਿਚ ਅੰਦਰੂਨੀ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਲਈ ਨਿਆਂ ਮਹੱਤਵਪੂਰਨ ਸਥਾਨ ਰੱਖਦਾ ਹੈ। ਸ਼ਾਸਨ ਵਿਚ ਪਰਜਾ ਦੀ ਆਸਥਾ ਨਿਆਂ ਦੁਆਰਾ ਹੀ ਸਥਾਪਿਤ ਹੁੰਦੀ ਹੈ। ਪਰਜਾ ਰਾਜ ਧਰਮ ਨੂੰ ਨਿਆਂ ਦੇ ਆਧਾਰ ਤੇ ਹੀ ਸ੍ਰੇਸ਼ਟ (ਉੱਤਮ) ਜਾਂ ਘਟੀਆ ਦੀ ਉਪਾਧੀ ਦਿੰਦੀ ਹੈ। ਰੋਜ਼ਾਨਾ ਜੀਵਨ ਵਿਚ ਵਿਅਕਤੀਆਂ ਦਾ ਇਕ ਦੂਜੇ ਦੇ ਨਾਲ ਵੱਖ ਵੱਖ ਤਰ੍ਹਾਂ ਦਾ ਸੰਪਰਕ ਹੁੰਦਾ ਹੈ। ਇਸ ਸੰਪਰਕ ਵਿਚ ਵਿਵਾਦ, ਸ਼ੰਕਾ ਅਤੇ ਸੰਘਰਸ਼ ਨੂੰ ਨਿਪਟਾਉਣ ਜਾਂ ਸੁਲਝਾਉਣ ਦੀ ਪ੍ਰਕ੍ਰਿਆ ਨੂੰ ਨਿਆਂ ਕਹਿੰਦੇ ਹਨ। ਮੁੱਖ ਤੌਰ ਤੇ ਇਹ ਵਿਵਾਦ ਦੋ ਤਰ੍ਹਾਂ ਦੇ ਹੁੰਦੇ ਹਨ– ਦੀਵਾਨੀ (civil) ਅਤੇ ਫੌਜਦਾਰੀ (criminal)। ਦੀਵਾਨੀ ਵਿਵਾਦ ਧਨ ਦੇ ਲੈਣ ਦੇਣ ਨਾਲ ਸੰਬੰਧ ਰੱਖਦੇ ਹਨ। ਫੌਜਦਾਰੀ ਵਿਵਾਦਾਂ ਵਿਚ ਹੱਤਿਆ, ਮਾਰ ਕੁੱਟ, ਆਦਿ ਵਿਵਹਾਰ ਹੁੰਦੇ ਹਨ। ਮਨੂੰ ਨੇ 18 ਪ੍ਰਕਾਰ ਦੇ ਵਿਵਾਦਾਂ ਦਾ ਉਲੇਖ ਕੀਤਾ ਹੈ। ਇਹਨਾਂ ਵਿਚ ਕਰਜ਼ਾ, ਧਰੋਹ, ਗੈਰ ਕਾਨੂੰਨੀ ਮਲਕੀਅਤ, ਜਾਇਦਾਦ ਨੂੰ ਵੇਚਣਾ, ਸੰਯੁਕਤ ਵਪਾਰ, ਨੌਕਰਾਂ ਦੇ ਵੇਤਨ, ਖਰੀਦ ਵੇਚ, ਮਾਰ ਪਿੱਟ, ਗਾਲਾਂ ਦੇਣੀਆਂ, ਚੋਰੀ, ਡਾਕਾ, ਵਿਭਚਾਰ, ਜੂਆ, ਜੱਦੀ ਜਾਇਦਾਦ ਆਦਿ ਆਉਂਦੇ ਹਨ।

### ਨਿਆਂਲਯ (ਅਦਾਲਤ) ਦਾ ਸੰਗਠਨ:

ਮਨੂੰ ਨੇ ਮੁਕੱਦਮਿਆਂ ਦਾ ਨਿਰਨਾ ਕਰਨ ਲਈ ਨਿਆਂ ਸਭਾ ਦਾ ਵਰਣਨ ਕੀਤਾ ਹੈ। ਇਸ ਸਭਾ ਵਿਚ ਵਿਵਹਾਰਾਂ (ਮੁਕੱਦਮਿਆਂ) ਦਾ ਨਿਪਟਾਰਾ ਕਰਨ ਦੀ ਇੱਛਾ ਲੈ ਕੇ ਰਾਜਾ ਆਪਣੇ ਮੰਤਰੀਆਂ ਅਤੇ ਬ੍ਰਾਹਮਣਾਂ ਨਾਲ ਦਾਖਲ ਹੁੰਦਾ ਹੈ। ਆਮ ਤੌਰ ਤੇ ਰਾਜਾ ਖੁਦ ਤਿੰਨ ਬ੍ਰਾਹਮਣਾਂ ਨਾਲ ਮਿਲ ਕੇ ਨਿਆਂ ਕਰਦਾ ਹੈ। ਇਸਦੇ ਇਲਾਵਾ ਆਪਣੀ ਗੈਰ–ਹਾਜ਼ਰੀ ਵਿਚ ਨਿਆਂ ਕਰਨ ਲਈ ਰਾਜਾ ਵਿਦਵਾਨ ਬ੍ਰਾਹਮਣ ਨੂੰ ਨਿਯੁਕਤ ਕਰ ਸਕਦਾ ਹੈ। ਮੁਕੱਦਮਿਆਂ ਦੇ ਨਿਰਣੇ ਵਿਚ ਰਾਜਾ ਅਤੇ ਉਸ ਦੀ ਗੈਰ ਹਾਜ਼ਰੀ ਵਿਚ ਨਿਯੁਕਤ ਬ੍ਰਾਹਮਣ ਤਿੰਨ ਮੈਂਬਰਾਂ ਦੀ ਸਲਾਹ ਨਾਲ ਨਿਆਂ ਕਰਨਾ ਆਧੁਨਿਕ ਨਿਆਂ ਵਿਵਸਥਾ (jury) ਦਾ ਸੰਕੇਤ ਹੈ। ਇਸ ਨਿਆਂ ਸਭਾ ਵਿਚ ਹਫਤੇ ਦਾ ਹਰ ਦਿਨ ਇਕ ਪ੍ਰਕਾਰ ਦੇ ਮੁਕੱਦਮੇ ਦੀ ਸੁਣਵਾਈ ਲਈ ਨਿਰਧਾਰਿਤ ਰਹਿੰਦਾ ਹੈ। ਮੁਕੱਦਮਿਆਂ ਨੂੰ ਵਰਣ ਕਰਮ ਅਨੁਸਾਰ ਪਹਿਲ ਦਿੱਤੀ ਜਾਂਦੀ ਹੈ। ਮਨੂੰ ਦੇ ਅਨੁਸਾਰ (judge) ਬ੍ਰਾਹਮਣ ਹੀ ਹੋਣਾ ਚਾਹੀਦਾ ਹੈ ਤੇ ਉਹ ਕਿਸੀ ਵੀ ਹਾਲਤ ਵਿਚ ਸ਼ੂਦਰ ਨਹੀਂ ਹੋ ਸਕਦਾ।

ਨਿਆਂ ਕਰਨ ਵਿਚ ਰਾਜੇ ਦਾ ਮਾਰਗ ਦਰਸ਼ਨ ਭਿੰਨ ਭਿੰਨ ਪਰੰਪਰਾਵਾਂ ਕਰਦੀਆਂ ਹਨ। ਜਾਤੀ ਧਰਮ, ਸ਼੍ਰੇਣੀ ਧਰਮ, ਕੁੱਝ ਧਰਮ ਅਤੇ ਸ਼ਾਸਤਰ ਉੱਪਰ ਆਧਾਰਿਤ ਪਰੰਪਰਾਵਾਂ ਆਦਿ ਦਾ ਧਿਆਨ ਕਰਨ ਪਿੱਛੋਂ ਹੀ ਨਿਆਂ ਕਰਨਾ ਉਚਿਤ ਹੁੰਦਾ ਹੈ। ਰਾਜੇ ਨੂੰ ਵਿਵਹਾਰ ਦਾ ਫੈਸਲਾ ਕਰਨ ਲਈ ਤਿੰਨ ਉਪਾਅ ਪ੍ਰਯੋਗ ਵਿਚ ਲਿਆਉਣੇ ਚਾਹੀਦੇ ਹਨ। ਉਹ ਤਿੰਨ ਉਪਾਅ ਹਨ :

**1. ਬਾਹਰੀ ਚਿੰਨ੍ਹਾਂ ਦਾ ਅਧਿਐਨ ਅਤੇ ਉਨ੍ਹਾਂ ਅਨੁਸਾਰ ਸਥਿਤੀ ਦਾ ਅਨੁਮਾਨ :** ਮਨੁੱਖ ਦੇ ਅਪਰਾਧੀ ਹਿਰਦੇ ਦੀ ਪਰਖ (ਪਹਿਚਾਣ) ਬਾਹਰਲੇ ਚਿੰਨ੍ਹਾਂ ਦੁਆਰਾ ਹੋ ਜਾਂਦੀ ਹੈ। ਮਨ ਦੇ ਅੰਦਰਲੇ ਭਾਵ, ਸਵੱਰਾਂ, ਵਿਅੰਜਨ ਇੰਗਤ, ਆਕਾਰ, ਅਤੇ ਇੱਛਾਵਾਂ ਆਦਿ ਦੇ ਅਧਿਐਨ

ਨਾਲ ਸਪੱਸ਼ਟ ਹੋ ਜਾਂਦੇ ਹਨ। ਸਵੱਰ ਵਿਚ ਰੁਕ ਰੁਕ ਕੇ, ਘਬਰਾ ਕੇ, ਭਾਵੁਕ ਹੋ ਕੇ ਬੋਲਣਾ, ਅੰਤਹਕਰਨ ਦੇ ਕਪਾਟ ਖੋਲ੍ਹ ਦਿੰਦਾ ਹੈ। ਮੁਖ, ਹਿਰਦੇ ਦੀਆਂ ਭਾਵਾਂ ਦਾ ਦਰਪਣ (ਸ਼ੀਸ਼ਾ) ਹੋ ਜਾਂਦਾ ਹੈ। ਇੱਛਾਵਾਂ ਸਰੀਰ ਵਿਚ ਰੁਮਾਂਸ ਜਾਂ ਮਨ ਦੇ ਭਾਵਾਂ ਦਾ ਬਾਹਰਲਾ ਚਿੰਨ੍ਹ ਹੁੰਦਾ ਹੈ। ਨਿਆਂ ਦਾ ਸ਼ਾਸਨ ਉੱਪਰ ਬੈਠਣ ਵਾਲਾ ਰਾਜਾ (ਜਾਂ ਬ੍ਰਾਹਮਣ) ਨੂੰ ਚਤੁਰਾਈਤ ਨਾਲ ਦੋਨਾਂ ਪਾਸਿਆਂ (ਮੁਦਈ ਅਤੇ ਮੁਦਾਲਿਆ) ਦੇ ਵਿਅਕਤੀਆਂ ਦੇ ਮਨ ਦੇ ਭਾਵਾਂ ਦਾ ਬਾਹਰਲੇ ਚਿੰਨ੍ਹਾਂ ਦੇ ਆਧਾਰ ਤੇ ਪਤਾ ਲਗਾਉਣਾ ਚਾਹੀਦਾ ਹੈ।

2. ਸ਼ਿਕਾਰੀ ਦੇ ਸਮਾਨ ਰਾਜੇ ਨੂੰ ਅਨੁਮਾਨ ਲਗਾਉਣ ਵਿਚ ਚਤੁਰ ਹੋਣਾ ਚਾਹੀਦਾ ਹੈ। ਮਿਰਗ ਦੇ ਪੈਰ ਦਾ ਚਿੰਨ੍ਹ ਸ਼ਿਕਾਰੀ ਨੂੰ ਪਤਾ ਦੱਸ ਦਿੰਦੇ ਹਨ। ਰਾਜੇ ਨੂੰ ਵੀ ਇਸੇ ਅਨੁਮਾਨ ਅਨੁਸਾਰ ਅਪਰਾਧੀ ਨੂੰ ਖੋਜਣਾ ਚਾਹੀਦਾ ਹੈ।

**3. ਗਵਾਹੀ ਦੁਆਰਾ ਸਥਿਤੀ ਦਾ ਅਨੁਵੇਸ਼ਨ :** ਮਨੂੰ ਨੇ ਵਿਵਹਾਰ ਨਿਰਣਾ ਕਰਨ ਲਈ ਗਵਾਹੀ ਦਾ ਪ੍ਰਯੋਗ ਕਰਨਾ ਜ਼ਰੂਰੀ ਦੱਸਿਆ ਹੈ। ਉਹਨਾਂ ਨੇ ਗਵਾਹਾਂ ਅਤੇ ਟੀਚੇ ਸੰਬੰਧੀ ਵਿਚਾਰ ਅਧਿਕ ਮਾਤਰਾ ਵਿਚ ਮਿਲਦੇ ਹਨ। ਜਦੋਂ ਦੋਵਾਂ ਪੱਖਾਂ ਵਿੱਚ ਕੋਈ ਵੀ ਆਪਣਾ ਅਪਰਾਧ ਸਵੀਕਾਰ ਕਰਨ ਨੂੰ ਤਿਆਰ ਨਹੀਂ ਹੁੰਦਾ ਤਾਂ ਮੁਦੱਈ ਤਿੰਨ ਗਵਾਹਾਂ ਨੂੰ ਹਾਜ਼ਰ ਕਰੇ। ਹਰ ਵਿਅਕਤੀ ਗਵਾਹ ਬਣਨ ਦੇ ਯੋਗ ਨਹੀਂ ਹੁੰਦਾ। ਗ੍ਰਹਿਸਤ (ਪਰਿਵਾਰ, ਸੰਤਾਨ ਸਮੇਤ) ਅਤੇ ਪਹਿਲਾਂ ਤੋਂ ਹੀ ਉਸ ਸਥਾਨ ਦੇ ਨਿਵਾਸੀ, ਗਵਾਹ ਬਣਨ ਲਈ ਉਚਿਤ ਹੁੰਦੇ ਹਨ। ਮਿੱਤਰ, ਨੌਕਰ, ਬ੍ਰਹਮਚਾਰੀ, ਸੰਨਿਆਸੀ, ਬਿਰਧ, ਬਾਲਕ, ਚੰਡਾਲ, ਵਿਕਲਾਗਾਂ, ਕੰਗਾਲ, ਕਾਮੀ ਕ੍ਰੋਧੀ ਅਦਿ ਗਵਾਹ ਨਹੀਂ ਹੋ ਸਕਦੇ। ਗਵਾਹ ਦੀ ਅਣਹੋਂਦ ਵਿਚ ਵਾਦੀ ਪ੍ਰਤੀਵਾਦੀ ਨੂੰ ਕਸਮ ਦਿਵਾ ਕੇ ਸੱਚ ਦਾ ਨਿਰੀਖਣ ਕਰੇ।

ਗਵਾਹ ਨੂੰ ਖੁਦ ਸੱਚ ਬੋਲਣਾ ਚਾਹੀਦਾ ਹੈ। ਸੱਚ ਬੋਲਣ ਤੇ ਇਸ ਲੋਕ ਵਿਚ ਪ੍ਰਸਿੱਧੀ ਅਤੇ ਪ੍ਰਲੋਕ ਵਿਚ ਸਵਰਗ ਮਿਲਦਾ ਹੈ। ਸੱਚ ਸਭ ਤੋਂ ਵੱਡਾ ਧਰਮ ਹੈ। ਜਿੱਥੇ ਸੱਚ ਬੋਲਣ ਤੇ ਪ੍ਰਾਣ ਦੰਡ ਮਿਲਦਾ ਹੈ। ਉੱਥੇ ਸੱਚ ਨਾ ਬੋਲਣਾ ਹੀ ਉਚਿਤ ਹੈ। ਝੂਠੀ ਗਵਾਹੀ ਦੇਣ ਤੇ ਦੰਡ ਦੀ ਵਿਵਸਥਾ ਕੀਤੀ ਗਈ ਹੈ।

ਮਨੂੰ ਸਿਮ੍ਰਿਤੀ ਦੇ ਅਧਿਆਇ ਅੱਠ ਵਿਚ ਭਿੰਨ ਭਿੰਨ ਅਪਰਾਧਾਂ ਅਤੇ ਉਹਨਾਂ ਦੇ ਦੰਡ ਉੱਪਰ ਵਿਸਥਾਰ ਨਾਲ ਵਿਚਾਰ ਕੀਤਾ ਗਿਆ ਹੈ। ਇਸ ਨੂੰ ਦੇਖਣ ਤੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਨਿਆਂ ਸੰਬੰਧੀ ਗ੍ਰੰਥ ਹੈ। ਦੰਡ ਸਹਿੰਤਾ ਦੇ ਰੂਪ ਵਿਚ ਇਹ ਅਪਰਾਧ ਪ੍ਰਵਿਰਤੀ ਦਾ ਸਰਵਪੱਖੀ ਵਿਸ਼ਲੇਸ਼ਣ ਹੈ। ਦੰਡ ਦਾ ਇਸ ਲੋਕ ਤੇ ਪ੍ਰਲੋਕ ਵਿਚ ਵਿਧਾਨ ਹੈ। ਇਸ ਲੋਕ ਵਿਚ ਰਾਜਾ ਅਪਰਾਧ ਦੀ ਪ੍ਰਵਿਰਤੀ, ਦੇਸ਼ ਕਾਲ, ਗੁਰੂਤਾ ਜਾਂ ਲਘੂਤਾ ਦੇ ਆਧਾਰ ਉੱਪਰ ਅਪਰਾਧੀ ਨੂੰ ਦੰਡ ਦਿੰਦਾ ਹੈ। ਪਰਲੋਕ ਵਿਚ ਅਪਰਾਧੀ ਨੂੰ ਨਰਕ ਆਦਿ ਦੀ ਪੀੜ ਸਹਿਣ ਕਰਨੀ ਪੈਂਦੀ ਹੈ। ਰਾਜਾ ਨਿਆਂ ਕਰਨ ਸਮੇਂ ਸਾਰਿਆਂ ਨਾਲ ਇਕੋ ਜਿਹਾ ਵਿਵਹਾਰ ਕਰੇ। ਕਾਮ ਕ੍ਰੋਧ ਤੋਂ ਮੁਕਤ ਨਿਆਂ ਪੂਰਣ ਰਾਜੇ ਦੀ ਪੂਜਾ ਉਸੀ ਤਰ੍ਹਾਂ ਅਨੁਗਮਨ ਕਰਦੀ ਹੈ ਜਿਸ ਤਰ੍ਹਾਂ ਨਦੀਆਂ ਸਮੁੰਦਰ ਦਾ। ਪਰਜਾ ਨੂੰ ਬਿਨਾਂ ਡਰ ਤੋਂ ਰੱਖਣ ਵਾਲਾ ਰਾਜਾ ਪੂਜਣ ਯੋਗ ਹੁੰਦਾ ਹੈ।

## ਦੰਡ ਸਿੱਧਾਂਤ ਅਰਥਾਤ ਰਾਜ ਦੀ ਪ੍ਰਭੂਤਾ

## (Theory of Danda or State Sovereignty)

**(1) ਦੰਡ ਪ੍ਰਮਾਤਮਾ ਦੀ ਰਚਨਾ ਹੈ :** ਮਨੂੰ ਸਿਮ੍ਰਿਤੀ ਵਿਚ ਦੰਡ ਜਾਂ ਰਾਜ ਦੀ ਪ੍ਰਭੂਤਾ ਦਾ ਵੇਰਵੇ ਸਹਿਤ ਵਰਣਨ ਕੀਤਾ ਗਿਆ ਹੈ। ਰਾਜ ਵਿਚ ਸ਼ਾਂਤੀ ਦੀ ਵਿਵਸਥਾ ਰੱਖਣ ਲਈ ਪ੍ਰਮਾਤਮਾ

ਨੇ ਧਰਮ ਰੂਪ ਤੇਜ਼ਮਈ ਦੰਡ ਦੀ ਰਚਨਾ ਕੀਤੀ। ਦੰਡ ਦਾ ਦੈਵੀ ਸਰੂਪ ਹੋਣ ਦੇ ਕਾਰਨ ਹਰ ਵਿਅਕਤੀ ਨੂੰ ਰਾਜੇ ਦੀ ਆਗਿਆ ਦੇ ਕਰੋਪ ਦੀ ਆਲੋਚਨਾ ਕਰਨਾ ਜਾਂ ਉਸ ਦਾ ਵਿਰੋਧ ਕਰਨਾ ਵਿਅਰਥ ਹੁੰਦਾ ਹੈ। ਇਸ ਤਰ੍ਹਾਂ ਰਾਜ ਦੰਡ ਦਾ ਵਿਰੋਧ ਜਾਂ ਆਲੋਚਨਾ ਵੀ ਅਸੰਗਤ ਹੈ।

(2) **ਦੰਡ ਹੀ ਪ੍ਰਭੂਤਾ ਹੈ:** ਇਹ ਦੰਡ ਰਾਜ ਦੀ ਪ੍ਰਭੂਤਾ ਦਾ ਪ੍ਰਤੀਕ ਹੈ। ਰਾਜ ਦੀ ਸਰਵ-ਉੱਚ ਸੱਤਾ ਰਾਜੇ ਵਿਚ ਮੌਜੂਦ ਹੁੰਦੀ ਹੈ। ਰਾਜਾ ਸਰਬ ਤੇਜ਼ਮਈ ਹੁੰਦਾ ਹੈ। ਉਸ ਦੀ ਸ਼ਕਤੀ ਅਪਾਰ ਹੈ। ਅੱਗ ਸਿਰਫ ਉਸ ਵਿਅਕਤੀ ਨੂੰ ਹੀ ਜਲਾਉਂਦੀ ਹੈ ਜੋ ਲਾਪਰਵਾਹੀ ਨਾਲ ਉਸ ਨੂੰ ਛੂੰਹਦਾ ਹੈ ਪਰੰਤੂ ਰਾਜ ਦੰਡ ਅਗਨੀ ਸੰਚਿਤ ਧਨ, ਪਸ਼ੂਆਂ ਤੇ ਕੁੱਲ ਨੂੰ ਵੀ ਜਲਾ ਦਿੰਦਾ ਹੈ। ਰਾਜ ਦੰਡ ਵਿਚ ਸ਼ਾਸਨ ਕਰਨ ਦੀ ਸਮਰਥਾ ਹੁੰਦੀ ਹੈ। ਰਾਜ ਵਿਚ ਦੰਡ ਦਾ ਪ੍ਰਗਟਾਵਾ ਚਤੁਰੰਗਨੀ ਸੈਨਾ ਦੇ ਮਾਧਿਅਮ ਨਾਲ ਹੁੰਦਾ ਹੈ। ਅਨੁਸ਼ਾਸਿਤ ਅਤੇ ਅਨੁਭਵੀ ਸੈਨਾ ਦੇ ਪ੍ਰਦਰਸ਼ਨ ਰਾਹੀਂ ਰਾਜਾ ਪਰਜਾ ਨੂੰ ਆਪਣੀ ਦੰਡ ਯੋਗਤਾ ਦਾ ਆਭਾਸ ਦਿੰਦਾ ਹੈ। ਕਠੋਰ ਦੰਡ ਦੇਣ ਦੀ ਸ਼ਕਤੀ ਰੱਖਣ ਵਾਲਾ ਰਾਜਾ ਹੀ ਰਾਜ ਕਰਨ ਵਿਚ ਸਮਰਥ ਹੁੰਦਾ ਹੈ। ਦੰਡ ਦੀ ਪ੍ਰਕ੍ਰਿਤੀ ਪੁਰਸ਼ ਹੈ, ਉਸ ਦੇ ਇਲਾਵਾ ਸ੍ਰਿਸ਼ਟੀ ਵਿਚ ਬਾਕੀ ਸਾਰੀ ਇਸਤਰੀਆਂ ਵਾਲੀ ਪ੍ਰਕ੍ਰਿਤੀ ਰੱਖਦੇ ਹਨ।

(3) **ਦੰਡ ਹਰ ਵਰਣ ਦੇ ਲੋਕਾਂ ਨੂੰ ਆਪਣੇ ਨਿਰਧਾਰਿਤ ਕਾਰਜ ਕਰਨ ਲਈ ਬਾਧਿਤ ਕਰਦਾ ਹੈ :** ਮਨੂੰ ਨੇ ਦੰਡ ਨੂੰ ਇਕ ਐਸੀ ਸ਼ਕਤੀ ਬਣਾ ਦਿੱਤੀ ਜੋ ਹਰ ਪ੍ਰਾਣੀ ਨੂੰ ਆਪਣੇ ਨਿਰਧਾਰਿਤ ਕਰਮ ਕਰਨ ਦੇ ਬਾਧਿਤ ਕਰਦੀ ਹੈ। ਦੰਡ ਦੇ ਕਾਰਨ ਸੰਸਾਰ ਵਿਚ ਚਲ ਅਤੇ ਅਚਲ ਕੋਈ ਵੀ ਆਪਣੇ ਕਾਰਜ ਤੋਂ ਡਾਵਾਂਡੋਲ ਨਹੀਂ ਹੁੰਦੇ। ਇੰਦਰ, ਅਗਨੀ, ਵਾਯੂ, ਸੂਰਜ ਆਦਿ ਦੇਵਤਿਆਂ, ਰਾਕਸ਼ਸਾਂ ਇੱਥੋਂ ਤੱਕ ਕਿ ਗੰਧਰਬਾਂ, ਸੱਪਾਂ ਆਦਿ ਨੂੰ ਵੀ ਦੰਡ ਨਿੱਜੀ ਕੰਮਾਂ ਵਿਚ ਲਗਾਈ ਰੱਖਦਾ ਹੈ। ਸਿੱਟਾ ਇਹ ਕਿ ਦੰਡ ਦੀ ਅਣਹੋਂਦ ਇੱਕ ਮਨੁੱਖ ਨੂੰ ਸੁਭਾਅ ਤੋਂ ਕਮਜ਼ੋਰ ਬਣਾ ਦਿੰਦੀ ਹੈ। ਦੰਡ ਦੇ ਡਰ ਤੋਂ ਹੀ ਪ੍ਰਕ੍ਰਿਤੀ ਨਿਯਮਿਤ ਹੈ। ਦੇਵਤੇ ਅਤੇ ਰਾਕਸ਼ਸ ਨਿਯਮਿਤ ਹਨ। ਸੰਪੂਰਨ ਜਗਤ ਦਾ ਹਰ ਪ੍ਰਾਣੀ ਦੰਡ ਤੋਂ ਭੈ ਭੀਤ ਹੋ ਕੇ ਆਪਣੇ ਸਾਰੇ ਕਰਮ ਭੋਗਦਾ ਹੈ।

(4) **ਦੰਡ ਦਾ ਮਨੋਵਿਗਿਆਨਿਕ ਪ੍ਰਭਾਵ ਹੁੰਦਾ ਹੈ :** ਰਾਜ ਦੰਡ ਪਰਜਾ ਉੱਪਰ ਸ਼ਕਤੀ ਦਾ ਪ੍ਰਯੋਗ ਕਰਦਾ ਹੈ। ਸ਼ਕਤੀ ਪ੍ਰਯੋਗ ਜਨ ਸਮੂਹ ਨੂੰ ਭੈ-ਭੀਤ ਰੱਖਦਾ ਹੈ। ਡਰ ਦੇ ਕਾਰਨ ਪਰਜਾ ਰਾਜ ਸ਼ਕਤੀ ਵਿਚ ਵਿਸ਼ਵਾਸ ਕਰਨ ਲੱਗਦੀ ਹੈ। ਰਾਜੇ ਵਿਚ ਉਸ ਦੀ ਸ਼ਰਧਾ ਵੱਧ ਜਾਂਦੀ ਹੈ। ਸ਼ਰਧਾ ਪ੍ਰੇਮ ਵਿਚ ਪਰਿਵਰਤਿਤ ਹੋ ਜਾਂਦੀ ਹੈ। 'ਰਾਮਚਰਿਤ ਮਾਨਸ' ਵਿਚ ਇਸ ਵਿਚਾਰ ਨੂੰ 'ਭੈ ਬਿਨ ਹੋਏ ਨਾ ਪ੍ਰੀਤ' ਕਹਿ ਕੇ ਸਪਸ਼ਟ ਕੀਤਾ ਹੈ। ਇਸ ਲਈ ਮਨੂੰ ਦਾ ਇਹ ਵਿਚਾਰ ਹੈ ਕਿ ਦੰਡ ਦੇ ਡਰ ਤੋਂ ਭੈ ਭੀਤ ਹੋ ਕੇ ਪਰਜਾ ਅਨੁਸਾਸ਼ਿਤ ਰਹਿੰਦੀ ਹੈ।

(5) **ਦੰਡ ਅਪਰਾਧ ਪ੍ਰਵਿਰਤੀ ਨੂੰ ਰੋਕਦਾ ਹੈ :** ਦੰਡ ਦੁਆਰਾ ਰਾਜਾ ਪਰਜਾ ਦੀ ਰੱਖਿਆ ਕਰਦਾ ਹੈ। ਪਰਜਾ ਆਪਣੀ ਸੰਪਤੀ ਅਤੇ ਸਰੀਰ ਦੀ ਰੱਖਿਆ ਲਈ ਰਾਜ ਦੰਡ ਨੂੰ ਧਾਰਨ ਕਰਦੀ ਹੈ। ਜਦੋਂ ਪਰਜਾ ਨੀਂਦ ਵਿਚ ਮਗਨ ਹੁੰਦੀ ਹੈ ਉਸ ਸਮੇਂ ਵੀ ਦੰਡ ਜਾਗਦਾ ਹੈ। ਦੰਡ ਡਰ ਪਰਜਾ ਦੇ ਸੁੱਤੇ ਰਹਿਣ ਤੇ ਵੀ ਅਪਰਾਧੀਆਂ ਨੂੰ ਅਪਰਾਧ ਤੋਂ ਦੂਰ ਰੱਖਦਾ ਹੈ। ਫਲਸਰੂਪ ਅਪਰਾਧ ਪ੍ਰਵਿਰਤੀ ਦਾ ਮਾਰਗ ਰੁੱਕ ਜਾਂਦਾ ਹੈ।

(6) **ਦੰਡਹੀਨ ਅਵਸਥਾ ਅਰਾਜਕਤਾ ਪੈਦਾ ਕਰਦੀ ਹੈ :** ਰਾਜ ਦੰਡ ਦੀ ਰਚਨਾ ਤੋਂ ਪਹਿਲਾਂ ਅਰਾਜਕਤਾ ਦਾ ਸਾਮਰਾਜ ਸੀ। ਸ਼ਕਤੀਸ਼ਾਲੀ ਨਿਰਬਲਾਂ ਉੱਪਰ ਅਤਿਆਚਾਰ ਕਰਦੇ ਸਨ।

ਦੰਡ ਨੇ ਇਸ ਅਵਸਥਾ ਦਾ ਖਾਤਮਾ ਕੀਤਾ ਹੈ। ਜੇਕਰ ਰਾਜ ਦੁਆਰਾ ਦੰਡ ਦੇਣਾ ਬੰਦ ਕਰ ਦਿੱਤਾ ਜਾਵੇ ਤਾਂ ਰਾਜਾ ਦੰਡ ਦੇਣ ਵਿਚ ਕਮਜ਼ੋਰ ਹੋ ਜਾਵੇ ਤਾਂ ਪੂਰਨ ਅਰਾਜਕਤਾ ਫੈਲ ਜਾਵੇਗੀ। ਵਿਅਕਤੀ ਆਪਣੇ ਕਰਮ ਤੇ ਕਰਤੱਵ ਨਾਲ ਵਿਚਲਿਤ ਹੋ ਕੇ ਗਲਤ ਆਚਰਣ ਕਰਨ ਲੱਗ ਪੈਣਗੇ। ਦੰਡ ਦੁਆਰਾ ਅਪਰਾਧੀਆਂ ਨੂੰ ਨਿਯੰਤਰਣ ਨਾ ਰੱਖਣ ਦੇ ਭਿਆਨਕ ਪਰਿਮਾਣ ਹੋ ਸਕਦੇ ਹਨ। ਅਜਿਹੀ ਸਥਿਤੀ ਵਿਚ ਸ਼ਕਤੀਸ਼ਾਲੀ ਨਿਰਬਲਾਂ ਨੂੰ ਮੱਛੀਆਂ ਦੇ ਸਮਾਨ ਲੋਹੇ ਦੀ ਛੜ ਨਾਲ ਮੋਰੀਆਂ ਕਰਕੇ ਪਕਾਉਣ ਲਗਦੇ ਹਨ। ਕਾਂ ਯੱਗ ਦੇ ਅੰਨ ਨੂੰ ਖਾਣ ਲੱਗਦਾ ਹੈ। ਕੁੱਤਾ ਯੱਗ ਨੂੰ ਦੂਸ਼ਿਤ ਕਰਦਾ ਹੈ। ਅਨਅਧਿਕਾਰੀ ਅਧਿਕਾਰੀ ਬਣ ਜਾਂਦੇ ਹਨ। ਵਰਣ ਵਿਵਸਥਾ ਅਤੇ ਸਾਰੀਆਂ ਮਰਿਯਾਦਾਵਾਂ ਬਿਖਰ ਜਾਂਦੀਆਂ ਹਨ। ਰਾਜ ਦੰਡ ਹੀਣ ਹੁੰਦੇ ਹੀ ਅਰਾਜਕਤਾ ਫੈਲ ਜਾਂਦੀ ਹੈ।

**(7) ਦੰਡ ਦਾ ਪ੍ਰਯੋਗ ਹਿਤ ਜਾਂ ਅਨਹਿਤ ਕਰ ਸਕਦਾ ਹੈ :** ਦੰਡ ਦਾ ਪ੍ਰਯੋਗ ਪਰਜਾ ਦਾ ਹਿਤ ਜਾਂ ਅਨਹਿਤ ਦੋਨੋਂ ਹੀ ਕਰ ਸਕਦਾ ਹੈ। ਰਾਜਾ ਸ਼ੁੱਧ ਹਿਰਦੇ ਨਾਲ, ਸ਼ਾਂਤੀਪੂਰਵਕ, ਵਿਵੇਕ ਦੁਆਰਾ ਸ਼ਾਸਤਰ ਦੇ ਅਨੁਸਾਰ ਦੇਸ਼ਕਾਲ ਦਾ ਵਿਚਾਰ ਕਰਕੇ ਉਚਿਤ ਦੰਡ ਦਿੰਦਾ ਹੈ। ਉਸ ਨਾਲ ਪਰਜਾ ਦੇ ਵਿਚ ਸ਼ਾਂਤੀ ਤੇ ਖੁਸ਼ਹਾਲੀ ਦਾ ਵਿਕਾਸ ਹੁੰਦਾ ਹੈ। ਇਸਦੇ ਉਲਟ ਅਵਿਚਾਰਪੂਰਨ, ਆਲਸ ਜਾਂ ਧਨ ਦੇ ਲੋੜ ਨਾਲ ਮੂਰਖ, ਬਿਨਾਂ ਸਾਹਸ ਸ਼ਾਸਤਰ ਗਿਆਨਹੀਣ ਰਾਜਾ ਦੁਆਰਾ ਦੰਡ ਪ੍ਰਯੋਗ ਪਰਜਾ ਅਤੇ ਰਾਜਾ ਦੋਨਾਂ ਦਾ ਵਿਨਾਸ਼ ਕਰਦਾ ਹੈ। ਵਿਧੀ ਅਨੁਸਾਰ ਦੰਡ ਰਾਜ ਦੀ ਸਰਬਪੱਖੀ ਖੁਸ਼ਹਾਲੀ ਦਾ ਸਰੋਤ ਹੁੰਦਾ ਹੈ। ਅਵਿਚਾਰਪੂਰਨ, ਵਿਧੀਹੀਣ ਅਤੇ ਅਨੁਚਿਤ ਦੰਡ ਦਾ ਪ੍ਰਯੋਗ ਰਾਜੇ ਦਾ ਪੂਰਨ ਨਾਸ਼ ਕਰਦਾ ਹੈ।

**(8) ਦੰਡ ਦਾ ਸਰੂਪ ਦੂਹਰਾ ਹੁੰਦਾ ਹੈ :** ਦੰਡ ਪ੍ਰਯੋਗ ਵਿਚ ਦੁਸ਼ਮਣ ਅਤੇ ਮਿੱਤਰ ਦਾ ਭੇਦ ਕਰਨਾ ਨਿਆਂ-ਸੰਗਤ ਹੈ। ਰਾਜੇ ਨੂੰ ਆਪਣੇ ਰਾਜ ਵਿਚ ਅਰਥਾਤ ਮਿੱਤਰਾਂ ਦੇ ਪ੍ਰਤੀ ਸਰਲ ਦੰਡ ਦੇਣਾ ਬ੍ਰਾਹਮਣਾਂ ਦੁਆਰਾ ਛੋਟੇ ਅਪਰਾਧ ਕਰਨ ਤੇ ਖਿਮਾ ਕਰ ਦੇਣਾ ਉਚਿਤ ਹੈ। ਦੁਸ਼ਮਣ ਦੇ ਦੇਸ਼ ਵਿਚ ਸਖਤ ਦੰਡ ਦੇਣਾ ਵੀ ਠੀਕ ਹੈ। ਮਨੂੰ ਨੇ ਇਸ ਨੂੰ ਸਪੱਸ਼ਟ ਕਰਦੇ ਹੋਏ ਖੇਤ ਵਿਚ ਤਿਕੋਨੀ ਕਰਨ ਵਾਲੇ ਕਿਸਾਨ ਦਾ ਉਦਾਹਰਣ ਦਿੱਤਾ ਹੈ। ਜਿਸ ਤਰ੍ਹਾਂ ਕਿਸਾਨ ਜੀਰੀ ਨੂੰ ਬਚਾਉਂਦਾ ਹੈ ਅਤੇ ਘਾਹ ਨੂੰ ਉਖਾੜਦਾ ਹੈ, ਉਸੀ ਤਰ੍ਹਾਂ ਰਾਜੇ ਨੂੰ ਦੁਸ਼ਮਣ ਦਾ ਨੁਕਸਾਨ ਕਰਦੇ ਹੋਏ ਆਪਣੇ ਰਾਜ ਦੀ ਪਰਜਾ ਦੀ ਪਾਲਣਾ ਕਰਨੀ ਚਾਹੀਦੀ ਹੈ।

**(9) ਦੰਡ ਰਾਜ ਦੀ ਨਿਰੰਕੁਸ਼ ਸਵੈ-ਇੱਛਾਧਾਰੀ ਪ੍ਰਭੂਤਾ ਦਾ ਸਮਰਥਕ ਨਹੀਂ ਹੈ :** ਦੰਡ ਸਰਵ ਤੇਜਮਈ ਹੋਣ ਤੇ ਵੀ ਨਿਰੰਕੁਸ਼, ਸਵੈ ਇੱਛਾਧਾਰੀ ਅਤੇ ਅਨੁਸ਼ਾਸ਼ਨਹੀਨ ਪ੍ਰਭੁਤਾ ਦਾ ਸਮਰਥਕ ਨਹੀਂ। ਰਾਜਾ ਸ਼ਾਸਤਰਾਂ ਅਨੁਸਾਰ ਦੰਡ ਦੇ ਸਕਦਾ ਹੈ। ਸ਼ਾਸਤਰਾਂ ਤੋਂ ਬੇਮੁੱਖ ਹੋ ਕੇ ਦੰਡ ਦੇਣ ਵਾਲੇ ਰਾਜੇ ਦੀ ਹੱਤਿਆ ਵੀ ਕੀਤੀ ਜਾ ਸਕਦੀ ਹੈ। ਇਸਦਾ ਹੱਲ ਹੈ ਕਿ ਦੰਡ ਜਾਂ ਸਪ੍ਰਭੁਤਾ ਸ਼ਾਸਤਰ ਮਰਿਆਦਾ ਦੁਆਰਾ ਸੀਮਿਤ ਹੈ।

**(10) ਨਿਆਂ ਪਸੰਦ ਰਾਜਾਂ ਦੀ ਪ੍ਰਸੰਸਾ ਅਤੇ ਅਨਿਆਈ ਰਾਜਾ ਦੀ ਨਿੰਦਾ :** ਮਨੂੰ ਨੇ ਨਿਆਂ ਪਸੰਦ ਰਾਜਾਂ ਦੀ ਪ੍ਰਸੰਸਾ ਕੀਤੀ ਹੈ। ਦੰਡ ਦਾ ਨਿਆਂ ਪੂਰਵਕ ਪ੍ਰਯੋਗ ਕਰਨ ਵਾਲੇ ਰਾਜੇ ਦੀ ਸ਼ੋਹਰਤ (ਪ੍ਰਸਿੱਧੀ) ਸੰਸਾਰ ਵਿਚ ਇਸ ਪ੍ਰਕਾਰ ਫੈਲਦੀ ਹੈ। ਜਿਸ ਪ੍ਰਕਾਰ ਪਾਣੀ ਵਿਚ ਤੇਲ ਦੀ ਬੂੰਦ ਫੈਲਦੀ ਹੈ। ਅਨਿਆਂਪੂਰਵਕ ਦੰਡ ਦੇਣ ਨਾਲ ਰਾਜਾ ਦੀ ਪ੍ਰਸਿੱਧੀ ਪਾਣੀ ਵਿਚ ਘੀ ਦੀ ਬੂੰਦ ਵਾਂਗ ਸੁੰਗੜ ਕੇ ਰਹਿ ਜਾਂਦੀ ਹੈ।

## (1) ਮਨੂੰ ਦਾ ਮਹੱਤਵ ਅਤੇ ਦੇਣ

ਭਾਰਤੀ ਰਾਜਨੀਤਿਕ ਚਿੰਤਨ ਵਿਚ ਮਨੂੰ ਨੂੰ ਬਹੁਤ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਉਹ ਸਰਬ ਪ੍ਰਥਮ ਅਜਿਹੇ ਵਿਚਾਰਕ ਸਨ ਜਿਨ੍ਹਾਂ ਨੇ ਅਰਾਜਕਤਾ ਦਾ ਅੰਤ ਕਰਕੇ ਸ਼ਾਸਨ ਦੀ ਪ੍ਰਤਿਸ਼ਠਾ ਉੱਪਰ ਬਲ ਦਿੱਤਾ। ਉਹਨਾਂ ਨੇ ਸ਼ਾਸਕ ਲਈ ਆਦਰਸ਼ ਸ਼ਾਸਕ ਦੀ ਜ਼ਰੂਰਤ ਉੱਪਰ ਬਲ ਦਿੱਤਾ ਅਤੇ ਖੁਦ ਇਸ ਪ੍ਰਕਾਰ ਸ਼ਾਸਨ ਦੇ ਗੁਣਾਂ ਦੀ ਵਿਆਖਿਆ ਕੀਤੀ। ਮਨੂੰ ਦਾ ਆਦਰਸ਼ ਸ਼ਾਸਕ ਪਲੈਟੋ ਦੇ ਦਾਰਸ਼ਨਿਕ ਸ਼ਾਸਕ ਤੋਂ ਘੱਟ ਨਹੀਂ ਹੈ।

ਮਨੂੰ ਨੇ ਰਾਜ ਦੀ ਉਤਪੱਤੀ ਦੇ ਦੈਵੀ ਸਿੱਧਾਂਤ ਦੀ ਵਿਆਖਿਆ ਕੀਤੀ ਹੈ ਅਤੇ ਇਸ ਦ੍ਰਿਸ਼ਟੀ ਤੋਂ ਉਸ ਨੂੰ ਨਿਰੰਕੁਸ਼ ਰਾਜਤੰਤਰ ਦਾ ਸਮਰਥਕ ਸਮਝ ਲਿਆ ਜਾਂਦਾ ਹੈ, ਪਰੰਤੂ ਵਾਸਤਵਿਕ ਸਥਿਤੀ ਇਹ ਨਹੀਂ ਹੈ। ਮਨੂੰ ਦੀ ਧਾਰਨਾ ਰਾਜੇ ਦੇ ਦੈਵੀ ਅਧਿਕਾਰਾਂ ਨੂੰ ਮਾਨਤਾ ਦੇ ਕੇ ਨਿਰੰਕੁਸ਼ ਰਾਜ ਤੰਤਰ ਦਾ ਸਮਰਥਨ ਕਰਨ ਦੀ ਨਹੀਂ ਹੈ, ਉਹ ਕੇਵਲ ਇਸ ਦ੍ਰਿਸ਼ਟੀ ਤੋਂ ਰਾਜੇ ਵਿਚ ਦੈਵੀ ਰਾਜਾ ਪਰਜਾ ਦੇ ਪ੍ਰਤੀ ਵਿਵਹਾਰ ਵਿਚ ਆਪਣੇ ਦੈਵੀ ਰਾਜ ਦੀ ਦੈਵੀ ਉਤਪੱਤੀ ਧਾਰਨਾ ਨਿਰੰਕੁਸ਼ ਰਾਜਤੰਤਰ ਦਾ ਪੱਥ ਪ੍ਰਦਰਸ਼ਨ ਕਰਨ ਦੀ ਬਜਾਏ ਰਾਜੇ ਨੂੰ ਧਰਮ ਅਤੇ ਸਦਾਚਾਰ ਦੇ ਨਿਯਮਾਂ ਵਿਚ ਬੰਨ੍ਹਣ ਦਾ ਸਾਧਨ ਬਣ ਗਈ ਹੈ ਅਤੇ ਰਾਜਨੀਤਿਕ ਚਿੰਤਨ ਨੂੰ ਇਹ ਉਸ ਦੀ ਵੱਡਮੁਲੀ ਦੇਣ ਹੈ।

ਮਨੂੰ ਸਭ ਤੋਂ ਪਹਿਲੇ ਵਿਧੀਵੇਤਾ ਸਨ, ਜਿਨ੍ਹਾਂ ਨੇ ਮਾਨਵ ਮਨੋਵਿਗਿਆਨ ਨੂੰ ਸਮਝ ਕੇ ਮਾਨਵ ਜੀਵਨ ਦੇ ਨਿਯਮਾਂ ਦੀ ਇਕ ਐਸੀ ਸੂਚੀ ਪ੍ਰਸਤੁੱਤ ਕੀਤੀ ਹੈ ਜਿਸ ਨੂੰ ਅਪਣਾ ਕੇ ਨਿਯਮਤ ਜੀਵਨ ਬਤੀਤ ਕੀਤਾ ਜਾ ਸਕਦਾ ਹੈ।

ਮਨੂੰ ਨੇ ਪ੍ਰਭੁਤਾ (sovereignity), ਰਾਜ, ਧਰਮ ਅਤੇ ਰਾਸ਼ਟਰੀਅਤਾ ਵਰਗੇ ਆਧੁਨਿਕ ਪ੍ਰਸ਼ਨਾਂ ਦੀ ਉਸ ਸਮੇਂ ਵਿਵੇਚਨਾ ਕੀਤੀ ਜਦੋਂ ਕਿ ਪਹਿਲੇ ਦਾਰਸ਼ਨਿਕ ਉਹਨਾਂ ਦੀ ਕਲਪਨਾ ਵੀ ਨਹੀਂ ਕਰ ਸਕਦੇ ਸਨ। ਆਮ ਪ੍ਰਸ਼ਾਸਨਿਕ ਵਿਵਸਥਾ, ਕਰ ਵਿਵਸਥਾ, ਨਿਆਇਕ ਪ੍ਰਸ਼ਾਸਨ, ਵਿਦੇਸ਼ੀ ਨੀਤੀ, ਦੂਤ ਵਿਵਸਥਾ, ਯੁੱਧ ਦੀ ਨੈਤਿਕਤਾ ਆਦਿ ਦੇ ਸੰਬੰਧ ਵਿਚ ਮਨੂੰ ਨੇ ਜਿਨ੍ਹਾਂ ਨੈਤਿਕ ਸਿੱਧਾਂਤਾਂ ਦਾ ਵਰਣਨ ਕੀਤਾ ਹੈ, ਉਹ ਏਨੇ ਯਥਾਰਥਕ ਅਤੇ ਉੱਚ ਕੋਟੀ ਦੇ ਹਨ ਕਿ ਜੇਕਰ ਆਧੁਨਿਕ ਰਾਜ ਉਹਨਾਂ ਸਿੱਧਾਂਤਾਂ ਦੇ ਆਧਾਰ ਅਨੁਸਾਰ ਚਲੇ ਤਾਂ ਸਹੀ ਅਰਥਾਂ ਵਿਚ ਲੋਕ ਕਲਿਆਣਕਾਰੀ ਰਾਜ ਦੇ ਆਦਰਸ਼ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਮਨੂੰ ਨੇ ਨਾ ਕੇਵਲ ਰਾਜਨੀਤਿਕ ਦਰਸ਼ਨ ਵਰਣ ਸੰਪੂਰਨ ਸਮਾਜਿਕ ਜੀਵਨ ਉੱਪਰ ਵਿਚਾਰ ਵਿਅਕਤੀ ਕੀਤੇ ਹਨ ਅਤੇ ਵਿਸ਼ੇਸ਼ਤਾ ਇਹ ਹੈ ਕਿ ਉਹਨਾਂ ਦੇ ਇਸ ਸੰਪੂਰਨ ਵਿਚਾਰ ਦਰਸ਼ਨ ਦਾ ਕੇਂਦਰ ਮਾਨਵਤਾ ਹੈ।

ਮਨੂੰ ਦੀ ਇਕ ਦੇਣ ਇਹ ਹੈ ਕਿ ਉਹਨਾਂ ਨੇ ਮਾਨਵ ਮਾਤਰ ਦੇ ਕਰਤੱਵਾਂ ਅਤੇ ਸਰਬ ਧਰਮ ਪਾਲਣ ਉੱਪਰ ਜ਼ੋਰ ਦਿੱਤਾ ਹੈ। ਇਹ ਇਕ ਐਸੀ ਗੱਲ ਹੈ ਜਿਸ ਨੂੰ ਅਪਣਾ ਕੇ ਸੰਪੂਰਨ ਮਾਨਵ ਜਾਤੀ ਆਪਣਾ ਸੁਖਮਈ ਜੀਵਨ ਬਤੀਤ ਕਰ ਸਕਦੀ ਹੈ। ਪੱਛਮੀ ਜਗਤ ਪ੍ਰਸਿੱਧ ਸ਼ਾਸਤਰੀ ਆਸਟਿਨ ਨੇ ਇਕ ਵਾਰੀ ਗੌਰਵਪੂਰਵਕ ਕਿਹਾ ਸੀ ਕਿ ਉਹਨਾਂ ਨੇ ਇਕ ਐਸੀ ਪੱਧਤੀ ਤਿਆਰ ਕੀਤੀ ਹੈ ਜਿਸ ਵਿਚ ਹਰੇਕ ਵਿਅਕਤੀ ਨੂੰ ਉਸ ਦੇ ਅਧਿਕਾਰ ਪ੍ਰਾਪਤ ਹੋ ਸਕਣਗੇ। ਇਸ ਦੇ ਬਿਲਕੁਲ ਉਲਟ ਮਨੂੰ ਗੌਰਵਪੂਰਨ ਇਹ ਕਹਿ ਸਕਦੇ ਹਨ ਕਿ ਉਹਨਾਂ ਨੇ ਐਸੀ ਕਾਨੂੰਨੀ ਪੱਧਤੀ ਅਰਥਾਤ ਰਾਜ ਧਰਮ ਦਾ ਵਰਣਨ ਕੀਤਾ ਹੈ ਜਿਸ ਵਿਚ ਸਾਰੇ ਵਰਗਾਂ ਦੇ ਵਿਅਕਤੀਆਂ ਦੇ ਕਰਤੱਵ ਦੀ ਵਿਆਖਿਆ ਹੈ। ਕਿਸੇ ਪ੍ਰਕਾਰ ਮਨੂੰ ਦੀ ਹੋਰ ਦੇਣ ਮਾਨਵ ਮਾਤਰ ਦੀ ਉਚਿਤ ਸਿੱਖਿਆ ਉੱਪਰ ਜ਼ੋਰ ਦੇਣਾ ਹੈ।

---

1. U.N. Ghoshal, *A History of Indian Political Ideas, P. 178.*

ਮਨੂੰ ਦੇ ਰਾਜਨੀਤਿਕ ਵਿਚਾਰਾਂ ਨੂੰ ਸਿਰਫ ਖਿਆਲੀ ਆਦਰਸ਼ਵਾਦ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਯਥਾਰਥਵਾਦੀ ਵਿਹਾਰਕ ਅਤੇ ਨੈਤਿਕਤਾ ਨਾਲ ਭਰਪੂਰ ਹਨ। ਮਨੂੰ ਦੀ ਵਿਵਸਥਾ ਨੂੰ ਧਰਮ ਤੰਤਰੀ (Theocratic) ਰਾਜ ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਧਰਮ ਦੇ ਸੰਬੰਧ ਵਿਚ ਉਸ ਦੀ ਧਾਰਨਾ ਦੇ ਅੰਤਰਗਤ ਕਿਧਰੇ ਵੀ ਸੰਕੀਰਣਤਾ ਨਹੀਂ ਹੈ। ਇਸ ਦੇ ਉਲਟ ਮਨੂੰ ਦੀ ਰਾਜਨੀਤੀ ਤਾਂ ਵਿਆਪਕ ਮਾਨਵੀ ਧਰਮ ਉੱਪਰ ਆਧਾਰਿਤ ਹੈ ਅਤੇ ਨੈਤਿਕਵਾਦੀ ਸਰੂਪ ਉਸ ਦੀ ਇਕ ਅਤਿਅੰਤ ਮਹੱਤਵਪੂਰਨ ਵਿਸ਼ੇਸ਼ਤਾ ਹੈ। ਵਾਸਤਵ ਵਿੱਚ ਪੁਰਾਣਾਂ ਦੇ ਪਾਲ ਮਾਨਵ ਮਨੂੰ, ਭਾਰਤੀ ਰਾਜ ਦਰਸ਼ਨ ਦੇ ਵੀ ਪਹਿਲੇ ਅਰਥਾਤ ਪ੍ਰਮੁੱਖ ਪ੍ਰਕਾਸ਼ ਸੰਤਭ ਸਨ ਜਿਸ ਤੋਂ ਅੱਜ ਵੀ ਸਰਵ ਜਨਕ ਜੀਵਨ ਅਤੇ ਰਾਜਨੀਤੀ ਦੇ ਖੇਤਰ ਵਿਚ ਪ੍ਰੇਰਨਾ ਲਈ ਜਾ ਸਕਦੀ ਹੈ।

ਵਾਸਤਵ ਵਿਚ ਮਨੂੰ ਨੇ ਉਸ ਕਾਲ ਵਿਚ ਸਮਾਜ ਨੂੰ ਇਕ ਸਪੱਸ਼ਟ ਅਤੇ ਵਿਵਸਥਾਪੂਰਣ ਦਰਸ਼ਨ ਪ੍ਰਦਾਨ ਕੀਤਾ ਜਦੋਂ ਕਿ ਦੁਨੀਆਂ ਦੇ ਜ਼ਿਆਦਾ ਹਿੱਸਿਆਂ ਵਿਚ ਲੋਕ ਅਸਭਿਆ ਅਤੇ ਜੰਗਲੀ ਹਨ। ਮਨੂੰ ਸਿਮ੍ਰਿਤੀ ਦੇ ਅਧਿਐਨ ਤੋਂ ਇਸ ਤਰ੍ਹਾਂ ਲੱਗਦਾ ਹੈ ਕਿ ਉਸ ਸਮੇਂ ਭਾਰਤੀ ਸਮਾਜ ਪੂਰਨ ਰੂਪ ਵਿਚ ਵਿਵਸਥਿਤ ਸੀ ਅਤੇ ਇਸ ਵਿਵਸਥਾਪੂਰਣਤਾ ਸਮਾਜ ਨੂੰ ਮਨੂੰ ਦੀ ਦੇਣ ਸੀ।

ਮਨੂੰ ਇਸ ਪ੍ਰਕਾਰ ਭਾਰਤੀ ਸਮਾਜ, ਸਮਾਜ ਸ਼ਾਸਤਰ ਅਤੇ ਰਾਜਨੀਤੀ ਦੇ ਜਨਮ ਦਾਤਾ ਸਨ। ਮਨੂੰ ਨੇ ਭਾਰਤੀ ਸਮਾਜ ਨੂੰ ਵਰਣ ਵਿਵਸਥਾ, ਆਸ਼ਰਮ ਧਰਮ ਵਿਵਸਥਾ ਪ੍ਰਦਾਨ ਕੀਤੀ। ਇਸ ਦ੍ਰਿਸ਼ਟੀਕੋਣ ਤੋਂ ਮਨੂੰ ਦੀ ਦੇਣ ਪਲੈਟੋ ਅਤੇ ਅਰਸਤੂ ਤੋਂ ਨਿਸ਼ਚਿਤ ਰੂਪ ਵਿਚ ਜ਼ਿਆਦਾ ਅਦਿੱਖ ਹੈ। ਰਾਜ ਦੀ ਉਤਪੱਤੀ ਦੇ ਸੰਬੰਧ ਵਿਚ ਮਨੂੰ ਰਾਜ ਦੀ ਦੈਵੀ ਉਤਪੱਤੀ ਦੇ ਸਿੱਧਾਂਤ ਦੇ ਵਿਆਖਿਆਕਾਰ ਸਨ। ਉਸ ਦੇ ਵਿਚਾਰ ਤੱਤਕਾਲੀਨ ਪਰਿਸਥਿਤੀਆਂ ਦੇ ਪਰਿਣਾਮ ਹਨ।

ਮਨੂੰ ਦੇ ਰਾਜ ਦੀ ਪ੍ਰਕ੍ਰਿਤੀ ਸੰਬੰਧੀ ਵਿਚਾਰ ਵੀ ਕੀਮਤੀ ਹਨ। ਕਿਉਂਕਿ ਮਨੂੰ ਨੇ ਆਧੁਨਿਕ ਯੁੱਗ ਦੇ ਰਾਜ ਦੇ ਚਾਰ ਜ਼ਰੂਰੀ ਤੱਤਾਂ ਦੇ ਸਥਾਨ ਤੇ ਸੱਤ ਜ਼ਰੂਰੀ ਤੱਤਾਂ ਉੱਪਰ ਜ਼ੋਰ ਦਿੱਤਾ।

ਮਨੂੰ ਦੇ ਰਾਜ ਸੰਬੰਧੀ ਵਿਚਾਰ ਵੀ ਬੜੇ ਮਹੱਤਵਪੂਰਨ ਹਨ ਕਿਉਂਕਿ ਅਸੀਂ ਦੇਖਦੇ ਹਾਂ ਕਿ ਮਨੂੰ ਦਾ ਰਾਜਾ ਵਾਸਤਵ ਵਿਚ ਇਕ ਰਾਜ ਰਿਸ਼ੀ ਹੈ। ਉਹ ਪਲੈਟੋ ਦੇ ਦਾਰਸ਼ਨਿਕ ਸ਼ਾਸਕ ਤੋਂ ਨਿਸ਼ਚਿਤ ਰੂਪ ਵਿਚ ਸ੍ਰੇਸ਼ਟ ਹੈ ਅਤੇ ਮੈਕਿਆਵਲੀ ਦੇ ਰਾਜੇ ਦੇ ਸਮਾਨ ਵਿਵਹਾਰਿਕ ਵੀ ਹੈ। ਇਸ ਦੇ ਨਾਲ ਹੀ ਇਹ ਮੈਕਿਆਵਲੀ ਦੇ ਸਮਾਨ ਦੁਸ਼ਟ ਅਤੇ ਨਿਰੰਕੁਸ਼ ਵੀ ਨਹੀਂ।

ਮਨੂੰ ਦੇ ਇਕ ਨਿਯਮਤ ਮੰਤਰੀ ਪਰਿਸ਼ਦ ਸੰਬੰਧੀ ਵਿਚਾਰ ਰਾਜਨੀਤੀ ਵਿਗਿਆਨ ਨੂੰ ਉਹਨਾਂ ਦੀ ਮਹਾਨ ਦੇਣ ਹੈ। ਅੰਤਰ ਰਾਸ਼ਟਰੀ ਰਾਜਨੀਤੀ ਸੰਬੰਧੀ ਮਨੂੰ ਦੇ ਵਿਚਾਰ ਵੀ ਆਪਣੇ ਸਮੇਂ ਤੋਂ ਬਹੁਤ ਘੱਟ ਪ੍ਰਤੀਤ ਹੁੰਦੇ ਹਨ। ਮਨੂੰ ਨੇ ਅੰਤਰ ਰਾਸ਼ਟਰੀ ਸ਼ਕਤੀ ਸੰਤੁਲਨ ਦਾ ਸਿੱਧਾਂਤ ਪ੍ਰਸਤੁੱਤ ਕੀਤਾ। ਮਨੂੰ ਦੁਆਰਾ ਵਰਣਨ ਗੁਣ ਨੀਤੀ ਅਤੇ ਵਿਸ਼ਵ ਸ਼ਾਂਤੀ ਦਾ ਆਧਾਰ ਹੈ। ਮਨੂੰ ਦੀ ਯੁੱਧ ਉਪਰੰਤ ਨੀਤੀ ਮਨੂੰ ਨੂੰ ਵਾਸਤਵ ਵਿਚ ਅੰਤਰ ਰਾਸ਼ਟਰੀ ਰਾਜ ਨੀਤੀ ਦੇਵਤਿਆਂ ਵਿਚ ਸਥਾਨ ਦਿਵਾਉਣ ਲਈ ਜਾਇਜ਼ ਸਥਾਨ ਰੱਖਦੀ ਹੈ। ਪ੍ਰਾਚੀਨ ਭਾਰਤੀ ਦੰਡ ਅਤੇ ਨਿਆਂ ਵਿਵਸਥਾ ਦਾ ਆਧਾਰ ਮਨੂੰ ਦੀ ਨਿਆਂ ਵਿਵਸਥਾ ਹੀ ਹੈ। ਕਿੰਨਾ ਚੰਗਾ ਹੁੰਦਾ ਜੇ ਭਾਰਤ ਦੀ ਨਿਆਂ ਵਿਵਸਥਾ ਇਸ ਆਧਾਰ ਤੇ ਸੰਗਠਿਤ ਕੀਤੀ ਜਾਂਦੀ।

## ਕੌਟਲਿਆ ਨਾਲ ਤੁਲਨਾ :

ਭਾਰਤ ਦੀ ਪ੍ਰਾਚੀਨ ਰਾਜਨੀਤਿਕ ਵਿਚਾਰਧਾਰਾ ਦੇ ਅੰਤਰਗਤ ਮਨੂੰ ਅਤੇ ਕੌਟਲਿਆ ਦੋ ਪ੍ਰਕਾਸ਼ਮਈ ਸਿਤਾਰੇ ਹਨ ਅਤੇ ਇਹਨਾਂ ਦੋਹਾਂ ਦੀ ਵਿਚਾਰਧਾਰਾ ਇਕ ਦੂਸਰੇ ਨਾਲ ਮਿਲਦੀ ਜੁਲਦੀ ਹੈ।

ਜਿਥੋਂ ਤੱਕ ਸਮਾਜਿਕ ਵਿਵਸਥਾ ਦਾ ਸੰਬੰਧ ਹੈ, ਮਨੂੰ ਅਤੇ ਕੌਟਲਿਆ ਦੋਨੋਂ ਹੀ ਵੈਦਿਕ ਪਰੰਪਰਾ ਦੇ ਅਨੁਸਾਰ ਵਰਣ ਆਸ਼ਰਮ ਧਰਮ ਨੂੰ ਇਸਦਾ ਆਧਾਰ ਮੰਨਦੇ ਹਨ। ਇਹ ਦੋਨੋਂ ਹੀ ਸਮਾਜ ਵਿਚ ਬ੍ਰਾਹਮਣਾਂ ਦੇ ਮਹੱਤਵਪੂਰਨ ਸਥਾਨ ਨੂੰ ਸਵੀਕਾਰ ਕਰਦੇ ਹਨ ਅਤੇ ਸ਼ੂਦਰਾਂ ਨੂੰ ਹੀਣ ਸਥਾਨ ਦਿੰਦੇ ਹਨ। ਇਹਨਾਂ ਦੋਹਾਂ ਦੀ ਵਿਚਾਰਧਾਰਾ ਵਿਚ ਇਕ ਮਹੱਤਵਪੂਰਨ ਸਮਾਨਤਾ ਮਾਨਵ ਜੀਵਨ ਦੇ ਉਦੇਸ਼ ਦੇ ਸੰਬੰਧ ਵਿਚ ਹੈ। ਘੋਸ਼ਾਲ ਅਨੁਸਾਰ, ''ਮਾਨਵ ਜੀਵਨ ਦਾ ਉਦੇਸ਼ ਕੌਟਲਿਆ ਦੀ ਤਰ੍ਹਾਂ ਮਨੂੰ ਨੇ ਵੀ ਧਰਮ, ਅਰਥ ਕਾਮ ਅਤੇ ਪ੍ਰਲੋਕ ਵਿਚ ਮੁਕਤੀ ਜਾਂ ਮੋਕਸ਼ ਮੰਨਿਆ ਹੈ।

ਗਿਆਨ ਦੀਆਂ ਸ਼ਾਖਾਵਾਂ ਅਤੇ ਉਹਨਾਂ ਦੇ ਸਾਪੇਖਕ ਮਹੱਤਵ ਦੇ ਸੰਬੰਧ ਵਿਚ ਵੀ ਇਹਨਾਂ ਦੋਹਾਂ ਵਿਚਾਰਧਾਰਾਵਾਂ ਵਿਚ ਕਾਫੀ ਸਮਾਨਤਾ ਹੈ : ਕੌਟਲਿਆ ਨੇ ਚਾਰ ਮੁੱਖ ਗਿਆਨ ਸ਼ਾਖਾਵਾਂ ਭਾਵ ਅਨਵਿਕਸ਼ਕੀ, ਤ੍ਰੁੱਟੀ, ਵਾਰਤਾ ਅਤੇ ਦੰਡ ਨੀਤੀ ਨੂੰ ਮਾਨਤਾ ਦਿੱਤੀ ਹੈ ਜਦੋਂ ਕਿ ਮਨੂੰ ਨੇ ਪਹਿਲੀ ਨੂੰ ਛੱਡ ਕੇ ਬਾਕੀ ਤਿੰਨਾਂ ਨੂੰ ਸਵੀਕਾਰ ਕੀਤਾ ਹੈ। ਜਿਥੋਂ ਤੱਕ ਦੰਡ ਨੀਤੀ ਦਾ ਸੰਬੰਧ ਹੈ, ਦੋਨੋਂ ਹੀ ਵਿਦਵਾਨ ਉਸ ਦੇ ਸਰਬ ਉੱਚ ਮਹੱਤਵ ਨੂੰ ਸਵੀਕਾਰ ਕਰਦੇ ਹਨ।

ਰਾਜ ਦੇ ਉਦੇਸ਼ ਬਾਰੇ ਵੀ ਕੌਟਲਿਆ ਤੇ ਮਨੂੰ ਦੇ ਵਿਚਾਰਾਂ ਵਿਚ ਲਗਭਗ ਸਮਾਨਤਾ ਜਾਪਦੀ ਹੈ। ਰਾਜੇ ਦੀ ਦੈਵੀ ਉਤਪੱਤੀ ਦੇ ਸਿੱਧਾਂਤ ਦੀ ਵਿਆਖਿਆ ਕਰਦੇ ਹੋਏ ਮਨੂੰ ਉਸੀ ਤਰ੍ਹਾਂ ਨਿਰੰਕੁਸ਼ ਰਾਜਤੰਤਰ ਦੀ ਵਿਰੋਧ ਕਰਦਾ ਹੈ ਜਿਸ ਪ੍ਰਕਾਰ ਅੱਗੇ ਚਲ ਕੇ ਇਹ ਕਾਰਜ ਕੌਟਲਿਆ ਨੇ ਕੀਤਾ ਹੈ। ਇਸੀ ਉਦੇਸ਼ ਨਾਲ ਦੋਨਾਂ ਨੇ ਰਾਜ ਦੇ ਗੁਣਾਂ ਅਤੇ ਉਸ ਦੀ ਸਿਖਲਾਈ ਅਤੇ ਕਰਤੱਵਾਂ ਉਪਰ ਬੱਲ ਦਿੱਤਾ ਹੈ ਅਤੇ ਰਾਜੇ ਦੇ ਨਿਤਨੇਮ (routine) ਦੀ ਚਰਚਾ ਵਿਸਥਾਰ ਨਾਲ ਕੀਤੀ ਹੈ। ਮਨੂੰ ਦੀ ਤਰ੍ਹਾਂ ਕੌਟਲਿਆ ਨੇ ਵੀ ਰਾਜ ਨੂੰ ਸਪਤਾਂਗ (ਸੱਤ ਅੰਗ ਵਾਲਾ) ਮੰਨਿਆ ਹੈ। ਫਰਕ ਸਿਰਫ ਇੰਨਾ ਹੈ ਕਿ ਮਨੂੰ ਦਾ ਰਾਸ਼ਟਰ ਕੌਟਲਿਆ ਦਾ 'ਜਨਪਦ' ਹੈ ਅਤੇ ਮਨੂੰ ਦਾ ਪੁਰ (State Capital City) ਕੌਟਲਿਆ ਦਾ ਦੁਰਗ ਜਾਂ ਕਿਲ੍ਹਾ। ਮਨੂੰ ਅਤੇ ਕੌਟਲਿਆ ਦੋਹਾਂ ਨੇ ਹੀ ਰਾਜ ਦੇ ਸੱਤ ਅੰਗਾਂ ਵਿਚ ਰਾਜੇ ਨੂੰ ਸਰਵੋਤਮ ਮੰਨਿਆ ਹੈ ਅਤੇ ਰਾਜਤੰਤਰ ਨੂੰ ਸ਼੍ਰੇਸ਼ਠ ਸ਼ਾਸਨ ਵਿਵਸਥਾ।

ਦੋਨਾਂ ਲੇਖਕਾਂ ਦੇ ਅਨੁਸਾਰ ਰਾਜ ਦੇ ਉਦੇਸ਼ ਇੱਕ ਸਮਾਨ ਹਨ ਅਤੇ ਕਾਰਜ ਖੇਤਰ ਵਿਆਪਕ ਹੈ। ਰਾਜ ਨੂੰ ਪਰਜਾ ਦੀ ਸੁਰੱਖਿਆ, ਸ਼ਾਂਤੀ ਅਤੇ ਵਿਵਸਥਾ ਦੇ ਇਲਾਵਾ ਆਰਥਕ ਵਿਕਾਸ ਅਤੇ ਖੁਸ਼ਹਾਲੀ ਦੇ ਲਈ ਯਤਨ ਕਰਨੇ ਚਾਹੀਦੇ ਹਨ। ਜਿੱਥੋਂ ਤੱਕ ਪ੍ਰਸ਼ਾਸਨਿਕ ਵਿਵਸਥਾ ਦਾ ਸੰਬੰਧ ਹੈ, ਦੋਵੇਂ ਲੇਖਕ ਰਾਜੇ ਨੂੰ ਸਲਾਹ ਦੇਣ ਦੇ ਲਈ ਮੰਤਰੀਆਂ ਦੀ ਜ਼ਰੂਰਤ ਉੱਤੇ ਬਲ ਦਿੰਦੇ ਹਨ ਅਤੇ ਹੋਰ ਵਿਭਿੰਨ ਪ੍ਰਕਾਰ ਦੇ ਅਧਿਕਾਰੀਆਂ ਦੀ ਨਿਯੁਕਤੀ ਜ਼ਰੂਰੀ ਦੱਸਦੇ ਹਨ। ਇਹਨਾਂ ਦੋਨਾਂ ਨੇ ਹੀ ਪ੍ਰਧਾਨ ਮੰਤਰੀ ਵੱਲ ਵੀ ਸੰਕੇਤ ਕੀਤਾ ਹੈ ਅਤੇ ਮੰਤਰੀਆਂ ਦੀ ਯੋਗਤਾ ਦੇ ਸੰਬੰਧ ਵਿਚ ਲਗਭਗ ਇਕੋ ਜਿਹੇ ਵਿਚਾਰ ਵਿਅਕਤ ਕੀਤੇ ਹਨ, ਪਰੰਤੂ ਕੌਟਲਿਆ ਦੇ ਅਰਥ ਸ਼ਾਸਤਰ ਵਿਚ ਪ੍ਰਸ਼ਾਸਨਿਕ ਵਿਵਸਥਾ ਦੀ ਜਿੰਨੇ ਵਿਸਤ੍ਰਿਤ ਢੰਗ ਨਾਲ ਚਰਚਾ ਕੀਤੀ ਗਈ ਹੈ, ਉਹ ਮਨੂੰ ਸਿਮ੍ਰਿਤੀ ਵਿਚ ਨਹੀਂ ਹੈ।

ਦੋਹਾਂ ਹੀ ਲੇਖਕਾਂ ਨੇ ਦੰਡ ਨੀਤੀ (ਰਾਜ ਸ਼ਕਤੀ) ਦੇ ਸਰਵ ਉੱਚ ਮਹੱਤਵ ਨੂੰ ਸਵੀਕਾਰ ਕੀਤਾ ਹੈ ਅਤੇ ਇਸ ਗੱਲ ਦਾ ਨਿਰੂਪਨ ਕੀਤਾ ਹੈ ਕਿ ਇਸ ਦਾ ਉਪਯੋਗ ਸੋਚ ਵਿਚਾਰ ਕੇ ਧਰਮ ਦੇ ਪਾਲਣ ਲਈ ਹੀ ਕੀਤਾ ਜਾਣਾ ਚਾਹੀਦਾ ਹੈ। ਇਸੇ ਆਧਾਰ ਤੇ ਡਾ. ਘੋਸ਼ਾਲ ਨੇ ਕਿਹਾ ਹੈ ਕਿ ''ਦੰਡ ਦੇ ਵਿਸ਼ੇ ਵਿਚ ਮਨੂੰ ਦੁਆਰਾ ਵਰਣਨ ਕੀਤੇ ਗਏ ਸਿਧਾਂਤ ਅਰਥ ਸ਼ਾਸਤਰ ਸਕੂਲ ਦੇ ਵਿਚਾਰਾਂ ਨੂੰ ਹੀ ਦੁਹਰਾਉਂਦੇ

ਅਰਥਾਤ ਵਿਕਸਿਤ ਕਰਦੇ ਹਨ।''[1] ਮਨੂੰ ਅਤੇ ਕੌਟਲਿਆ ਦੋਹਾਂ ਦੇ ਹੀ ਖਾਸ ਕਰਕੇ ਮਨੂੰ ਦੇ ਜੀਵਨ ਅਤੇ ਰਚਨਾ ਕਾਲ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਬਹੁਤ ਜ਼ਿਆਦਾ ਮੱਤਭੇਦ ਹੋਣ ਕਾਰਨ ਇਸ ਗੱਲ ਤੇ ਵਿਵਾਦ ਕੀਤਾ ਜਾ ਸਕਦਾ ਹੈ ਕਿ ਕਿਸਨੇ, ਕਿਸਦਾ ਅਨੁਸਰਣ ਕੀਤਾ ਹੈ, ਪਰ ਉਨ੍ਹਾਂ ਦੇ ਵਿਚਾਰਾਂ ਦੀ ਸਮਾਨਤਾ ਤਾਂ ਨਿਰਵਿਵਾਦ ਹੈ।

ਨਿਆਂ ਵਿਵਸਥਾ ਦੇ ਸੰਬੰਧ ਵਿਚ ਵੀ ਮਨੂੰ ਅਤੇ ਕੌਟਲਿਆ ਦੇ ਵਿਚਾਰ ਕਾਫੀ ਮਿਲਦੇ ਹਨ। ਦੋਵੇਂ ਹੀ ਇਹ ਮੰਨਦੇ ਹਨ ਕਿ ਨਿਆਂਇਕ ਕੰਮਾਂ ਵਿਚ ਨਿਰਪੱਖਤਾ ਬਹੁਤ ਜ਼ਿਆਦਾ ਮਹੱਤਵਪੂਰਨ ਹੈ। ਕੌਟਲਿਆ ਨੇ ਨਿਆਂ ਪ੍ਰਸ਼ਾਸਨ ਨੂੰ ਵਿਵਹਾਰ ਅਤੇ ਦੰਡ ਦੋ ਹਿੱਸਿਆ ਵਿਚ ਵੰਡਿਆ ਹੈ ਅਤੇ ਕ੍ਰਮ ਅਨੁਸਾਰ ਧਰਮ ਸੰਸਥਾ ਅਤੇ ਦੁੱਖ ਨਿਵਾਰਥ ਕਚਹਿਰੀਆਂ ਦੇ ਸੰਗਠਨ ਦਾ ਵਿਸਤ੍ਰਿਤ ਵਰਣਨ ਕੀਤਾ ਹੈ। ਜਿਨਾਂ ਦਾ ਕੰਮ ਇਹ ਦੋ ਪ੍ਰਕਾਰ ਦਾ ਨਿਆਂ ਪ੍ਰਦਾਨ ਕਰਨਾ ਹੈ। ਮਨੂੰ ਨੇ ਨਿਆਂ ਪ੍ਰਸ਼ਾਸਨ ਦਾ ਭਾਰ ਰਾਜੇ ਉੱਪਰ ਛੱਡਿਆ ਹੈ। ਮਨੂੰ ਅਤੇ ਕੌਟਲਿਆ ਦੋਹਾਂ ਨੇ ਹੀ ਦੰਡ ਵਿਵਸਥਾ ਵਿਚ ਬ੍ਰਾਹਮਣਾਂ ਅਤੇ ਹੋਰ ਵਰਣਾਂ ਦੇ ਨਿਰਧਾਰਿਤ ਦੰਡਾਂ ਵਿਚ ਕੁੱਝ ਅੰਤਰ ਰੱਖਿਆ ਹੈ।

ਕਰ ਵਿਵਸਥਾ ਦੇ ਸੰਬੰਧ ਵਿਚ ਵੀ ਮਨੂੰ ਅਤੇ ਕੌਟਲਿਆ ਦੇ ਵਿਚਾਰਾਂ ਵਿਚ ਬੜੀ ਸਮਾਨਤਾ ਹੈ। ਦੋਨਾਂ ਦੇ ਅਨੁਸਾਰ ਕਰ ਲੈਣ ਦਾ ਉਦੇਸ਼ ਪਰਜਾ ਦੀ ਸੁਰੱਖਿਆ ਹੈ ਅਤੇ ਰਾਜੇ ਦੁਆਰਾ ਕਰ ਥੋੜਾ ਥੋੜਾ ਹੀ ਲਿਆ ਜਾਣਾ ਚਾਹੀਦਾ ਹੈ। ਅੰਤਰ ਵਿਚ ਅੰਤਰ ਰਾਜੀ ਸੰਬੰਧਾਂ ਦੇ ਖੇਤਰ ਵਿਚ ਵੀ ਇਹ ਦੋਨੋਂ ਸਮਾਨ ਵਿਚਾਰ ਰੱਖਦੇ ਹਨ। ਦੋਹਾਂ ਨੇ ਹੀ ਇਸ ਸੰਬੰਧ ਵਿਚ ਮੰਡਲ ਸਿਧਾਂਤ ਅਤੇ ਸਾਮ, ਦਾਮ, ਦੰਡ ਅਤੇ ਭੇਦ ਦੇ ਉਪਾਵਾਂ ਦਾ ਵਰਣਨ ਕੀਤਾ ਹੈ।

ਇਸ ਪ੍ਰਕਾਰ ਇਹਨਾਂ ਦੋ ਪ੍ਰਾਚੀਨ ਭਾਰਤੀ ਵਿਦਵਾਨਾਂ ਦੀ ਵਿਚਾਰਧਾਰਾ ਵਿਚ ਸਮਾਨਤਾਵਾਂ ਜ਼ਿਆਦਾ ਮਹੱਤਵਪੂਰਨ ਹਨ ਅਤੇ ਅਸਮਾਨਤਾਵਾਂ ਇਸ ਦੇ ਮੁਕਾਬਲੇ ਵਿਚ ਘੱਟ ਮਹੱਤਵ ਰੱਖਦੀਆਂ ਹਨ। ਅਗਲੇ ਕੁੱਝ ਪਾਠਾਂ ਵਿਚ ਕੌਟਲਿਆ ਦੀ ਰਾਜਨੀਤਿਕ ਵਿਚਾਰਧਾਰਾ ਦੀ ਚਰਚਾ ਹੈ, ਜਿਹਨਾਂ ਨੂੰ ਪੜ੍ਹ ਕੇ ਤੁਹਾਨੂੰ ਇਹਨਾਂ ਦੋਹਾਂ ਵਿਚਾਰਕਾਂ ਵਿਚ ਸਮਾਨਤਾਵਾਂ ਤੇ ਅਸਮਾਨਤਾਵਾਂ ਬਾਰੇ ਹੋਰ ਵੀ ਸਪਸ਼ਟ ਜਾਣਕਾਰੀ ਹੋ ਜਾਵੇਗੀ।